
INTERNATIONAL MAGAZINE
RNI No. 61816/95
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥
ਆਤਮ ਮਾਰਗ
ਜੁਲਾਈ 2023
'ਸ੍ਰੀ ਹਰਿਕ੍ਰਿਸ਼ਨ ਧਿਆਈਐ
ਜਿਸ ਡਿਠੈ ਸਭ ਦੁਖ ਜਾਏ'

ਟਰੱਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਸਤਿਕਾਰਯੋਗ ਸੰਤ ਬਾਬਾ ਲਖਬੀਰ ਸਿੰਘ ਜੀ
ਨੀਲੋਂ ਖੁਰਦ (ਨੇੜੇ ਲੁਧਿਆਣਾ) ਅਸਥਾਨ ਤੇ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹੋਏ।
ਕੀਰਤਨ ਦਾ ਅਨੰਦ ਮਾਣਦੀਆਂ ਸੰਗਤਾਂ



# ਆਤਮ ਮਾਰਗ

ਸਾਲ-ਉਨੱਤੀਵਾਂ, ਮਹੀਨਾ-ਜੁਲਾਈ, 2023
ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

**ਚੇਅਰਮੈਨ**
ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ**
ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ
ਭਾਈ (ਡਾ.) ਸੁਖਵਿੰਦਰ ਸਿੰਘ

ਚੀਫ ਐਡੀਟਰ
ਡਾ. ਜਗਜੀਤ ਸਿੰਘ

## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

**ਫੋਨ :-** 84378-12900, 94172-14391, 94172-14379
**Email :**atammarg1@yahoo.co.in

Registration Under Foreign Contribution (Regulation) Act 1976 R. No. 115320023

**Postal Address for any Enquiry, Money Order, Cheque and drafts :**
**'ATAM MARG' MAGAZINE**
Gurdwara Ishar Parkash, Ratwara Sahib
(New Chandigarh) P.o. Mullanpur Garibdas, Teh. Kharar, Distt. S.A.S Nagar
(MOHALI) - 140901, Pb. India

**SUBSCRIPTION – ਚੰਦਾ – (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 years) |
|---|---|
| 4500/- | 45000/- |

ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

## Media Broadcast (Ratwara Sahib)

Please visit us on internet at :-
For Atam Marg Email : atammarg1@yahoo.co.in,
Website & Live video -
www.ratwarasahib.org
www.ratwarasahib.com
www.ratwarasahib.in
Apps: RATWARASAHIB TV (for both apple & andriod) (Availeble 24 Hours)
Email : sratwarasahib.in@gmail.com
Live Programme & Cable Tv Network
98728-14385, 94172-14385
98147-12900

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ – ਭਾਈ ਅਮਰਦੀਪ ਸਿੰਘ ਅਟਵਾਲ
001-408-393-8199

ਕਨੇਡਾ – ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ – ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

**ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ – ਸੰਪਰਕ ਨੰਬਰ –**
9417214378, 9417214384

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ:9592212900
6. ਬੀਐਡ ਕਾਲਜ ਅਤੇ ਨਰਸਿੰਗ ਕਾਲਜ 9417214382
8. ਬਿਰਧ ਆਸ਼ਰਮ 9815728220

**ਵਿਸ਼ੇਸ਼ ਜਾਣਕਾਰੀ ਲਈ**

ਸ੍ਰੀ ਮਾਨ ਜੀ - 98551-32009
ਸ੍ਰੀ ਅਖੰਡਪਾਠ ਸਾਹਿਬ ਸੇਵਾ - 94647-12900

ਹੋਰ ਸੰਪਰਕ ਨੰਬਰ
98889-10777, 96461-01996, 9417214381

# ਤੱਤਕਰਾ


| | | |
|---|---|---|
| 1. | **ਸੰਪਾਦਕੀ** | 5 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 2. | **ਬਾਰਹ ਮਾਹਾ** | 7 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 3. | **ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ** | 10 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | **ਜਿਥੈ ਆਤਮ ਰਾਮ ਪ੍ਰਗਾਸੁ** | 21 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | **ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ** | 33 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 6. | **ਸ਼ਹੀਦ ਭਾਈ ਤਾਰੂ ਸਿੰਘ ਜੀ** | 37 |
| | *ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ* | |
| 7. | **ਗੁਰਬਾਣੀ ਅਰਥ ਭੰਡਾਰ** | 42 |
| | *ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ* | |
| 8. | **ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ** | 45 |
| | *ਡਾ. ਸਰਬਜਿੰਦਰ ਸਿੰਘ* | |
| 9. | **ਜਨ ਪਰਉਪਕਾਰੀ ਆਏ** | 46 |
| | *ਪ੍ਰੋ. ਗੁਰਦੇਵ ਸਿੰਘ* | |
| 10. | **ਗੁਰ ਨਾਨਕ ਆਗਮਨ** | 49 |
| | *ਡਾ. ਭਾਈ ਵੀਰ ਸਿੰਘ ਜੀ* | |
| 11. | **ਜਪੁਜੀ ਸਾਹਿਬ ਦੀ ਮੂਲ ਵਿਚਾਰਧਾਰਾ** | 53 |
| | *ਡਾ. ਜਗਜੀਤ ਸਿੰਘ* | |
| 12. | **ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ** | 56 |

# ਸੰਪਾਦਕੀ

## ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ

*ਭਾਈ (ਡਾ.) ਸੁਖਵਿੰਦਰ ਸਿੰਘ*

ਭਾਰਤ ਵਰਸ਼ ਦੀਆਂ ਰੁੱਤਾਂ ਦੀ ਵੰਡ ਅਨੁਸਾਰ ਜੁਲਾਈ-ਅਗਸਤ ਵਿਚ ਬਰਸਾਤ ਰੁੱਤ ਮੰਨੀ ਗਈ ਹੈ। ਇਸ ਰੁੱਤ ਤੋਂ ਪਹਿਲਾਂ ਵਾਤਾਵਰਨ ਵਿਚ ਤਪਸ਼ ਹੋਣ ਕਾਰਨ ਤਮਾਮ ਬਨਸਪਤੀ ਸੁੱਕ ਕੇ ਮੁਰਝਾ ਜਾਂਦੀ ਹੈ। ਗਰਮੀ/ਤਪਸ਼ ਨਾਲ ਧਰਤੀ ਉਤੇ ਅਤੇ ਇਸ ਦੇ ਅੰਦਰ ਰਹਿਣ ਵਾਲੇ ਜੀਵ ਜੰਤੂ ਪਾਣੀ ਦੀ ਅਣਹੋਂਦ ਕਾਰਨ ਹਾਲੋਂ ਬੇਹਾਲ ਹੋਏ ਹੁੰਦੇ ਹਨ। ਸਾਲ ਦੀ ਗਰਮੀ ਨੇ ਵਾਤਾਵਰਣ ਵਿਗਿਆਨੀਆਂ ਅਨੁਸਾਰ ਪਿਛਲੇ 122 ਸਾਲ ਦਾ ਰਿਕਾਰਡ ਤੋੜਿਆ ਸੀ। ਭਾਵ ਸੰਨ 1901 ਵਿਚ ਅਪ੍ਰੈਲ-ਮਈ ਵਿਚ ਇਤਨੀ ਜ਼ਿਆਦਾ ਗਰਮੀ ਪਈ ਸੀ। ਜੁਲਾਈ ਮਹੀਨੇ ਵਿਚ ਬਾਰਿਸ਼ ਦੀ ਆਮਦ ਹੁੰਦੀ ਹੈ। ਤਮਾਮ ਵਾਤਾਵਰਣ ਤੇ ਬਨਸਪਤੀ ਵਿਚ ਨਵੀਂ ਰੌਂ ਰੁਮਕਦੀ ਹੈ। ਸਾਰਾ ਆਲਾ ਦੁਆਲਾ ਬਾਰਿਸ਼ ਨਾਲ ਸਰਸ਼ਾਰ ਹੋ ਕੇ ਹਰਾ ਭਰਾ ਹੋ ਜਾਂਦਾ ਹੈ। ਨਵੀਆਂ ਕਰੂੰਬਲਾਂ ਫੁੱਟਦੀਆਂ ਹਨ। ਨੀਵੇਂ ਥਾਂ ਪਾਣੀ ਨਾਲ ਭਰ ਜਾਂਦੇ ਹਨ। ਲੰਮੇ ਸਮੇਂ ਤਕ ਇਹਨਾਂ ਨੀਵੇਂ ਟੋਇਆਂ ਵਿਚੋਂ ਪਾਣੀ ਖਤਮ ਨਹੀਂ ਹੁੰਦਾ। ਭਾਵ ਇਹ ਤਰ ਰਹਿੰਦੇ ਹਨ। ਇਸੇ ਤਰ੍ਹਾਂ ਦਾ ਵਰਤਾਰਾ ਮਨੁੱਖੀ ਮਨ 'ਤੇ ਵੀ ਵਾਪਰਦਾ ਹੈ। ਮਨੁੱਖੀ ਮਨ ਦੀ ਇਹ ਮਨੋ ਵਿਗਿਆਨਕ ਦਸ਼ਾ ਹੈ ਕਿ ਵਾਤਾਵਰਣ ਵਿਚ ਹੋ ਰਹੇ ਬਦਲਾਅ ਇਸ ਦੇ ਮਨ 'ਤੇ ਵੀ ਅਸਰ ਕਰਦੇ ਹਨ। ਪਸ਼ੂ, ਪੰਛੀ ਵੀ ਬਦਲ ਰਹੇ ਮੌਸਮ ਦਾ ਅਸਰ ਕਬੂਲਦੇ ਹਨ - ***'ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।' (ਭਾਈ ਗੁਰਦਾਸ ਜੀ)*** ਇਤਿਆਦਿਕ ਅਨੇਕਾਂ ਪ੍ਰਮਾਣ ਪਵਿੱਤਰ ਗੁਰਬਾਣੀ ਵਿਚ ਵੀ ਮਿਲਦੇ ਹਨ ਜਿਨ੍ਹਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸਭ ਜੀਵ ਜੰਤੂ, ਪਸ਼ੂ ਪੰਛੀ ਸਭ ਮੌਸਮ ਦੇ ਬਦਲਾਅ ਦਾ ਅਸਰ ਕਬੂਲਦੇ ਹਨ, ਫਿਰ ਮਨੁੱਖ ਵੀ ਕਿਉਂ ਨਾ ਕਬੂਲੇ। ਵਾਤਾਵਰਣ ਵਿਚ ਹੋ ਰਹੇ ਬਦਲਾਅ ਦਾ ਅਸਰ ਮਨੁੱਖ ਦੇ ਮਨ 'ਤੇ ਵੀ ਪ੍ਰਭਾਵ ਛੱਡਦਾ ਹੈ।

ਕੁਦਰਤ ਦੇ ਮੌਸਮੀ ਬਦਲਾਅ ਨਿਯਮ ਨੂੰ ਸਮਝਣ ਨਾਲ ਮਨੁੱਖੀ ਮਨ ਦੇ ਸੁਭਾਅ ਨੂੰ ਸਮਝਣਾ ਹੋਰ ਵੀ ਸੁਖੈਲਾ ਹੋ ਜਾਂਦਾ ਹੈ। ਮਨੁੱਖੀ ਮਨ ਦਾ ਵਰਤਾਰਾ ਤਮਾਮ ਆਤਮ ਮਾਰਗੀ ਪੈਂਡਿਆਂ ਤੇ ਰੂਹਾਨੀਅਤ ਦਾ ਸਾਰ ਹੈ। ਇਹ ਮਨ ਵੀ ਕਦੇ ਖੁਸ਼ਕ ਹੁੰਦਾ ਹੈ ਤੇ ਕਦੇ ਤਰ। ਇਸ ਦੀ ਤੁਲਨਾ ਪਾਰੇ ਨਾਲ ਕੀਤੀ ਗਈ ਹੈ। ਭਾਵ ਇਹ ਸਦਾ ਥਿਰ ਨਹੀਂ। ਇਕ ਥਾਂ ਤੇ ਟਿਕਦਾ ਨਹੀਂ-

*ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ ॥*
*ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥ ੮੬ ॥*
*ਅੰਗ - ੧੩੬੯*

*ਮਨੂਆ ਦਹ ਦਿਸ ਧਾਵਦਾ ਓਹੁ ਕੈਸੇ ਹਰਿ ਗੁਣ ਗਾਵੈ ॥*
*ਅੰਗ - ੫੬੫*

*ਸਾਧੋ ਇਹੁ ਮਨੁ ਗਹਿਓ ਨ ਜਾਈ ॥*
*ਚੰਚਲ ਤ੍ਰਿਸਨਾ ਸੰਗਿ ਬਸਤੁ ਹੈ*
*ਯਾ ਤੇ ਥਿਰੁ ਨ ਰਹਾਈ ॥ ੧ ॥ ਰਹਾਉ ॥*
*ਅੰਗ - ੨੧੯*

ਮਨੁੱਖ ਦੇ ਮਨ ਦਾ ਬੁਨਿਆਦੀ ਸੁਭਾਅ ਹੈ ਟਿਕ ਕੇ ਨਾ ਬਹਿਣਾ। ਜਨਮਾਂ-ਜਨਮਾਂ ਦੀ ਭਟਕਣਾ ਲੱਗੀ ਹੋਈ ਹੈ। ਸੁੱਕਾ ਮਨ ਹੀ ਭਟਕਦਾ ਹੈ। ਜਦੋਂ ਇਹ ਨਾਮ ਬਾਣੀ ਨਾਲ ਸਰਸ਼ਾਰ ਹੋ ਗਿਆ ਤਾਂ ਫਿਰ ਇਸ ਦਾ ਖੁਸ਼ਕਪੁਣਾ ਦੂਰ ਹੋ ਕੇ ਤਰ ਅਵਸਥਾ ਬਣ ਜਾਵੇਗੀ-

*ਮਨੁ ਸੁਕਾ ਹਰਿਆ ਹੋਇਆ ਮੇਰੀ ਜਿੰਦੁੜੀਏ*
*ਹਰਿ ਹਰਿ ਨਾਮੁ ਧਿਆਏ ਰਾਮ ॥ ਅੰਗ- ੫੩੮*

ਜਦੋਂ ਸਮਰੱਥ ਸਤਿਗੁਰੂ ਤੋਂ ਨਾਮ ਦੀ ਦਾਤ ਲੈ ਕੇ ਨਾਮ ਦਾ ਅਭਿਆਸ ਹੁੰਦਾ ਹੈ, ਇਹ ਮਨ ਸਰਸ਼ਾਰ ਹੋਣਾ ਸ਼ੁਰੂ ਹੋ ਜਾਂਦਾ ਹੈ। ਫਿਰ ਇਸ 'ਤੇ ਅੰਮ੍ਰਿਤ ਰੂਪੀ ਬਾਰਿਸ਼ ਹੋਣੀ ਸ਼ੁਰੂ ਹੁੰਦੀ ਹੈ। ਇਹ ਅੰਮ੍ਰਿਤ ਬੂੰਦ ਦੀ ਸੋਝੀ ਸਾਧੂਆਂ/ਸੰਤਾਂ ਦੀ ਸੰਗਤ ਵਿਚ ਜਾ ਕੇ ਪ੍ਰਾਪਤ ਹੁੰਦੀ ਹੈ -

*ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥*
*ਅੰਗ- ੧੩੪*

ਇਸ ਅੰਮ੍ਰਿਤ ਬੂੰਦ ਦੀ ਪ੍ਰਾਪਤੀ ਨੂੰ ਹੀ ਆਨੰਦ ਵਾਲੀ ਅਵਸਥਾ ਕਿਹਾ ਗਿਆ ਹੈ।

ਪਰ ਮਨੁੱਖ ਇਸ ਅਨੰਦ ਨੂੰ ਦੁਨਿਆਵੀ ਪਦਾਰਥਾਂ ਵਿਚ ਲੱਭ ਰਿਹਾ ਹੈ। ਅਸਲ ਵਸਤੂ ਇਸ ਦੇ ਆਪਣੇ ਅੰਦਰ ਬਿਰਾਜਮਾਨ ਹੈ ਪਰ ਢੂੰਡ ਬਾਹਰ ਰਿਹਾ ਹੈ -

*ਬਾਹਰਿ ਢੂਢਨ ਤੇ ਛੂਟਿ ਪਰੇ*
*ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥ ਅੰਗ- ੧੦੦੨*

*ਜਿਉ ਕਸਤੂਰੀ ਮਿਰਗੁ ਨ ਜਾਣੈ*
*ਭ੍ਰਮਦਾ ਭਰਮਿ ਭੁਲਾਇਆ ॥ ਅੰਗ- ੬੪੪*

ਇਸ ਦੀ ਹਾਲਤ ਉਸ ਹਿਰਨ ਵਰਗੀ ਹੈ ਜੋ ਕਸਤੂਰੀ ਦੀ ਭਾਲ ਵਿਚ ਬਾਹਰ ਭਟਕਦਾ ਫਿਰਦਾ ਹੈ ਪਰ ਹੈ ਸੀ ਉਸ ਦੇ ਆਪਣੇ ਅੰਦਰ ਹੀ। ਉਸ ਨੂੰ ਅਸਲੀਅਤ ਦਾ ਗਿਆਨ ਨਹੀਂ ਸੀ। ਇਹੀ ਹਾਲਤ ਅਗਿਆਨੀ ਮਨੁੱਖ ਦੀ ਹੈ। ਉਹ ਹਨ੍ਹੇਰੇ ਵਿਚ ਹੱਥ ਮਾਰਦਾ ਹੈ। ਹਨ੍ਹੇਰੇ ਵਿਚ ਕੋਈ ਸੁਖੀ ਨਹੀਂ ਰਿਹਾ-

*ਅੰਧਕਾਰ ਸੁਖਿ ਕਬਹਿ ਨ ਸੋਈ ਹੈ ॥*
*ਰਾਜਾ ਰੰਕੁ ਦੋਊ ਮਿਲਿ ਰੋਈ ਹੈ ॥ ਅੰਗ- ੩੨੫*

ਇਸ ਦੇ ਆਪਣੇ ਅੰਦਰ ਅਨੰਦ ਰੂਪੀ ਅੰਮ੍ਰਿਤ ਦਾ

ਖੂਹ ਭਰਿਆ ਹੈ ਪਰ ਇਸ ਦੀ ਭਾਲ ਬਾਹਰਲੇ ਪਦਾਰਥਾਂ ਵਿਚੋਂ ਜਾਰੀ ਹੈ -

*ਅੰਤਰਿ ਖੂਹਟਾ ਅੰਮ੍ਰਿਤਿ ਭਰਿਆ*
*ਸਬਦੇ ਕਾਢਿ ਪੀਐ ਪਨਿਹਾਰੀ ॥* *ਅੰਗ- ੫੭੦*

ਇਹੋ ਇਸ ਮਨੁੱਖ ਦਾ ਭਰਮ ਹੈ। ਪੰਜ ਭਰਮਾਂ ਵਿਚੋਂ ਇਹ ਵੀ ਇਕ ਭਰਮ ਹੈ ਕਿ ਅਸਲੀਅਤ ਦਾ ਗਿਆਨ ਨਾ ਹੋਣਾ। ਹਨ੍ਹੇਰੇ ਵਿਚ ਪਈ ਰੱਸੀ ਵੀ ਸੱਪ ਨਜ਼ਰ ਆਉਂਦੀ ਹੈ। ਜਦੋਂ ਚਾਨਣ ਹੁੰਦਾ ਹੈ ਤਾਂ ਸੱਪ ਵਾਲੇ ਭਰਮ ਦਾ ਨਾਸ਼ ਹੋ ਕੇ ਅਸਲੀਅਤ ਤੋਂ ਜਾਣੂ ਹੋ ਜਾਂਦਾ ਹੈ -

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥*
*ਅੰਗ - ੨੯੩*

ਦੁਨਿਆਵੀ ਖੁਸ਼ੀਆਂ ਛਿਨ ਭੰਗਰ ਹਨ। ਅਸਲੀ ਖੁਸ਼ੀ ਕਿਸੇ ਵਸਤੂ ਤੇ ਨਿਰਭਰ ਨਹੀਂ ਹੈ। ਇਹ ਤਾਂ ਸੈਭੰ ਹੈ। ਸੁਤੇ ਸਿੱਧ ਆਪਣੇ ਆਪ ਹੈ। ਸਦੀਵੀ ਹੈ। ਸੰਪੂਰਨ ਤੇ ਸੰਪੰਨ ਹੈ। ਇਸੇ ਅਵਸਥਾ ਨੂੰ ਆਨੰਦ ਕਿਹਾ ਜਾਂਦਾ ਹੈ। ਇਹ ਕੋਈ ਸੀਮਿਤ ਸਮੇਂ ਤੇ ਦਾਇਰੇ ਦੀ ਘਟਨਾ ਨਹੀਂ, ਨਿਰੰਤਰਤਾ ਦੀ ਸਥਿਤੀ ਹੈ।

*ਆਨੰਦੁ ਨਿਤ ਮੰਗਲੁ ਗੁਰ ਦਰਸਨੁ ਸਫਲੁ ਸੰਸਾਰਿ ॥*
*ਅੰਗ - ੧੪੦੧*

ਨਿਤ ਮੰਗਲ ਦੀ ਅਵਸਥਾ ਹੈ। ਇਸ ਵਿਚੋਂ ਅੰਮ੍ਰਿਤ ਰਸ ਟਪਕਦਾ ਹੈ -

*ਹਰ ਹਰਾ ਸੁਆਮੀ ਸੁਖਹ ਗਾਮੀ ਅਨਦ ਮੰਗਲ ਰਸੁ ਘਣਾ॥*
*ਅੰਗ - ੮੪੭*

ਦੁਨਿਆਵੀ ਖੁਸ਼ੀਆਂ ਘਟਦੀਆਂ ਵਧਦੀਆਂ ਰਹਿੰਦੀਆਂ ਹਨ। ਕਈ ਵਾਰ ਇਹ ਪਹਿਲਾਂ ਖੁਸ਼ੀਆਂ ਭਾਸਦੀਆਂ ਹਨ। ਬਾਅਦ ਵਿਚ ਦੁਖਾਂ ਦਾ ਕਾਰਨ ਬਣ ਜਾਂਦੀਆਂ ਹਨ। ਪਰ ਅਨੰਦ ਨਾ ਕਦੇ ਘਟਦਾ, ਨਾ ਵਧਦਾ ਹੈ। ਇਹ ਤਾਂ ਇਕ ਸਾਰ ਆਤਮਿਕ ਪ੍ਰਸੰਨਤਾ ਦਾ ਦੀਦਾਰ ਹੈ। ਇਹ ਆਤਮ ਮਾਰਗ ਦੇ ਪੈਂਡੇ 'ਤੇ ਚੱਲਣ ਵਾਲੇ ਜਗਿਆਸੂ ਜਨ ਦੀ ਸਿਖਰ ਪ੍ਰਾਪਤੀ ਹੈ। ਇਸੇ ਅਵਸਥਾ ਨੂੰ ਗੁਰੂ ਤੀਸਰੇ ਪਾਤਸ਼ਾਹ ਧੰਨ ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ ਨੇ ਪ੍ਰਗਟਾਇਆ ਹੈ -

*ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥*
*ਅੰਗ - ੯੧੭*

ਇਸ ਆਨੰਦ ਦੀ ਸੋਝੀ ਸਮਰੱਥ ਸਤਿਗੁਰੂ ਤੋਂ ਨਾਮ ਦੀ ਦਾਤ ਲੈ ਕੇ ਹੁੰਦੀ ਹੈ। ਦੁਨਿਆਵੀ ਖੁਸ਼ੀਆਂ ਅਸਲੀ ਅਨੰਦ ਨਹੀਂ। ਅਸਲੀ ਆਨੰਦ ਦੇ ਭੰਡਾਰੇ ਸਤਿਗੁਰੂ ਪਾਸ ਹਨ -

*ਹਰਿ ਅੰਮ੍ਰਿਤ ਭਗਤਿ ਭੰਡਾਰ ਹੈ*
*ਗੁਰ ਸਤਿਗੁਰ ਪਾਸੇ ਰਾਮ ਰਾਜੇ॥* *ਅੰਗ - ੪੪੯*

ਕਰੀਏ! ਸਤਿਗੁਰੂ ਅੱਗੇ ਅਰਦਾਸ! 'ਆਤਮ ਮਾਰਗ' 'ਤੇ ਚੱਲ ਰਹੇ ਰਾਹੀਆਂ ਨੂੰ ਇਸ ਸਦੀਵੀ ਆਨੰਦ ਦੀ ਪ੍ਰਾਪਤੀ ਇਸੇ ਵਾਰੀ ਵਿਚ ਹੋ ਜਾਵੇ ਜੀ। ਇਹੀ ਆਤਮ ਮਾਰਗ ਅਦਾਰੇ ਦਾ ਉਦੇਸ਼ ਹੈ। 'ਆਤਮ ਮਾਰਗ' ਮੈਗਜ਼ੀਨ ਦੇ ਹਰ ਪੰਨੇ ਦਾ ਇਕ-ਇਕ ਅੱਖਰ ਸਾਨੂੰ ਸਦੀਵੀ ਅਨੰਦ ਵਲ ਪਰੇਰ ਰਿਹਾ ਹੈ। ਪਿਆਰੇ ਮਹਾਂਪੁਰਸ਼ਾਂ ਅਤੇ ਹੋਰ ਸੁਬੁੱਧੀਜੀਵੀ ਵਿਦਵਾਨ ਜਨਾਂ ਦੀਆਂ ਲਿਖਤਾਂ, ਗੁਰੂ ਪ੍ਰੀਤੀ, ਸ਼ਰਧਾ, ਪ੍ਰੇਮ, ਵੈਰਾਗ ਉਤਪੰਨ ਕਰਨ ਦੇ ਸਮਰੱਥ ਹਨ।

ਪਿਛਲੇ 28 ਸਾਲਾਂ ਤੋਂ ਅਨੁਭਵੀ ਪ੍ਰਵਚਨਾਂ ਦਾ ਦਰਿਆ ਰੂਪੀ ਪ੍ਰਵਾਹ ਨਿਰੰਤਰ ਚੱਲ ਰਿਹਾ ਹੈ। ਜੀਵਨ ਦਾ ਕੋਈ ਐਸਾ ਪੱਖ ਨਹੀਂ ਰਿਹਾ ਹੋਵੇਗਾ ਜਿਸ ਦੀ ਸੋਝੀ ਜਗਿਆਸੂ ਜਨਾਂ ਨੂੰ ਨਹੀਂ ਹੋਈ ਹੋਵੇਗੀ। ਜ਼ਿੰਦਗੀ ਦਾ ਸਭ ਤੋਂ ਵੱਡਾ ਕਾਰਜ ***'ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥'*** *(ਅੰਗ-੧੨)* ਹੈ। ਇਸ ਕਾਰਜ ਦੀ ਸਿੱਧੀ ਲਈ ਆਤਮ ਮਾਰਗ ਦਾ ਇਕ-ਇਕ ਬਚਨ ਲਾਹੇਵੰਦ ਹੈ। ਪ੍ਰੇਰਨਾ ਦਾ ਸ੍ਰੋਤ ਹੈ। ਆਉ ਜੁੜੀਏ! ਨਾਮ ਬਾਣੀ ਨਾਲ। ਕਰੀਏ ਜ਼ਿੰਦਗੀ ਨੂੰ ਸਰਸ਼ਾਰ। ਇਹੀ ਸਦੀਵੀ ਤੇ ਅੰਤਿਮ ਸੱਚ ਹੈ।

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

**1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।**

**2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।**

**3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਨ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।**

# ਸਾਵਣਿ
# ਸੰਗਰਾਂਦ - ਜੁਲਾਈ 16 (ਦਿਨ ਐਤਵਾਰ)

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

***ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥***
***ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥***
***ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ॥***
***ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥***
***ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ॥***
***ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ॥***
***ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ॥***
***ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ॥***
***ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ॥***
***ਅੰਗ - ੧੩੪***

ਹਾੜ ਦਾ ਮਹੀਨਾ ਉਨ੍ਹਾਂ ਨੂੰ ਤਪਦਾ ਪ੍ਰਤੀਤ ਨਾ ਹੋਇਆ ਜਿਨ੍ਹਾਂ ਨੇ ਅੰਦਰ ਵਾਹਿਗੁਰੂ ਜੀ ਦੇ ਚਰਨਾਂ ਦਾ ਵਾਸਾ ਸਾਖਸ਼ਾਤ ਰੂਪ ਵਿਚ ਪ੍ਰਗਟ ਤੱਕਿਆ। ਜਿਵੇਂ ਹਾੜ੍ਹ ਦੇ ਮਹੀਨੇ ਅੱਧੇ ਹਾੜ੍ਹ ਤੋਂ ਘਟਾਂ ਉਮੰਡ ਪੈਂਦੀਆਂ ਹਨ ਅਤੇ ਬੱਦਲ ਅਸਮਾਨ ਨੂੰ ਢੱਕ ਲੈਂਦੇ ਹਨ, ਠੰਢੀ ਵਾਯੂ ਰੁਮਕ ਪੈਂਦੀ ਹੈ, ਮੀਂਹ ਵਰ੍ਹਦੇ ਹਨ, ਨਦੀਆਂ, ਨਾਲੇ ਉਛਲ-ਉਛਲ ਕੇ ਚਲਦੇ ਹਨ, ਜੀਵ ਜੰਤੂ ਸੁਖ ਦਾ ਸਾਹ ਲੈਂਦੇ ਹਨ ਅਤੇ ਧਰਤੀ ਉਪਰ ਹਰਿਆਵਲ ਦ੍ਰਿਸ਼ਟੀਗੋਚਰੇ ਹੋਣ ਲਗ ਜਾਂਦੀ ਹੈ। ਸਾਰੀ ਪ੍ਰਕ੍ਰਿਤੀ ਮੀਂਹ ਦਾ ਮਿਲਾਪ ਹੋਣ ਨਾਲ ਨਿਖਾਰ ਵਿਚ ਆ ਜਾਇਆ ਕਰਦੀ ਹੈ। ਪਹਾੜਾਂ ਦੀਆਂ ਚੋਟੀਆਂ, ਕੁਠਾਰਾਂ ਧੋ ਹੋ ਜਾਂਦੀਆਂ ਹਨ, ਦਰਖਤਾਂ ਦੇ ਮੁਰਝਾਏ ਹੋਏ ਪੱਤੇ ਹਨੇਰ੍ਹੀਆਂ ਚਲ ਕੇ ਧੂੜ ਨਾਲ ਲੱਥ-ਪੱਥ ਹੋਏ ਧੋਤੇ ਜਾਂਦੇ ਹਨ ਅਤੇ ਨਿਖਰ ਕੇ ਝੂੰਮਣੀਆਂ ਵਿਚ ਆ ਜਾਂਦੇ ਹਨ। ਪਾਂਧੀ ਅਰਾਮ ਕਰਨ ਲਈ ਨਿਖਰੇ ਹੋਏ ਬ੍ਰਿਛਾਂ ਹੇਠ ਬੈਠ ਕੇ ਅਰਾਮ ਕਰਦੇ ਹਨ। ਇਸ ਵਾਤਾਵਰਨ ਦਾ ਅਸਰ, ਇਸ ਨਿਖਾਰ ਦਾ ਦ੍ਰਿਸ਼, ਆਦਮੀ ਦੇ ਸਰੀਰ ਅੰਦਰ ਇਕ ਅਜੀਬ ਹੀ ਅਸਰ ਪੈਦਾ ਕਰਿਆ ਕਰਦਾ ਹੈ। ਜੇਠ ਤੇ ਹਾੜ੍ਹ ਦੀ ਤਪਸ਼ ਵਿਚ ਇਹ ਤਬਦੀਲੀ ਆਦਮੀ ਦੇ ਅੰਦਰ ਇਕ ਝੁਣ-ਝੁਣੀ ਵੀ ਪੈਦਾ ਕਰਦੀ ਹੈ ਅਤੇ ਸਾਵਣ ਸ਼ੁਰੂ ਹੁੰਦੇ ਹੀ ਸਾਰਾ ਵਾਤਾਵਰਨ ਬਦਲ ਜਾਇਆ ਕਰਦਾ ਹੈ। ਪਤੀ ਦੇ ਮਿਲਾਪ ਵਿਚ ਵਿਆਕੁਲ ਹੋਈ ਸੁਹਾਗਣ ਇਸ ਠੰਢਕ ਨੂੰ ਮਹਿਸੂਸ ਕਰਕੇ ਪਿਆਰ ਦੇ ਰੰਗ ਵਿਚ ਰੱਤੀ ਜਾਂਦੀ ਹੈ ਅਤੇ ਖੇੜਾ ਉਸ ਤੋਂ ਸਾਂਭਿਆ ਨਹੀਂ ਜਾਂਦਾ, ਉਸ ਦਾ ਰੋਮ-ਰੋਮ ਖਿੜਦਾ ਹੈ; ਉਹ ਖਿੜ ਜਾਂਦੀ ਹੈ -

***ਸਾਵਣਿ ਸਰਸੀ ਕਾਮਣੀ***
***ਚਰਨ ਕਮਲ ਸਿਉ ਪਿਆਰੁ॥***
***ਅੰਗ - ੧੩੪***

ਇਸ ਤਰ੍ਹਾਂ ਪ੍ਰਭੂ ਦੇ ਪਿਆਰ ਵਿਚ ਤੜਫ ਰਹੇ ਪਿਆਰੇ ਇਸ ਠੰਢਕ ਨੂੰ ਮਹਿਸੂਸ ਕਰਦੇ ਹਨ। ਪਿਆਰ ਦੀਆਂ ਖਿੱਚਾਂ ਉਨ੍ਹਾਂ ਦੇ ਜੀਵਨ ਨੂੰ ਕਿਸੇ ਖਾਸ ਰੰਗ ਵਿਚ ਰੰਗ ਦਿੰਦੀਆਂ ਹਨ ਅਤੇ ਨਾਮ ਧੁਨ ਇਸ ਪਿਆਰ ਵਿਚੋਂ ਗੂੰਜਦੀ ਹੈ ਅਤੇ ਪ੍ਰਭੂ ਨੂੰ ਅੰਤਸ਼ਕਰਣ ਦੀ ਸੇਜਾ ਉਤੇ ਆਇਆ ਮਹਿਸੂਸ ਕਰਦੇ ਹਨ। ਇਸ ਸੱਚੇ ਪਿਆਰ ਵਿਚ ਮਨ ਤੇ ਤਨ ਭਿੱਜ ਜਾਂਦਾ ਹੈ ਅਤੇ ਇਹ ਪਿਆਰ, ਇਹ ਨਾਮ ਧੁਨ ਉਸਦੇ ਜੀਵਨ ਦਾ ਅਧਾਰ ਬਣ ਜਾਂਦਾ ਹੈ-

***ਮਨੁ ਤਨੁ ਰਤਾ ਸਚ ਰੰਗਿ***
***ਇਕੋ ਨਾਮੁ ਅਧਾਰੁ॥ ਅੰਗ - ੧੩੪***

ਉਸ ਜਗਿਆਸੂ ਦਾ ਜੀਅ ਕਰਦਾ ਹੈ ਕਿ ਹੁਣ ਮੇਰੇ ਨਾਲੋਂ ਪ੍ਰਭੂ ਇਕ ਛਿਨ ਵੀ ਦੂਰ ਨਾ ਹੋਵੇ ਅਤੇ ਮੈਂ ਇਸ ਪਿਆਰ ਦੇ ਰੰਗ ਨੂੰ ਆਪਣੇ ਅੰਤਸ਼ਕਰਣ ਦੀ ਸੇਜਾ ਉਪਰ ਜੀਅ ਭਰ ਕੇ ਮਾਣਾਂ। ਉਸਨੂੰ ਪ੍ਰਤੱਖ ਰੂਪ ਵਿਚ ਮਾਇਆ ਦੇ ਪਿਆਰ ਅਤੇ ਵਾਹਿਗੁਰੂ ਜੀ ਦੇ ਪਿਆਰ ਦਾ ਫਰਕ ਮਹਿਸੂਸ ਹੋ ਜਾਇਆ ਕਰਦਾ ਹੈ। ਮਾਇਆ ਦੇ ਰੰਗ ਸਾਰੇ ਫਿੱਕੇ ਹਨ, ਇਹ ਕੁਸੰਭੇ ਦੇ ਰੰਗ ਵਾਂਗੂੰ ਕੱਚੇ ਰੰਗ ਹਨ। ਇਕ ਛਿਨ ਲਈ ਚੜ੍ਹਦੇ ਹਨ ਤੇ ਦੂਜੇ ਛਿਨ ਉਤਰ ਜਾਂਦੇ

ਹਨ ਪਰ ਉਹ ਸੁਭਾਗੇ ਹਨ, ਜਿਹੜੇ ਨਾਮ ਦੇ ਰੰਗ ਵਿਚ ਰੰਗੇ ਗਏ ਹਨ। ਇਹ ਰੰਗ ਕਦੇ ਮੈਲਾ ਨਹੀਂ ਹੁੰਦਾ ਅਤੇ ਨਾ ਹੀ ਲਹਿੰਦਾ ਹੈ-

***ਰਾਮ ਰੰਗੁ ਕਦੇ ਉਤਰਿ ਨ ਜਾਇ।।***
***ਗੁਰੁ ਪੂਰਾ ਜਿਸੁ ਦੇਇ ਬੁਝਾਇ।।***

***ਅੰਗ - ੧੯੪***

ਉਹ ਭਾਗਾਂ ਵਾਲੇ ਹਨ ਜਿਨ੍ਹਾਂ ਨੂੰ ਪ੍ਰਭੂ ਦਾ ਪਿਆਰ ਪ੍ਰਾਪਤ ਹੋ ਜਾਂਦਾ ਹੈ ਅਤੇ ਉਸ ਪਿਆਰ ਨੂੰ ਮਾਣਦੇ ਹਨ। ਉਹ ਪਿਆਰ ਇਕ ਵਾਰੀ ਆ ਗਿਆ ਫੇਰ ਸਾਰੇ ਸਰੀਰ ਦੇ ਅੰਦਰ, ਰਸਨਾ ਦੇ ਅੰਦਰ, ਸਵਾਸਾਂ ਦੇ ਅੰਦਰ, ਪਸ਼ੰਤੀ ਬਾਣੀ ਦੇ ਅੰਦਰ, ਪਰਾ ਬਾਣੀ ਦੇ ਅੰਦਰ, ਆਗਿਆ ਚੱਕਰ ਦੇ ਅੰਦਰ, ਤ੍ਰਿਕੁਟੀ ਦੇ ਅੰਦਰ, ਸਹੰਸਰਾਰ ਦਲ ਕਮਲ ਦੇ ਅੰਦਰ, ਦਸਵੇਂ ਦੁਆਰ ਦੇ ਅੰਦਰ, ਰੋਮ-ਰੋਮ ਵਿਚ, ਕਣ-ਕਣ ਵਿਚ ਸਮਾਅ ਜਾਂਦਾ ਹੈ। ਉਹ ਫੇਰ ਛੱਡ ਨਹੀਂ ਹੁੰਦਾ। ਇਸ ਅੰਮ੍ਰਿਤ ਦੀ ਕੀਮਤ ਦੁਨੀਆਂ ਵਿਚ ਕੋਈ ਨਹੀਂ ਪਾ ਸਕਦਾ -

***ਲਾਲ ਰੰਗੁ ਤਿਸ ਕਉ ਲਗਾ***
***ਜਿਸ ਕੇ ਵਡਭਾਗਾ।।***
***ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ।।***
***ਪ੍ਰਭੁ ਪਾਇਆ ਸੁਖਦਾਈਆ***
***ਮਿਲਿਆ ਸੁਖ ਭਾਇ।।***
***ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ।।***
***ਜਰਾ ਮਰਾ ਨਹ ਵਿਆਪਈ***
***ਫਿਰਿ ਦੂਖੁ ਨ ਪਾਇਆ।।***
***ਪੀ ਅੰਮ੍ਰਿਤੁ ਆਘਾਨਿਆ***
***ਗੁਰਿ ਅਮਰੁ ਕਰਾਇਆ।।***
***ਸੋ ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ।।***
***ਕੀਮਤਿ ਕਹੀ ਨ ਜਾਈਐ***
***ਕਿਆ ਕਹਿ ਮੁਖਿ ਬੋਲਾ।।*** ***ਅੰਗ - ੮੦੮***

***ਕਾਇਆ ਕਾਪਰੁ ਚੀਰ ਬਹੁ ਫਾਰੇ***
***ਹਰਿ ਰੰਗੁ ਨ ਲਹੈ ਸਭਾਗਾ।।***

***ਅੰਗ - ੯੮੫***

ਇਹ ਰੰਗ ਚਲੂਲ ਹੈ, ਇਸ ਰੰਗ ਦੇ ਵਿਚ ਮਸਤੀ ਹੈ। ਇਹ ਪਿਆਰ ਜਦੋਂ ਨੇਤਰਾਂ ਵਿਚ ਵਸਦਾ ਹੈ ਤਾਂ ਆਪਣੇ ਪਿਆਰੇ ਤੋਂ ਬਗੈਰ ਹੋਰ ਕੋਈ ਨਜ਼ਰ ਹੀ ਨਹੀਂ ਆਉਂਦਾ। ਇਹ ਵਧਦਾ ਹੀ ਜਾਂਦਾ ਹੈ -

***ਸਤਿਸੰਗ ਕੀ ਰੇਣੁ ਮੁਖਿ ਲਾਗੀ***
***ਕੀਏ ਸਗਲ ਤੀਰਥ ਮਜਨੀਠਾ।।***
***ਕਹੁ ਨਾਨਕ ਰੰਗਿ ਚਲੂਲ ਭਏ ਹੈ***
***ਹਰਿ ਰੰਗੁ ਨ ਲਹੈ ਮਜੀਠਾ।।***

***ਅੰਗ - ੧੨੧੨***

ਅਨੰਦਪੁਰ ਸਾਹਿਬ ਦੇ ਅੰਦਰ ਭਿਅੰਕਰ ਜੁੱਧ ਹੋ ਰਿਹਾ ਹੈ। ਅੱਜ ਦੇ ਜੁੱਧ ਦੀ ਕਮਾਨ ਮੁਗਲ ਫੌਜਾਂ ਦੇ ਜਰਨੈਲ, ਰੋਪੜ ਦੇ ਪਠਾਣ, ਮੁਗਲ ਖਾਨ ਦੇ ਹੱਥ ਵਿਚ ਹੈ। ਉਸਨੇ ਪ੍ਰਣ ਕੀਤਾ ਹੋਇਆ ਹੈ ਕਿ ਅੱਜ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਜਾਂ ਸ਼ਹੀਦ ਕਰਕੇ ਜਾਂ ਜਿਉਂਦੇ ਫੜ ਕੇ ਵਾਪਸ ਆਵਾਂਗੇ। ਨਹੀਂ ਤਾਂ ਮੈਦਾਨੇ ਜੰਗ ਵਿਚ ਹੀ ਜੂਝ ਕੇ ਮਰ ਜਾਵਾਂਗੇ। ਸਾਰਾ ਦਿਨ ਇਹ ਜੁੱਧ ਬਹੁਤ ਹੀ ਭਿਆਨਕ ਚਲਦਾ ਰਿਹਾ, ਰਾਤ ਪੈ ਗਈ। ਗੁਰੂ ਮਹਾਰਾਜ ਨੇ ਜੁੱਧ ਦਾ ਹਾਲ ਪੁਛਿਆ। ਇਕ ਸ਼ਕਾਇਤ ਹੋਈ ਕਿ ਭਾਈ ਘਨਈਆ ਮੁਗਲਾਂ ਨੂੰ ਯਾਨਿ ਕਿ ਜੋ ਵੀ ਜ਼ਖਮੀ ਹੋ ਕੇ ਗਿਰਦਾ ਸੀ ਉਸ ਦੇ ਮੂੰਹ ਵਿਚ ਪਾਣੀ ਪਾਉਂਦਾ ਸੀ। ਉਹ ਹੋਸ਼ ਵਿਚ ਆ ਕੇ ਫੇਰ ਖੜ੍ਹਾ ਹੋ ਜਾਂਦਾ ਸੀ। ਉਸਨੇ ਮੁਗਲਾਂ ਦੀ ਫੌਜ ਦੇ ਫਟੜਾਂ ਨੂੰ ਪਾਣੀ ਪਿਲਾਇਆ, ਪਹਾੜੀਆਂ ਦੀ ਫੌਜ ਦੇ ਸਿਪਾਹੀਆਂ ਨੂੰ ਪਾਣੀ ਪਿਲਾਇਆ ਹੈ। ਮਹਾਰਾਜ ਜੀ! ਉਸ ਤੋਂ ਪੁੱਛ ਕਰਨੀ ਚਾਹੀਦੀ ਹੈ। ਮਹਾਰਾਜ ਜੀ ਨੇ ਭਾਈ ਘਨਈਆ ਨੂੰ ਬੁਲਾਇਆ ਜੋ ਅਜੇ ਤਕ ਵੱਡੀ ਰਾਤ ਜਾਣ ਦੇ ਵਿਪਰੀਤ ਵੀ ਫੱਟੜਾਂ ਨੂੰ ਟੋਲ੍ਹ-ਟੋਲ੍ਹ ਕੇ ਪਾਣੀ ਪਿਲਾ ਰਿਹਾ ਸੀ। ਦੇਵ ਨੇਤ ਨਾਲ ਉਸੇ ਮੁਗਲ ਜਰਨੈਲ ਖਾਨ ਦੀ ਦੰਦਲ ਭੰਨ ਕੇ, ਉਸ ਦਾ ਸੀਸ ਆਪਣੇ ਪੱਟ ਤੇ ਰੱਖ ਕੇ ਉਸਨੂੰ ਪਾਣੀ ਪਿਲਾ ਰਿਹਾ ਸੀ। ਗੁਰੂ ਸਾਹਿਬ ਦੀ ਹਜ਼ੂਰੀ ਵਿਚ ਆਉਣ ਤੇ ਉਸਨੂੰ ਪੁਛਿਆ ਗਿਆ ਕਿ ਤੂੰ ਪਾਣੀ ਕਿਸਨੂੰ ਪਿਲਾਉਂਦਾ ਸੀ। ਇਸ ਰੰਗ ਰਤੜੇ ਪਿਆਰੇ ਦੇ ਰੋਮ-ਰੋਮ ਵਿਚ ਪ੍ਰਭੂ ਪਿਆਰ ਦੀ ਅਤਿ ਠੰਢੀ ਠਾਰ ਰੌ ਚਲ ਰਹੀ ਸੀ। ਇਸ ਦੇ ਨੇਤਰਾਂ ਦੀ ਮੈਲ ਉਸ ਪਿਆਰੇ ਨੇ ਧੋ ਦਿਤੀ ਸੀ। ਉਸਨੂੰ ਸੰਸਾਰ ਤੋਂ ਵਿਪਰੀਤ ਦਿਸਦਾ ਸੀ। ਉਸ ਨੇ ਗੁਰੂ ਮਹਾਰਾਜ ਜੀ ਨੂੰ ਕਿਹਾ, "ਪਾਤਸ਼ਾਹ! ਮੈਂ ਤੇਰੇ ਪਿਆਰ ਵਿਚ ਰੱਤਿਆ ਗਿਆ ਹਾਂ, ਮੈਨੂੰ ਨਾ ਤੁਰਕ ਦਿਸਦਾ ਹੈ ਅਤੇ ਨਾ ਹੀ ਕੋਈ ਅਤੁਰਕ ਦਿਸਦਾ ਹੈ; ਜੇ ਦਿਸਦਾ ਹੈ ਤਾਂ ਤੇਰਾ ਪਿਆਰਾ ਨੂਰ ਭਰਿਆ ਦੀਦਾਰ ਹੀ ਹੁੰਦਾ ਹੈ, ਮੈਂ ਕੀ ਕਰਾਂ। ਮੇਰੇ ਅੰਦਰ ਹੁਣ ਆਪਣੇ-ਬੇਗਾਨੇ ਦੀ ਪਰਖ ਮਿਟ ਗਈ ਹੈ। ਤੂੰ ਮੇਰੇ ਨੇਤਰਾਂ ਵਿਚ ਪ੍ਰਕਾਸ਼ ਕਰਕੇ ਆਪਣਾ ਹੀ ਰੂਪ ਸਭ ਥਾਂ ਵਿਖਾਉਣਾ ਸ਼ੁਰੂ ਕੀਤਾ ਹੋਇਆ ਹੈ।" ਗੁਰੂ ਮਹਾਰਾਜ ਜੀ ਮੁਸਕਰਾਏ, ਪੱਟੀਆਂ ਤੇ ਮਲ੍ਹਮ ਦੀ ਡੱਬੀ ਫੜਾ ਕੇ ਕਿਹਾ ਕਿ ਮੇਰੇ ਪਿਆਰੇ ਰੰਗ ਰੱਤਿਆ ਸੱਜਣਾਂ! ਤੂੰ ਲਾਲ ਰੰਗ ਵਿਚ ਰੱਤਿਆ ਗਿਆ, ਹੁਣ ਤੂੰ ਮੇਰੇ ਜਖਮ ਸਾਫ ਕਰਕੇ ਮਲ੍ਹਮ ਲਾਈਂ ਅਤੇ ਪੱਟੀਆਂ ਵੀ ਬੰਨ੍ਹੀਂ।

ਇਹ ਹੈ ਅਵਸਥਾ ਉਨ੍ਹਾਂ ਰੰਗ ਰੱਤੜਿਆਂ ਦੀ ਜਿਨ੍ਹਾਂ ਦੇ ਨੇਤਰਾਂ ਤੋਂ ਮਾਇਆ ਦਾ ਕੁਸੰਭਾ ਰੰਗ ਲਹਿ ਚੁੱਕਿਆ ਹੈ। ਮਾਇਆ ਦਾ ਰੰਗ ਉਨ੍ਹਾਂ ਨੂੰ ਵਿਹੁ ਦਾ ਭਰਿਆ ਪ੍ਰਤੀਤ ਦਿੰਦਾ ਹੈ ਅਤੇ ਝੂਠਾ ਰੰਗ ਹੋਣ ਕਰਕੇ ਸੁਆਹ (ਰਾਖ) ਤੋਂ ਵੱਧ ਮੁੱਲ ਨਹੀਂ ਰਖਦਾ। ਉਨ੍ਹਾਂ ਨੂੰ ਮੋਤੀਆਂ ਦੇ ਮੰਦਰ, ਰਤਨਾਂ ਨਾਲ ਜੜੇ ਹੋਏ, ਕਸਤੂਰੀ ਤੇ ਲਪਟਾਂ ਮਾਰਦੀਆਂ

ਸੁਗੰਧੀਆਂ ਕੁਝ ਮਹੱਤਤਾ ਨਹੀਂ ਰਖਦੀਆਂ ਕਿਉਂਕਿ ਉਨ੍ਹਾਂ ਨੇ ਨਾਮ ਦੇ ਰੰਗ ਨੂੰ ਚੱਖ ਲਿਆ ਹੈ, ਮਾਣ ਲਿਆ ਹੈ। ਉਨ੍ਹਾਂ ਨੂੰ ਪਤਾ ਹੈ ਕਿ ਅਸਲੀ ਰੰਗ ਪ੍ਰਭੂ ਦੇ ਪਿਆਰ ਦਾ ਹੈ।

*ਹਰਿ ਬਿਨ ਜੀਉ ਜਲਿ ਬਲਿ ਜਾਉ॥*
*ਮੈ ਆਪਨਾ ਗੁਰੁ ਪੂਛਿ ਦੇਖਿਆ*
*ਅਵਰੁ ਨਾਹੀ ਥਾਉ॥* ***ਅੰਗ - ੧੪***

*ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ॥*
***ਅੰਗ - ੧੩੪***

ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਸ਼ਬਦ, ਸਪਰਸ਼, ਰੂਪ, ਰਸ, ਗੰਧ ਦੇ ਵਿਸ਼ੇ ਉਨ੍ਹਾਂ ਦੇ ਮਨ ਨੂੰ ਰੱਤੀ ਭਰ ਵੀ ਨਹੀਂ ਖਿਚਦੇ ਕਿਉਂਕਿ ਉਨ੍ਹਾਂ ਨੂੰ ਸਭ ਤੋਂ ਉਤਮ ਰਸ ਦਾ ਗਿਆਨ ਹੋ ਗਿਆ ਹੈ। ਦੁਨੀਆਂ ਦੇ ਝੂਠੇ ਤਮਾਸ਼ਿਆਂ ਵਿਚ ਨਹੀਂ ਫਸਦੇ। ਉਹ ਸਾਧੂਆਂ ਦੀ ਸੰਗਤ, ਤੱਤ ਬੇਤੇ ਸਾਧੂਆਂ ਦੀ ਨੇੜਤਾ ਵਿਚ ਰਹਿੰਦੇ ਹਨ ਜਿਥੋਂ ਸੁਆਂਤੀ ਬੂੰਦ ਝਰਦੀ ਹੈ ਅਤੇ ਜਨਮਾਂ-ਜਨਮਾਂਤਰਾਂ ਦੀ ਮੈਲ ਲਹਿ ਜਾਂਦੀ ਹੈ। ਪਿਆਸ, ਭਟਕਣਾ ਬੁਝ ਜਾਂਦੀ ਹੈ।

*ਹਰਿ ਅੰਮ੍ਰਿਤ ਬੂੰਦ ਸੁਹਾਵਣੀ*
*ਮਿਲਿ ਸਾਧੂ ਪੀਵਣਹਾਰੁ॥* ***ਅੰਗ - ੧੩੪***

ਪ੍ਰਭੂ ਕਣ-ਕਣ ਦੇ ਵਿਚ ਦ੍ਰਿਸ਼ਟੀ ਆਉਣ ਲਗ ਜਾਂਦਾ ਹੈ-

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ॥*
*ਧਰਨਿ ਮਾਹਿ ਆਕਾਸ ਪਇਆਲ॥*
*ਸਰਬ ਲੋਕ ਪੂਰਨ ਪ੍ਰਤਿਪਾਲ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥*
*ਜੈਸੀ ਆਗਿਆ ਤੈਸਾ ਕਰਮੁ॥*
*ਪਉਣ ਪਾਣੀ ਬੈਸੰਤਰ ਮਾਹਿ॥*
*ਚਾਰਿ ਕੁੰਟ ਦਹ ਦਿਸੇ ਸਮਾਹਿ॥*
*ਤਿਸ ਤੇ ਭਿੰਨ ਨਹੀ ਕੋ ਠਾਉ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥*
***ਅੰਗ - ੨੯੩***

*ਵਣੁ ਤਿਣੁ ਪ੍ਰਭ ਸੰਗਿ ਮਉਲਿਆ*
*ਸੰਮ੍ਰਥ ਪੁਰਖ ਅਪਾਰੁ॥* ***ਅੰਗ - ੧੩੪***

ਉਹ ਧੰਨ ਹਨ ਜਿਨ੍ਹਾਂ ਦੇ ਅੰਦਰ ਪ੍ਰਭੂ ਮਿਲਾਪ ਦੀ ਇੱਛਾ ਜਾਗ ਪੈਂਦੀ ਹੈ ਕਿਉਂਕਿ ਇਹ ਸਾਵਣ ਦਾ ਮਹੀਨਾ ਮਿਲਾਪ ਲੋਚਦਾ ਹੈ। ਇਸ ਵਿਚ ਭਾਦੋਂ ਵਾਲਾ ਹੁੱਸੜ ਨਹੀਂ ਹੁੰਦਾ। ਠੰਢੀਆਂ ਹਵਾਵਾਂ ਰੁਮਕਦੀਆਂ ਹਨ, ਬਨਸਪਤੀ ਝੂੰਮਦੀ ਹੈ, ਹਰ ਥਾਂ ਆਪਣਾ ਪੂਰਨ ਰੂਪ ਨਗਨ ਰੂਪ ਵਿਚ ਦ੍ਰਿਸ਼ਟੀਗੋਚਰੇ ਹੁੰਦਾ ਹੈ। ਪ੍ਰਭੂ ਦੀ ਯਾਦ ਦੀਆਂ ਝੂੰਮਣੀਆਂ ਅੰਦਰ ਝਰਨ੍ਹਾਟਾਂ ਦਿੰਦੀਆਂ ਮਹਿਸੂਸ ਹੁੰਦੀਆਂ ਹਨ। ਵਾਹਿਗੁਰੂ ਦੀ ਮੇਹਰ ਦੀ ਲੋਚਾ ਕਰਦਾ ਹੈ -

*ਹਰਿ ਮਿਲਣੈ ਨੋ ਮਨੁ ਲੋਚਦਾ*
*ਕਰਮਿ ਮਿਲਾਵਣਹਾਰੁ॥* ***ਅੰਗ -੧੩੪***

ਬਲਿਹਾਰ ਜਾਂਦੇ ਹਾਂ ਉਨ੍ਹਾਂ ਪ੍ਰਭੂ ਪਿਆਰਿਆਂ ਤੋਂ, ਜਿਨ੍ਹਾਂ ਦੇ ਉਤੇ ਪ੍ਰਭੂ ਦੀ ਦ੍ਰਿਸ਼ਟੀ ਹੋ ਗਈ, ਜਿਨ੍ਹਾਂ ਨੂੰ ਮਿਲਾਪ ਦਾ ਰਸ ਪ੍ਰਾਪਤ ਹੋ ਗਿਆ -

*ਜਿਨੀ ਸਖੀਏ ਪ੍ਰਭੁ ਪਾਇਆ*
*ਹੰਉ ਤਿਨ ਕੈ ਸਦ ਬਲਿਹਾਰ॥*
***ਅੰਗ- ੧੩੪***

ਬਲਿਹਾਰ ਜਾਂਦੇ ਹਾਂ ਉਨ੍ਹਾਂ ਪਿਆਰਿਆਂ ਤੋਂ ਜਿਨ੍ਹਾਂ ਨੇ ਜੀਵਨ ਮਨੋਰਥ ਨੂੰ ਪ੍ਰਾਪਤ ਕਰ ਲਿਆ ਹੈ ਅਤੇ ਰਸੀਏ ਹੋ ਕੇ ਆਪਣੇ ਪਿਆਰੇ ਦੇ ਪਿਆਰ ਵਿਚ ਵਿਚਰ ਰਹੇ ਹਨ। ਜਿਨ੍ਹਾਂ ਨੂੰ ਸ਼ਬਦ ਦੀ ਪ੍ਰਾਪਤੀ ਹੋ ਗਈ, ਸ਼ਬਦ ਸਦਕੇ ਉਹ ਸੰਵਾਰੇ ਗਏ -

*ਨਾਨਕ ਹਰਿ ਜੀ ਮਇਆ ਕਰਿ*
*ਸਬਦਿ ਸਵਾਰਣਹਾਰੁ॥* ***ਅੰਗ - ੧੩੪***

ਉਹ ਸੋਹਾਗਣੀਆਂ ਹਨ ਅਤੇ ਉਨ੍ਹਾਂ ਨੇ ਸੁਹਾਗ ਦਾ ਰਸ ਪੂਰੀ ਤਰ੍ਹਾਂ ਨਾਲ ਮਾਣ ਲਿਆ ਹੈ ਜਿਨ੍ਹਾਂ ਦੇ ਹਿਰਦੇ ਵਿਚ ਵਾਹਿਗੁਰੂ ਦੇ ਨਾਮ ਦੀ ਧੁਨ ਸਦਾ ਹੀ ਗੁੰਜਾਰਾਂ ਪਾਉਂਦੀ ਹੈ; ਝਿਮ-ਝਿਮ ਕਰਕੇ ਅੰਮ੍ਰਿਤ ਵਰਸਾਉਂਦੀ ਹੈ ਤੇ ਪਿਆਰ ਦੀਆਂ ਘਟਾਵਾਂ ਉਮੰਡ-ਉਮੰਡ ਕੇ ਆਉਂਦੀਆਂ ਹਨ। ਇਹ ਸਾਵਣ ਦਾ ਮਹੀਨਾ ਉਨ੍ਹਾਂ ਸੁਹਾਗਣਾਂ ਨੂੰ ਸਦਾ ਹੀ ਸਹਾਈ ਬਣਿਆ ਰਹਿੰਦਾ ਹੈ -

*ਸਾਵਣੁ ਤਿਨਾ ਸੁਹਾਗਣੀ*
*ਜਿਨ ਰਾਮ ਨਾਮੁ ਉਰਿ ਹਾਰੁ॥* ***ਅੰਗ - ੧੩੪***

ਰਾਮ ਨਾਮ ਦਾ ਹਾਰ ਜਿਨ੍ਹਾਂ ਦੇ ਗਲ ਵਿਚ ਨਹੀਂ ਸੋਭ ਰਿਹਾ, ਉਹ ਆਪਣੇ ਮਨ ਦੀ ਮਤ, ਫੋਕੀ ਵਿਦਿਆ ਦੀ ਅਗਨ ਅਤੇ ਪਦਾਰਥਾਂ ਦੀ ਲੋਚਾ ਦੀ ਅਗਨ ਵਿਚ ਸੜ ਕੇ ਸੁਆਹ ਬਣੇ ਰਹਿੰਦੇ ਹਨ ਅਤੇ ਜੀਵਨ ਵਿਅਰਥ ਗੁਆ ਕੇ ਸੰਸਾਰ ਤੋਂ ਪਛਤਾਉਂਦੇ ਹੋਏ ਚਲੇ ਜਾਂਦੇ ਹਨ।

ਅਰਦਾਸ ਕਰੀਏ ਕਿ ਹੇ ਮੇਰੇ ਪਿਆਰੇ! ਮੇਰੇ ਅੰਦਰ ਬਾਹਰ ਘਟ-ਘਟ ਵਿਚ ਵਿਆਪਕ, ਮੇਰੇ ਪ੍ਰਮ ਆਪੇ! ਮੈਨੂੰ ਵੀ ਮਾਇਆ ਅਗਨ ਵਿਚੋਂ ਖਿੱਚ ਕੇ, ਇਸ ਚਲੂਲੇ ਰੰਗ ਦੇ ਨਾਲ ਰੰਗ ਦੇ, ਅਤੇ ਆਪਣੇ ਰਸਕ ਬੈਰਾਗੀਆਂ ਦੀ ਸੰਗਤ ਦੇਹ ਜਿਸ ਕਰਕੇ ਮੇਰੇ ਉਤੇ ਵੀ ਸਾਵਣ ਦੀ ਫੁਹਾਰ ਵਾਂਗੂੰ ਉਸ ਨਾਮ ਫੁਹਾਰ ਦਾ ਰਸ ਲੈਣ ਦਾ ਅਵਸਰ ਬਣ ਸਕੇ। ਮੈਂ ਰਸੀਆ ਹੋ ਕੇ ਰੰਗ ਰਤੜਾ ਹੋ ਜਾਵਾਂ, ਇਸ ਹਉਮੈ ਦੀ ਕੋਹਝੀ ਸੁਰਤ ਵਿਚੋਂ ਉਠ ਕੇ ਆਤਮ ਰੰਗ ਦੇ ਹੁਲਾਰੇ ਮਾਣਾਂ। ਇੰਤਜ਼ਾਰ ਕਰਦਿਆਂ ਉਮਰਾਂ ਬੀਤ ਗਈਆਂ। ਹੁਣ ਤੇਰਾ ਜਲਵਾ ਤੱਕਾਂ ਅਤੇ ਤਕਦਾ ਹੀ ਰਹਾਂ। ਮੂਸਾ ਜੀ ਨੇ ਕੋਹੇ-ਤੂਰ ਤੇ ਤੇਰਾ ਜਲਵਾ ਤੱਕਿਆ, ਤੇਰਾ ਹੀ ਬਣ ਗਿਆ।

ਅਸਾਡੀਆਂ ਭੁਲਾਂ ਨਾ ਤੱਕ, ਅਸੀਂ ਭੁੱਲਣ ਵਿਚ ਪੈ

*(ਬਾਕੀ ਪੰਨਾ 36 'ਤੇ)*

# ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

ਸ਼ਾਨ –......................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*

*ਅੰਗ – ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ – ੨੮੯*

*ਧਾਰਨਾ – ਪ੍ਰਭ ਸਭ ਕਿਛੁ ਤੇਰਾ ਜੀ,*
*ਮੈਂ ਕਿਛੁ ਨਾਹੀ–ਮੈਂ ਕਿਛੁ ਨਾਹੀ।*

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ ॥ ੧ ॥ ਰਹਾਉ ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ ॥ ੧ ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥ ੨ ॥ ੧ ॥ ੧੧੭ ॥*

*ਅੰਗ– ੮੨੭*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋਂ। ਕੱਲ੍ਹ ਸਾਰਿਆਂ ਨੂੰ ਹੀ ਪਤਾ ਹੈ, ਵੈਸੇ ਤਾਂ ਹਰ ਸਾਲ ਹੀ ਇਕ ਦਿਨ ਬਾਰਿਸ਼ ਆਇਆ ਕਰਦੀ ਹੈ। ਆਉਂਦੀ ਵੀ ਉਦੋਂ ਹੁੰਦੀ ਹੈ ਜਦੋਂ ਆਪਾਂ ਸਮਾਪਤੀ 'ਤੇ ਪਹੁੰਚਦੇ ਹਾਂ। ਸਵਾਲ ਇਹ ਉਠਦਾ ਹੈ ਕਿ ਇਹ ਮੀਂਹ ਕਿਉਂ ਪੈ ਜਾਂਦੈ ਸਾਡੇ ਉਤੇ। ਹਾਲਾਂਕਿ –

*ਭੈ ਵਿਚਿ ਪਵਣੁ ਵਹੈ ਸਦਵਾਉ ॥*
*ਭੈ ਵਿਚਿ ਚਲਹਿ ਲਖ ਦਰੀਆਉ ॥*
*ਭੈ ਵਿਚਿ ਅਗਨਿ ਕਢੈ ਵੇਗਾਰਿ ॥*
*ਭੈ ਵਿਚਿ ਧਰਤੀ ਦਬੀ ਭਾਰਿ ॥* *ਅੰਗ– ੪੬੪*

ਆਪਣੀ–ਆਪਣੀ ਸੋਚ ਹੁੰਦੀ ਹੈ ਹਰ ਬੰਦੇ ਦੀ। ਇਕਨਾਂ ਦਾ ਤਾਂ ਇਹ ਖਿਆਲ ਹੁੰਦੈ ਕਿ ਕਲਜੁਗ ਦਾ ਸਮਾਂ ਚਲਦਾ ਹੈ। ਕਲਜੁਗ ਸਤਿਸੰਗ ਦੇ ਹੋਣ ਤੋਂ ਬਹੁਤ ਹੀ ਘਬਰਾਉਂਦਾ ਹੈ। ਉਹਦਾ ਜਿੰਨਾਂ ਜ਼ੋਰ ਲਗਦੈ, ਵਿਘਨ ਪਾਉਣ ਦੀ ਕੋਸ਼ਿਸ਼ ਕਰਦੈ। ਇਹ ਗੱਲ ਮੈਂ ਤਾਂ ਮੰਨਦਾ ਨਹੀਂ ਹਾਂ ਕਿਉਂਕਿ ਮੈਨੂੰ ਪਤਾ ਹੈ ਕਿ ਕਲਜੁਗ ਨੇ ਸੱਚੇ ਦਿਲੋਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਸਿੱਖੀ ਧਾਰਨ ਕਰੀ ਸੀ ਅਤੇ ਕਿਹਾ ਸੀ ਕਿ ਮੇਰਾ ਉਧਾਰ ਕਰੋ। ਮਹਾਰਾਜ ਨੇ ਕਿਹਾ ਸੀ ਕਿ ਤੇਰਾ ਉਧਾਰ ਹੋ ਜਾਏਗਾ ਜੇ ਤੂੰ ਸਤਿਸੰਗ ਦੇ ਵਿਚ ਨਾ ਜਾਵੇਂ। ਮੇਰੇ ਗੁਰਸਿੱਖਾਂ ਨੂੰ ਨਾ ਭਟਕਾਵੇਂ। ਉਹਨੇ ਬਚਨ ਦਿਤਾ ਹੋਇਐ। ਇਹ ਗੱਲ ਨਹੀਂ ਹੈ। ਫੇਰ ਹੋਰ ਕੀ ਗੱਲ ਹੋਈ? ਐਨਾ ਮੀਂਹ ਪਿਆ। ਸਾਰਾ ਸਿਸਟਮ ਜਿੰਨਾਂ ਸੀ ਅਸੀਂ 7–8 ਦਿਨ 'ਚ ਜਿੰਨਾ ਬਣਾਇਆ ਸੀ, ਸਾਰਾ ਫੇਲ੍ਹ ਕਰ ਦਿਤਾ। ਮੈਂ ਪਹਿਲਾਂ ਤੋਂ ਹੀ ਲੱਗਿਆ ਹੋਇਆ ਸੀ ਕਿ ਨਵੇਂ ਸ਼ਾਮਿਆਨੇ ਲਿਆਓ। ਦੋ ਲੱਖ ਰੁਪਿਆ ਮੈਂ ਦਿਤਾ, ਉਹਦੇ ਨਾਲ ਵਾਟਰ ਪਰੂਫ ਸ਼ਾਮਿਆਨੇ ਲਿਆਂਦੇ। ਹਰ ਥਾਂ 'ਤੇ ਕੋਸ਼ਿਸ਼ ਕੀਤੀ ਕਿ ਇਥੇ ਵੀ ਪਾਣੀ ਦਾ ਕਤਰਾ ਨਾ ਆਵੇ। ਬਨ੍ਹੇਰਿਆ ਦੇ ਉਤੇ ਵੀ ਗੜ੍ਹਕੇ ਬੰਨ੍ਹੋ, ਥਾਉਂ ਨਾ ਭਿੱਜੇ। ਚਾਰੇ ਪਾਸੇ ਮੈਂ ਆਪ ਦੇਖਦਾ ਰਿਹਾ। ਇਥੇ ਆਇਆ ਹਨ੍ਹੇਰੀ ਆ ਗਈ, ਉਹਨੇ ਸਾਨੂੰ ਦਸ ਦਿਤਾ ਕਿ ਤੁਸੀਂ ਬੰਦੋਬਸਤ ਤਾਂ ਕਰਦੇ ਹੋਂ ਪਰ ਮੇਰੇ ਵਿਚ ਵੀ ਤਾਕਤ ਬਹੁਤ ਹੈ। ਕਿਉਂਕਿ ਸਾਰੇ ਸ਼ਾਮਿਆਨਿਆਂ ਲਈ ਜਿਹੜੇ ਖੰਭੇ ਗੱਡੇ ਸੀ ਲੋਹੇ ਦੇ, ਉਹ ਸਾਰੇ ਇਕ ਥਾਂ ਲਿਆ ਕੇ ਇਕੱਠੇ ਕਰ ਦਿਤੇ। ਸ਼ਾਮਿਆਨੇ ਪਾੜ ਦਿਤੇ। ਆਹ ਜਿਹੜੇ ਬਿਲਕੁਲ ਨਵੇਂ ਸ਼ਾਮਿਆਨੇ ਅਸੀਂ ਲਿਆਏ ਸੀ, ਇਹ ਵੀ ਪਾੜ ਦਿਤੇ। ਮੈਂ ਪਹਿਲਾਂ ਕਦੇ ਨਹੀਂ ਕਿਹਾ, 7 ਸਮਾਗਮ ਹੋਏ। ਮੈਂ ਕਿਹਾ, ਇਥੇ ਇਹਨਾਂ ਨੂੰ ਹੋਰ ਪੱਕੇ ਬਣਾਓ। ਇਹਨਾਂ ਨੇ ਸਮਿੰਟ ਦੇ ਬਣਾਏ, ਇਹਨਾਂ ਵਿਚ ਚਾਰ ਸਰੀਏ ਲਏ। ਆਹ ਜਿਹੜੇ ਲੋਹੇ ਦੇ ਖੰਭੇ ਖੜ੍ਹੇ ਨੇ ਇਹਨਾਂ ਨੂੰ ਬੋਲਟਾਂ ਦੇ ਨਾਲ ਕੱਸਿਆ। ਵਿਚਾਰ ਇਹ ਸੀ ਕਿ ਕੁਛ ਥਾਉਂ ਸਾਡੇ ਕੋਲ ਬਚ ਜਾਏ, ਜਿਥੇ ਜੇ ਮੀਂਹ ਆ ਜਾਵੇ, ਤੁਫਾਨ ਆ ਜਾਵੇ ਤਾਂ ਸੰਗਤ ਕੁਛ ਆਰਾਮ ਕਰ ਲਵੇ।

ਮੇਰਾ ਖਿਆਲ ਜੋ ਹੈ ਉਹ ਇਹ ਹੈ ਕਿ ਬਹੁਤ ਸਾਰੀਆਂ ਸੰਗਤਾਂ ਜਿਨ੍ਹਾਂ ਨੂੰ ਸੇਵਾ ਨਹੀਂ ਸੀ ਮਿਲੀ।

ਕਿਉਂਕਿ ਸੇਵਾ ਤਾਂ ਸਾਰੀ ਇਥੇ ਦੀਆਂ ਸੰਗਤਾਂ ਨੇ ਹੀ ਸਾਂਭ ਲਈ ਸੀ ਸਾਰੀ। ਉਹਨਾਂ ਦੇ ਮਨ ਵਿਚ ਖਿਆਲ ਸੀ ਕਿ ਸਾਨੂੰ ਸੇਵਾ ਕਰਨ ਨੂੰ ਕੋਈ ਸਮਾਂ ਨਹੀਂ ਮਿਲਦਾ। ਮਹਾਰਾਜ ਨੇ ਕਿਹਾ ਕਿ ਸਮਾਂ ਤੁਹਾਨੂੰ ਮੈਂ ਦਿਵਾਉਂਦਾ। ਹੋਇਆ ਕੀ, ਤੜਕੇ ਤੋਂ ਹੀ ਪਾਣੀ ਕੱਢ ਰਹੇ ਨੇ, ਰੇਤਾ ਲਿਆ ਕੇ ਸੁੱਟ ਰਹੇ ਨੇ, ਮਹਾਰਾਜ ਜੀ ਨੇ ਭਰਪੂਰ ਸੇਵਾ ਲੈ ਲਈ ਆਪਣੀ। ਇਹ ਕੋਈ ਗੱਲ ਨਹੀਂ, ਇਸ ਤੋਂ ਅੱਗੇ ਕੋਈ ਗੱਲ ਹੀ ਨਹੀਂ ਹੈ? ਉਹਨਾਂ ਨੇ ਆਪਣੀ ਸੇਵਾ ਦੇਣੀ ਸੀ, ਉਹ ਤੁਸੀਂ ਕਰ ਰਹੇ ਹੋਂ, ਭਾਗਾਂ ਵਾਲਿਆਂ ਨੂੰ ਹੀ ਇਹ ਸੇਵਾ ਮਿਲਦੀ ਹੈ। ਹਰ ਬੰਦੇ ਦੇ ਭਾਗ ਵਿਚ ਸੇਵਾ ਨਹੀਂ ਆਇਆ ਕਰਦੀ। ਸੇਵਾ ਵਾਸਤੇ ਹੁਕਮ ਹੋਇਆ ਕਰਦਾ ਹੈ ਦਰਗਾਹ ਦਾ। ਐਸਾ ਬਾਣੀ ਦੇ ਵਿਚ ਫੁਰਮਾਨ ਆਉਂਦੈ ਬਾਰ-ਬਾਰ -

*ਸੋ ਸੇਵਕੁ ਜੋ ਲਾਇਆ ਸੇਵ ॥ ਅੰਗ- ੧੧੫੯*

ਸੇਵਕ ਓਹੀ ਹੈ ਜਿਹਨੂੰ ਸੇਵਾ 'ਤੇ ਲਾ ਦਿਤਾ। ਉਹਦਾ ਨਤੀਜਾ ਕੀ ਹੁੰਦੈ -

*ਤਿਨ ਹੀ ਪਾਏ ਨਿਰੰਜਨ ਦੇਵ ॥ ਅੰਗ- ੧੧੫੯*

ਰੱਬ ਨੂੰ ਮਿਲਣ ਦਾ ਰਸਤਾ ਹੀ ਇਹੀ ਹੈ। ਪਹਿਲੀ ਪਉੜੀ 'ਤੇ ਤੁਸੀਂ ਪੈਰ ਧਰ ਲਿਆ ਅੱਜ ਤੜਕੇ ਤੋਂ। ਦੋ ਦਿਨ ਪਹਿਲਾਂ ਤੋਂ ਇਹ ਵਿਚਾਰ ਕਰ ਰਹੇ ਹਾਂ ਕਿ ਜੀਵਨ ਦਾ ਕੀ ਮਨੋਰਥ ਹੈ? ਤੁਸੀਂ ਕਿੱਡੀ ਦੂਰ ਤੋਂ ਆਉਂਦੇ ਹੋਂ? ਆਪਣੀ ਪੰਜਾਬੀ 'ਚ ਗੱਲ ਹੈ, ਕੋਈ ਅੰਗ੍ਰੇਜ਼ੀ 'ਚ ਨਹੀਂ ਹੈ, ਹਿੰਦੀ 'ਚ ਨਹੀਂ ਹੈ। ਆਮ ਬੋਲੀ ਦੀ ਗੱਲ ਹੈ ਕਿ ਜੀਵਨ ਦਾ ਮਨੋਰਥ ਹੈ -

*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਅੰਗ- ੧੨*

ਦੋ ਵਾਕਾਂ ਦੇ ਵਿਚ ਮਹਾਰਾਜ ਨੇ ਸਾਰਾ ਮਾਮਲਾ ਹੀ ਖਤਮ ਕਰ ਦਿਤਾ। ਹੁਣ ਇਸ ਤੋਂ ਅੱਗੇ ਸਾਨੂੰ ਸਮਝਣ ਸਮਝਾਉਣ ਦੀ ਤਾਂ ਲੋੜ ਸਾਡੇ ਮਨ ਵਿਚ ਨਹੀਂ ਵਸੀ। ਅਸੀਂ ਤਾਂ ਮਿਸਾਲਾਂ ਦਿੰਦੇ ਹਾਂ ਕਿ ਜੇ ਹੁਣ ਨਹੀਂ ਵਸੀ ਫੇਰ ਵਸ ਜਾਊ, ਇਸ ਤਰੀਕੇ ਨਾਲ ਗੱਲ ਕਰੀਏ, ਉਸ ਤਰੀਕੇ ਨਾਲ ਗੱਲ ਕਰੀਏ। ਇਹ ਬਿਲਕੁਲ ਸਿੱਧੀ ਗੱਲ ਹੈ। ਫੇਰ ਮਹਾਰਾਜ ਨੇ ਕਿਹਾ ਹੈ ਕਿ ਗੋਬਿੰਦ ਨੂੰ ਮਿਲਣਾ ਕਿਵੇਂ ਹੈ? ਅਸੀਂ ਨਾਲ ਸਵਾਲ ਕਰ ਦਿਤਾ ਕਿ ਜਿਹੜੇ ਤਰਕ ਵਾਲੇ ਸੀ, ਗੁਰੂ ਤੇ ਅਜੇ ਬਣੇ ਨਹੀਂ ਸੀ। ਗੁਰੂ ਨੂੰ ਅਜੇ ਸਮਝੇ ਨਹੀਂ ਸੀ। ਨਾਮ ਦੀ ਕੀਮਤ ਦਾ ਸਾਨੂੰ ਪਤਾ ਨਹੀਂ ਸੀ ਲੱਗਿਆ। ਸਵਾਲ ਕਰ ਦਿਤਾ ਸੱਚੇ ਪਾਤਸ਼ਾਹ! ਜਿਹੜੇ ਤੁਸੀਂ ਇਹ ਬਚਨ ਕਰਦੇ ਹੋਂ ਤਾਂ ਫੇਰ ਕਾਰੋਬਾਰ ਕਿਵੇਂ ਚਲਾਈਏ ਅਸੀਂ? ਮਹਾਰਾਜ ਕਹਿੰਦੇ, ਪਿਆਰਿਓ! ਤੁਸੀਂ ਨਾਮ ਦੀ ਕੀਮਤ ਨੂੰ ਨਹੀਂ ਸਮਝ ਸਕੇ। ਅਸੀਂ ਕਹਿੰਦੇ ਹਾਂ ਕਿ -

*ਨਾਨਕ ਕੈ ਘਰਿ ਕੇਵਲ ਨਾਮੁ ॥ ਅੰਗ- ੧੧੩੬*

ਤੁਸੀਂ ਇਹਦਾ ਮੁੱਲ ਨਹੀਂ ਸਮਝ ਰਹੇ -

ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥ (ਅੰਗ-੮੧) ਪਰਸੋਂ ਮੈਂ ਦਸਿਆ ਸੀ ਕਿ ਇਕ ਵਾਰੀ ਨਾਰਾਇਣ ਜਾਂ ਵਾਹਿਗੁਰੂ ਰਾਜੇ ਜਨਕ ਨੇ ਕਿਹਾ ਹੈ ਇਕੋ ਵਾਰੀ -

*ਗਹਿਣੇ ਧਰਿਅਨੁ ਏਕ ਨਾਉ ਪਾਪਾ ਨਾਲਿ ਕਰੇ ਨਿਰਜਾਸੀ॥*
*ਭਾਈ ਗੁਰਦਾਸ ਜੀ, ਵਾਰ ੧੦/੫*

ਦੋ ਵਾਰੀ ਨਹੀਂ ਕਿਹਾ, ਇਕੋ ਵਾਰੀ ਕਿਹੈ। ਨਤੀਜਾ ਕੀ ਹੋਇਆ -

*ਨਰਕਹੁੰ ਛੁਟੇ ਜੀਅ ਜੰਤ ਕਟੀ ਗਲਹੁੰ ਸਿਲਕ ਜਮ ਫਾਸੀ।*
*ਭਾਈ ਗੁਰਦਾਸ ਜੀ, ਵਾਰ ੧੦/੫*

ਸਾਰੇ ਕਰੋੜਾਂ ਸਾਲਾਂ ਦੇ ਜੀਵ ਜੰਤੂ ਨਰਕਾਂ 'ਚ ਸੜ ਰਹੇ ਇਕ ਵਾਰੀ ਰਾਮ ਕਹਿਣ ਦੇ ਨਾਲ ਸਾਰਿਆਂ ਦਾ ਉਧਾਰ ਹੋ ਗਿਆ। ਇਕ ਵਿਅਕਤੀਗਤ ਤੌਰ 'ਤੇ ਮਿਸਾਲ ਦਿਤੀ ਹੈ ਗੁਰੂ ਸਾਹਿਬ ਨੇ ਕਿ ਰਾਜੇ ਜਨਕ ਦੀ ਗੱਲ ਨੂੰ ਤੁਸੀਂ ਮੰਨਣਾ ਨਹੀਂ ਹੈ, ਤਰਕ ਦਾ ਜ਼ਮਾਨਾ ਹੈ। ਅਗਰ ਮਗਰ ਕਰੋਂਗੇ, ਜੇ ਅਰਥ ਦੇ ਹੋਰ ਅਰਥ ਕੱਢੋਂਗੇ ਤਾਂ ਇਕ ਹੋਰ ਗੱਲ ਦਸਦੇ ਹਾਂ -

*ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥*
*ਅੰਗ - ੯੦੨*

ਅੰਤ ਕਾਲ ਉਹ ਹੁੰਦੈ ਜਦੋਂ ਜਮਦੂਤ ਫੜ ਲੈਣ ਬਾਂਹ ਆ ਕੇ, ਫੇਰ ਸਮਾਂ ਨਹੀਂ ਹੁੰਦਾ, ਇਕ ਅੱਧਾ ਸਾਹ ਜਿਹੜਾ ਰਹਿੰਦੈ ਉਹ ਨਿਕਲ ਜਾਂਦੈ। ਇਹ ਫੜਦਾ ਹੀ ਤਾਂ ਹੈ ਜਦੋਂ ਆਖਰੀ ਸਵਾਸ ਖਤਮ ਹੁੰਦੈ। ਕਿਉਂਕਿ ਮਹਾਰਾਜ ਦਾ ਐਸਾ ਫੁਰਮਾਨ ਹੈ। ਇਹਨਾਂ ਗੱਲਾਂ ਨੂੰ ਅਸੀਂ ਲੰਘਾ ਨਹੀਂ ਸਕਦੇ। ਡਾਕਟਰਾਂ ਕੋਲ ਅਸੀਂ ਜਾਂਦੇ ਹਾਂ, ਦਵਾਈ ਖਾਂਦੇ ਹਾਂ। ਉਹ ਹੁਕਮ ਦੀ ਕਿਰਿਆ ਹੈ, ਅਸੀਂ ਜਿਉਂਣ ਵਾਸਤੇ ਨਹੀਂ ਖਾਂਦੇ, ਸਾਨੂੰ ਪਤਾ ਹੈ ਕਿ ਇਕ ਦਿਨ ਸਾਡਾ ਆਖਰੀ ਸਾਹ ਆਉਂਣੈ, ਫੇਰ ਜ਼ੋਰ ਲਾ ਲਵੇ ਵੈਦ, ਜ਼ੋਰ ਲਾ ਲਵੇ ਦੁਨੀਆਂ, ਨਹੀਂ ਦੂਸਰਾ ਸਵਾਸ ਆਉਣਾ -

*ਙਨਿ ਘਾਲੇ ਸਭ ਦਿਵਸ ਸਾਸ*
*ਨਹ ਬਢਨ ਘਟਨ ਤਿਲੁ ਸਾਰ ॥ ਅੰਗ- ੨੫੪*

ਕਿਹੜਾ ਬੰਦਾ ਹੈ ਜਿਹੜਾ ਇਸ ਦੁਨੀਆਂ ਦੇ ਇਸ ਸਿਧਾਂਤ ਨੂੰ ਬਦਲ ਦਏਗਾ। ਕਿਉਂ ਪਰੇਸ਼ਾਨ ਹੁੰਦੇ ਹੋਂ, ਪਰੇਸ਼ਾਨ ਹੋਣ ਦੀ ਲੋੜ ਹੀ ਨਹੀਂ ਹੈ। ਉਹ ਜੇ ਦਵਾਈ ਬੂਟੀ ਵੀ ਕਰਦੈ, ਉਹਦਾ ਹੁਕਮ ਹੈ ਇਹ ਵੀ। ਉਹਦੇ

ਹੁਕਮ ਦੇ ਵਿਚ ਹੀ ਚਲ ਰਹੀ ਹੈ ਇਹ ਗੱਲ। ਸਾਡਾ ਫੁਰਨਾ ਕੋਈ ਨਹੀਂ ਕਿ ਅਸੀਂ ਦਵਾਈ ਬੂਟੀ ਕਰਾਈਏ ਤੇ ਹੋਰ ਸਾਹ ਲਈਏ। ਕਹਿੰਦੇ, ਜੀਉਣ ਵਾਸਤੇ ਉਹ ਜਿਹੜਾ ਮੁਗਧ ਤੇ ਗਵਾਰ ਹੈ ਉਹ ਬੰਦਾ ਕਹਿੰਦੈ ਕਿ ਮੈਂ ਹੋਰ ਜਿਉਂਦਾ ਰਹਾਂ। ਸੋ ਇਸ ਤਰ੍ਹਾਂ ਦੇ ਨਾਲ ਵਾਹਿਗੁਰੂ ਨੇ ਜਿੰਨੇ ਸਾਹ ਦਿਤੇ ਨੇ ਉਸ ਤੋਂ ਵੱਧ ਨਹੀਂ ਆਉਣੇ। ਕਾਰੋਬਾਰ ਦਾ ਸਵਾਲ ਜਿਹੜਾ ਹੈ ਇਹ ਵੀ ਗੁਰੂ ਸਾਹਿਬ ਕਹਿੰਦੇ ਨੇ -

*ਅਵਰਿ ਕਾਜ ਤੇਰੈ ਕਿਤੈ ਨ ਕਾਮ ॥* *ਅੰਗ- ੧੨*

'ਅਵਰਿ' ਅੱਖਰ ਵਰਤਿਆ ਹੈ ਇਥੇ। ਬਈ ਜਿੰਨੇ ਤੂੰ ਹੋਰ ਕੰਮ ਕਰਦੈਂ, ਉਹ ਤੇਰੀ ਪਰਾਲਬਧ ਦੇ ਮੁਤਾਬਿਕ ਤੇਰੇ ਤੋਂ ਕਰਾਏ ਜਾ ਰਹੇ ਹਨ। ਤੂੰ ਕਿਉਂ ਕਹਿੰਦੈ ਕਿ ਮੈਂ ਕਰਦਾ ਹਾਂ, ਤੂੰ ਅਸਲੀ ਕੰਮ ਕਰ, ਜਿਹਦੇ ਵਾਸਤੇ ਤੂੰ ਸੰਸਾਰ 'ਤੇ ਆਇਆ ਹੈਂ -

*ਯਾ ਜੁਗ ਮਹਿ ਏਕਹਿ ਕਉ ਆਇਆ ॥*
*ਜਨਮਤ ਮੋਹਿਓ ਮੋਹਨੀ ਮਾਇਆ ॥*
*ਗਰਭ ਕੁੰਟ ਮਹਿ ਉਰਧ ਤਪ ਕਰਤੇ ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥*
*ਉਰਝਿ ਪਰੇ ਜੋ ਛੋਡਿ ਛਡਾਨਾ ॥*
*ਦੇਵਨਹਾਰੁ ਮਨਹਿ ਬਿਸਰਾਨਾ ॥* *ਅੰਗ- ੨੫੧*

ਵਾਇਦੇ ਕਰ-ਕਰ ਕੇ ਆਇਆ ਸੀ ਕਿ ਮੈਂ ਨਾਮ ਜਪਾਂਗਾ। ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਕਰੀ ਜਾਣੈ। ਪੰਜ ਪਿਆਰਿਆਂ ਤੋਂ ਲੈ ਲੈਣੈ ਨਾਮ, ਫੇਰ ਨਹੀਂ ਮੈਂ ਜੀਭ ਨੂੰ ਅਰਾਮ ਲੈਣ ਦੇਣਾ। ਕਹਿੰਦੇ, ਜੀਭ ਥੱਕਦੀ ਨਹੀਂ, ਅੱਕਦੀ ਨਹੀਂ, ਜੀਭ ਦੇ ਵਿਚ ਰਸ ਭਰ ਜਾਂਦੈ ਇਹੋ ਜਿਹਾ ਕਿ ਜਦੋਂ ਕਹਿਣ ਤੋਂ ਹਟ ਗਿਆ, ਉਸੇ ਵੇਲੇ ਕੀ ਹੁੰਦੈ -

*ਆਖਾ ਜੀਵਾ ਵਿਸਰੈ ਮਰਿ ਜਾਉ ॥*
*ਆਖਣਿ ਅਉਖਾ ਸਾਚਾ ਨਾਉ ॥* *ਅੰਗ - ੯*

ਨਾਮ ਦੀਆਂ ਪਉੜੀਆ ਚੜ੍ਹ ਕੇ ਦੇਖੋ, ਫੇਰ ਪਤਾ ਲਗਦੈ ਕਿ ਨਾਮ ਤਾਂ ਅੰਦਰ ਸਮਾਅ ਜਾਂਦੈ। ਰੋਮ-ਰੋਮ 'ਚ ਚਲਿਆ ਜਾਂਦੈ, ਉਹਦੇ ਬਿਨਾਂ ਤਾਂ ਜੀਵਨ ਹੀ ਨਹੀਂ ਰਹਿੰਦਾ। ਕਹਿੰਦੇ, ਜਿਉਂਦਾ ਸੰਸਾਰ 'ਤੇ ਸਿਰਫ ਉਹ ਬੰਦਾ ਹੈ ਜਿਹਦੇ ਅੰਦਰ ਨਾਮ ਦੀ ਲਹਿਰ ਚਲਦੀ ਹੈ।

ਕਈਆਂ ਪ੍ਰੇਮੀਆਂ ਨੂੰ ਇਸ ਗੱਲ ਦੀ ਸੋਝੀ ਨਹੀਂ। ਇਕ ਵਾਰੀ ਮੈਂ ਜਦੋਂ ਬਚਪਨ ਵਿਚ ਸੀ, ਫੌਜ ਵਿਚ ਹੁੰਦਾ, ਰਸਾਲੇ 'ਚ, ਘੋੜਿਆਂ ਦੀ ਟਰੇਨਿੰਗ ਕਰਦੇ ਹੁੰਦੇ। ਬਚਪਨ ਤੋਂ ਹੀ ਮੈਨੂੰ ਪਾਠ ਕਰਨਾ ਆ ਗਿਆ ਸੀ। ਅੱਠਵੀਂ ਜਮਾਤ ਤੋਂ। ਫੌਜ ਵਿਚ ਵੀ ਮੈਂ ਕਰਦਾ ਹੁੰਦਾ। ਸਾਡਾ ਜਿਹੜਾ ਕਮਾਂਡਰ ਸੀ, ਉਹ ਮਹਾਰਾਜਾ ਯਾਦਵਿੰਦਰ ਸਿੰਘ ਦਾ ਚਾਚਾ ਸੀ। ਉਹ ਮਹਾਰਾਣੀ 25-25 ਅਖੰਡ ਪਾਠ ਕਰਾਉਂਦੀ ਹੁੰਦੀ ਇਕੱਠੇ ਹੀ। ਮੇਰੀ ਡਿਊਟੀ ਉਹ ਸਵੇਰੇ 2 ਤੋਂ 4 ਵਜੇ ਲਾਉਂਦੀ ਹੁੰਦੀ। ਮੈਂ ਆਪਣੀਆਂ ਛਾਉਣੀਆਂ 'ਚ ਰਹਿੰਦਾ ਹੁੰਦਾ ਸੀ। ਦੋ ਢਾਈ ਮੀਲ ਦੂਰ। ਘੜੀ ਮੇਰੇ ਕੋਲ ਨਹੀਂ ਸੀ ਹੁੰਦੀ। ਉਹ ਮੈਨੂੰ ਕਹਿਣ ਲੱਗੀ ਤੂੰ ਰੋਜ਼ ਪੰਜ ਮਿੰਟ ਪਹਿਲਾਂ ਪਹੁੰਚਦੈਂ। ਦੋ-ਢਾਈ ਮੀਲ ਤੋਂ ਆਉਂਦੈ। ਉਥੇ ਉਹਨਾਂ ਨੂੰ ਬੀਬੀ ਜੀ ਤਾਂ ਕਹਿੰਦੇ ਨਹੀਂ, ਬੋਲੀ ਹੋਰ ਹੁੰਦੀ ਹੈ ਰਾਜਸੀ ਬੋਲੀ। ਮੈਂ ਕਿਹਾ, ਹਰ ਬੰਦੇ ਦੇ ਅੰਦਰ ਘੜੀ ਲੱਗੀ ਹੋਈ ਹੈ। ਕਹਿ ਕੇ ਪੈ ਜਾਵੇ ਕਿ ਮੈਂ 1 ਵਜ ਕੇ 10 ਮਿੰਟ 'ਤੇ ਉਠਣਾ ਹੈ। ਕਿਹੜੀ ਸ਼ਕਤੀ ਹੈ ਜਿਹੜੀ ਸਾਨੂੰ ਉਠਾਲ ਦਿੰਦੀ ਹੈ। 1 ਵਜ ਕੇ 10 ਮਿੰਟ ਹੋਏ ਹੋਣਗੇ ਉਠ ਕੇ ਦੇਖ ਲਿਓ ਤੁਸੀਂ। ਆਦਮੀ ਦੇ ਅੰਦਰ ਜਿਉਂਦੀਆਂ ਜਾਗਦੀਆਂ ਸ਼ਕਤੀਆਂ ਚਲ ਰਹੀਆਂ ਨੇ। ਉਥੇ ਜਦੋਂ ਮੈਂ ਰੋਜ਼ ਅਰਦਾਸ ਕਰਨੀ। ਮੈਂ ਕਹਿਣਾ ਸੱਚੇ ਪਾਤਸ਼ਾਹ! ਹੇ ਗੁਰੂ ਨਾਨਕ ਪਾਤਸ਼ਾਹ! ਤੁਸੀਂ ਜੀਵਨ ਬਖਸ਼ੋ। ਮੈਨੂੰ ਉਹਨਾਂ ਨੇ ਇਜਾਜ਼ਤ ਦੇ ਦਿਤੀ ਕਿ ਤੁਸੀਂ ਮਹਿਲਾਂ ਦੇ ਅੰਦਰ ਆ ਸਕਦੇ ਹੋਂ, ਸ਼ਾਹੀ ਪਰਿਵਾਰ (royal family) ਦੇ ਵਿਚ ਰਹਿ ਸਕਦੇ ਹੋਂ। ਮੇਰਾ ਨਾਉਂ ਲੈ ਕੇ ਬੀਬੀ ਕਹਿਣ ਲੱਗੀ, ਵਰਿਆਮ ਸਿੰਘ! ਤੁਸੀਂ ਰੋਜ਼ ਕਹਿੰਦੇ ਹੋਂ ਹੇ ਸੱਚੇ ਪਾਤਸ਼ਾਹ! ਜੀਵਨ ਬਖਸ਼ੀਂ ਤੇ ਅਸੀਂ ਮਰੇ ਹੋਏ ਹਾਂ। ਮੈਂ ਕਿਹਾ, ਹਾਂ ਤੁਸੀਂ ਮਰੇ ਹੋਏ ਹੋਂ, ਮੈਂ ਵੀ ਮਰਿਆ ਹੋਇਆ ਹਾਂ। ਕਹਿੰਦੇ, ਕਿਉਂ? ਮੈਂ ਕਿਹਾ, ਆਪਣੇ ਅੰਦਰ ਨਾਮ ਦੀ ਕਰੰਟ ਨਹੀਂ ਚਲ ਰਹੀ। ਰੋਟੀ ਪਾਣੀ ਦੇ ਨਾਲ ਅਸੀਂ ਜਿਉਂ ਰਹੇ ਹਾਂ। ਕੈਮੀਕਲ ਜ਼ਿੰਦਗੀ ਹੈ ਸਾਡੀ। ਹੈ ਨਾ ਜੇ ਰੋਟੀ ਨਾ ਮਿਲੇ ਮਰ ਜਾਂਦੇ ਹਾਂ, ਪਾਣੀ ਨਾ 4 ਦਿਨ ਮਿਲੇ ਪੀਣ ਨੂੰ, ਮਰ ਜਾਂਦੇ ਹਾਂ। ਸਾਡੇ ਅੰਦਰ ਜ਼ਿੰਦਗੀ ਨਹੀਂ ਹੈ, ਇਕ ਮਸ਼ੀਨ ਚੱਲ ਰਹੀ ਹੈ। ਇਲਕਟ੍ਰਾਨ, ਪ੍ਰੋਟਾਨ ਤੇ ਨਿਊਟ੍ਰਾਨ ਨਾਲ ਮੈਗਨੇਟਿਕ ਲਹਿਰਾਂ ਸਾਡੇ ਦਿਮਾਗ ਵਿਚ ਚਲਦੀਆਂ ਨੇ। ਈਟਾ, ਬੀਟਾ ਤੇ ਥੀਟਾ ਇਹਦਾ ਨਾਉਂ ਡਾਕਟਰਾਂ ਨੂੰ ਪਤਾ ਹੈ। ਉਹਦੇ ਨਾਲ ਸਾਨੂੰ ਹੋਸ਼ ਆਉਂਦੀ ਹੈ। ਹੋਸ਼ ਚਲਦੀ ਹੈ ਸਾਡੀ। ਹੋਸ਼ ਦੇ ਨਾਲ ਦਿਮਾਗ ਚਲਦੈ। ਦਿਮਾਗ ਦੇ ਚੱਲਣ ਨਾਲ ਸਾਰੇ ਅੰਗ ਚਲਦੇ ਨੇ। ਕਿਉਂਕਿ ਉਹਦੇ ਨਾਲ ਸਬੰਧ ਹੈ। ਮੈਂ ਕਿਹਾ, ਬੀਬੀ ਜੀ! ਇਹ ਤਾਂ ਮਸ਼ੀਨ ਹੈ ਇਕ, ਜੀਵਨ ਤਾਂ ਹੈ ਨਹੀਂ। ਇਹਨੂੰ ਮਾੜਾ ਜਿਹਾ ਨੁਕਸਾਨ ਪਹੁੰਚ ਜਾਵੇ, ਰੋਣ ਲਗ ਜਾਂਦੈ, ਮਾੜੀ ਜਿਹੀ ਖੁਸ਼ੀ ਆ ਜਾਵੇ, ਟੱਪਣਾ ਸ਼ੁਰੂ ਕਰ ਦਿੰਦੈ। ਇਹ ਤਾਂ ਮਸ਼ੀਨ ਹੈ ਜੀਵਨ ਨਹੀਂ ਹੈ ਇਹਦੇ ਵਿਚ। ਜੀਵਨ ਗੁਰੂ ਸਾਹਿਬ ਕਹਿੰਦੇ, ਜਿਉਂਦਾ ਸਿਰਫ ਉਹ ਹੈ ਦੁਨੀਆਂ ਦੇ ਅੰਦਰ ਜਿਹਦੇ ਮਨ ਵਿਚ ਵਾਹਿਗੁਰੂ

ਨੇ ਨਿਵਾਸ ਕਰ ਲਿਆ। ਨਾਮ ਦਾ ਵਾਸਾ ਹੋ ਗਿਆ। ਉਹ ਤਾਂ ਹੈਗਾ ਜਿਉਂਦਾ –

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥*
*ਨਾਨਕ ਅਵਰੁ ਨ ਜੀਵੈ ਕੋਇ ॥* *ਅੰਗ– ੧੪੨*

ਹੋਰ ਕੋਈ ਨਹੀਂ ਜਿਉਂਦਾ। ਜੇ ਕਹੇ ਕਿ ਅਸੀਂ ਜਿਉਂਦੇ ਹਾਂ ਜੀ, ਅਸੀਂ ਰੋਟੀ ਖਾਂਦੇ ਹਾਂ, ਅਸੀਂ ਪਾਣੀ ਪੀਂਦੇ ਹਾਂ, ਸਾਡੇ ਬਾਲ ਬੱਚੇ ਵੀ ਕੰਮ ਕਰਦੇ ਨੇ। ਵੱਡੇ-ਵੱਡੇ ਕੰਮ ਕਰਦੇ ਹਾਂ। ਅਸੀਂ ਬੜੇ ਜ਼ਿੰਮੇਵਾਰ ਹਾਂ। ਵੱਡੇ ਵਕੀਲ ਹਾਂ, ਲਿਖਾਰੀ ਹਾਂ। ਮਹਾਰਾਜ ਕਹਿੰਦੇ –

*ਜੇ ਜੀਵੈ ਪਤਿ ਲਥੀ ਜਾਇ ॥*
*ਸਭੁ ਹਰਾਮੁ ਜੇਤਾ ਕਿਛੁ ਖਾਇ ॥* *ਅੰਗ– ੧੪੨*

ਜੇ ਤੂੰ ਇਹ ਜੀਵਨ ਜਿਉਂਦੈ ਕਿ ਤੇਰੀ ਰੋਜ਼ ਪੱਤ ਲਹਿ ਰਹੀ ਹੈ। ਤੂੰ ਹਰਾਮ ਦਾ ਖਾ ਰਿਹੈਂ –

*ਵਿਣੁ ਨਾਵੈ ਪਤਿ ਗਇਆ ਗਵਾਇ ॥* *ਅੰਗ– ੧੪੨*

ਬਗੈਰ ਨਾਮ ਤੋਂ ਤੂੰ ਪੱਤ ਗਵਾ ਦਿਤੀ। ਨਾਮ ਇਕ ਐਸੀ ਸ਼ਕਤੀ ਹੈ। ਐਸੀ ਜਿਉਂਦੀ ਜਾਗਦੀ ਲਹਿਰ ਹੈ, ਜਿੰਨਾ ਚਿਰ ਸਾਡਾ ਸੰਪਰਕ ਅੰਦਰ ਉਸ ਲਹਿਰ ਨਾਲ ਨਹੀਂ ਹੁੰਦਾ। ਕਿਉਂਕਿ ਹੈ ਤਾਂ ਅੰਦਰ ਹੀ ਚਲਦੀ-

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥* *ਅੰਗ– ੨੯੩*

ਇਸ ਦੇਹੀ ਦੇ ਵਿਚ ਰਹਿੰਦਾ ਹੈ ਨਾਮ। ਪਰ ਅਸੀਂ ਉਸ ਤੋਂ ਬਿਲਕੁਲ ਅਗਿਆਤ ਹਾਂ। ਤੁਸੀਂ ਸਵਾਲ ਕਰੋਂਗੇ ਕਿ ਦੇਹੀ 'ਚ ਰਹਿੰਦਾ ਹੋਇਆ ਅਸੀਂ ਕਿਉਂ ਨਹੀਂ ਜਾਣਦੇ। ਮਹਾਰਾਜ ਕਹਿੰਦੇ –

*ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥*
*ਊਚ ਨੀਚ ਮਹਿ ਜੋਤਿ ਸਮਾਣੀ*
*ਘਟਿ ਘਟਿ ਮਾਧਉ ਜੀਆ ॥* *ਅੰਗ– ੬੧੭*

ਚਲੋ ਦੁੱਧ ਤਾਂ ਅਸੀਂ ਰੋਜ਼ ਰਿੜਕਦੇ ਹਾਂ। ਸਾਨੂੰ ਪਤਾ ਹੈ ਕਿ ਇਸ 'ਚੋਂ ਘਿਉ ਨਿਕਲਣਾ ਹੈ। ਪਰ ਅਸੀਂ ਇਹ ਤਾਂ ਨਹੀਂ ਨਾ ਜਾਣਦੇ ਕਿ ਸਾਰੇ ਦਰਖ਼ਤਾਂ ਦੇ ਅੰਦਰ ਅੱਗ ਪਈ ਹੈ। ਉਹ ਅੱਗ ਐਕਸ਼ਨ ਵਿਚ ਨਹੀਂ ਆਈ। ਉਹ ਉਦੋਂ ਆਉਂਦੀ ਹੈ, ਜਦੋਂ ਉਹਨੂੰ ਬਾਹਰੋਂ ਅੱਗ ਲਗ ਜਾਵੇ। ਅੰਦਰਲੀ ਭਖ ਜਾਂਦੀ ਹੈ ਉਸੇ ਵੇਲੇ। ਇਸੇ ਤਰ੍ਹਾਂ ਨਾਮ ਸ਼ਕਤੀ ਸਾਡੇ ਅੰਦਰ ਜੀਵਨ ਬਖਸ਼ ਰਹੀ ਹੈ। ਸਾਨੂੰ ਜਿਉਂਦਾ ਰਖ ਰਹੀ ਹੈ। ਪੰਜ ਪ੍ਰਾਣਾਂ ਨੂੰ ਚਲਾ ਰਹੀ ਹੈ। ਦਿਮਾਗ ਦੇ ਅੰਦਰ ਸ਼ਕਤੀ ਪੈਦਾ ਕਰ ਰਹੀ ਹੈ। ਸਾਡੇ ਸਾਰੇ ਅੰਗਾਂ ਨੂੰ ਨਾਮ ਦੀ ਸ਼ਕਤੀ ਚਲਾ ਰਹੀ ਹੈ ਪਰ ਅਸੀਂ ਉਹਨੂੰ ਨਹੀਂ ਜਾਣਦੇ। ਉਹਨੂੰ ਨਾ ਜਾਣ ਕੇ ਅਸੀਂ ਮੁਰਦਿਆਂ ਵਰਗਾ ਜੀਵਨ ਗੁਜ਼ਾਰ ਰਹੇ ਹਾਂ। ਮਰੇ ਹੋਏ ਹਾਂ। ਕਲਪਨਾ, ਕਲੇਸ਼ ਪਤਾ ਨਹੀਂ ਕਿੰਨਾ ਕੁਝ ਹੈ। 'ਅਗੰਮ ਅਗੋਚਰ ਦਾ ਮਾਰਗ' ਪੁਸਤਕ ਦੇ ਵਿਚ ਇਸ ਬਾਰੇ ਵਿਸਥਾਰ ਨਾਲ ਲਿਖਿਆ ਹੋਇਆ ਹੈ। ਮਹਾਰਾਜ ਕਹਿੰਦੇ, ਜਿਹੜੇ ਕੰਮ ਤੂੰ ਕਰ ਰਿਹਾ ਹੈਂ ਇਹ ਸਾਰੇ ਵਿਅਰਥ ਨੇ। ਕਿਉਂ ਵਿਅਰਥ ਨੇ? ਕਿਉਂਕਿ ਜੀਵਨ ਤਾਂ ਮਿਲਿਆ ਹੈ ਥੋੜ੍ਹੀ ਜਿਹੀ ਦੇਰ ਵਾਸਤੇ। ਅਰਬਾਂ ਸਾਲ ਤੋਂ ਅਸੀਂ ਭਟਕ ਰਹੇ ਹਾਂ। ਮਹਾਰਾਜ ਕਹਿੰਦੇ –

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਅੰਗ– ੬੩੧*

ਜੇ ਤਾਂ ਕਹਿੰਦੇ ਕਿ ਚਾਰ ਯੁੱਗ ਤੋਂ ਬਾਅਦ ਮਿਲੀ ਹੈ, ਫਟਾਫਟ ਮੈਂ ਦਸ ਦੇਣਾ ਸੀ ਕਿ 43 ਲੱਖ 20 ਹਜ਼ਾਰ ਸਾਲ ਤੋਂ ਬਾਅਦ ਪਿਆਰਿਆ ਤੇਰੀ ਵਾਰੀ ਆਈ ਹੈ, ਮਨੁੱਖ ਜਨਮ ਦੀ। ਮਹਾਰਾਜ ਕਹਿੰਦੇ – ***'ਫਿਰਤ ਫਿਰਤ ਬਹੁਤੇ ਜੁਗ ਹਾਰਿਓ.....॥'*** ਬਹੁਤਿਆਂ 'ਚ ਕਰੋੜ ਵੀ ਆ ਸਕਦੈ, ਅਰਬ ਵੀ ਆ ਸਕਦੈ, ਲੱਖ ਵੀ ਆ ਸਕਦੈ? ਪਤਾ ਹੀ ਨਹੀਂ ਕਿੰਨੀ ਦੇਰ ਹੋ ਗਈ ਘੁੰਮਦਿਆਂ ਨੂੰ। ਜੇ ਅਸੀਂ ਮੋਟਾ ਜਿਹਾ ਹਿਸਾਬ ਲਾਈਏ, 84 ਲੱਖ ਜੂਨ ਹੈ, ਜਿਹਦੇ ਵਿਚੋਂ ਹਜ਼ਾਰਾਂ ਸਾਲ ਦੀ ਵੀ ਜੂਨ ਹੈ, ਪੱਥਰ ਦੀ ਵੀ ਜੂਨ ਹੈ। ਮਹਾਰਾਜ ਕਹਿੰਦੇ –

*ਕਈ ਜਨਮ ਸੈਲ ਗਿਰਿ ਕਰਿਆ ॥* *ਅੰਗ– ੧੭੬*

ਮੈਨੂੰ ਪੱਥਰ ਵੀ ਬਣਾਇਆ ਤੂੰ। ਕਦੋਂ ਪੱਥਰ ਦਾ ਛੁਟਕਾਰਾ ਹੋਏਗਾ, ਕਦੋਂ ਪੱਥਰ ਮਰਦੈ, ਅਜੇ ਸਾਇੰਸਦਾਨਾਂ ਨੇ ਕੱਢਿਆ ਨਹੀਂ ਕਿ ਇਹਦੀ ਉਮਰ ਕਿੰਨੀ ਹੈ। ਮਕਾਨਾਂ ਦੀ ਕੱਢ ਲਈ, ਇੱਟਾਂ ਦੀ ਕੱਢ ਲਈ ਕਿ ਸੌ ਸਾਲ ਤੋਂ ਬਾਅਦ, 200 ਸਾਲ, ਪੁਰਾਣੇ ਕਿਲ੍ਹੇ ਜਿਹੜੇ ਸੀ ਉਹ ਨਸ਼ਟ ਹੋ ਗਏ, ਥੇਹ ਬਣ ਗਏ। ਉਹਨਾਂ ਸਭ ਦੀ ਉਮਰ ਹੈ। ਪੱਥਰ ਦੀ ਉਮਰ ਦਾ ਨਹੀਂ ਸਾਨੂੰ ਪਤਾ, ਪਤਾ ਨਹੀਂ ਲੱਖ ਸਾਲ ਹੈ ਪਤਾ ਨਹੀਂ ਕਰੋੜ ਸਾਲ ਹੈ। ਚਲੋ ਅਸੀਂ ਮੋਟਾ ਜਿਹਾ ਹਿਸਾਬ ਲਾ ਲੈਂਦੇ ਹਾਂ, 8 ਸਾਲ ਦਾ ਅੰਦਾਜ਼ਾ ਲਾ ਲਓ ਹਰ ਜੂਨ ਦਾ। ਕਿਉਂਕਿ ਕੁਝ ਇਹੋ ਜਿਹੇ ਵੀ ਨੇ ਜਿਨ੍ਹਾਂ ਦੀ ਇਕ ਦਿਨ ਦੀ, ਦੋ ਦਿਨ ਦੀ, ਛੇ ਮਹੀਨੇ ਵੀ ਉਮਰ ਹੈ। ਦਰਖੱਤਾਂ ਦੀ ਬਹੁਤੀ ਹੀ ਉਮਰ ਹੈ। ਜੇ ਅੱਠ ਸਾਲ ਦੀ ਐਵਰੇਜ ਲਾ ਲਈਏ। 7 ਕਰੋੜ ਸਾਲ ਲੰਘਣ ਤੋਂ ਬਾਅਦ ਤੁਹਾਨੂੰ ਇਹ ਜਨਮ ਮਿਲਿਐ। 7 ਕਰੋੜ ਕਿਤੇ ਛੋਟੀ ਜਿਹੀ ਗੱਲ ਹੈ। ਕਹਿੰਦੇ-

*ਚਿਰੰਕਾਲ ਇਹ ਦੇਹ ਸੰਜਰੀਆ ॥* *ਅੰਗ– ੧੭੬*

ਬੜੇ ਚਿਰ ਤੋਂ ਬਾਅਦ ਤੈਨੂੰ ਇਹ ਦੇਹ ਮਿਲੀ ਹੈ। ਹੁਣ ਕੰਮ ਕੀ ਹੈ, ਜਾਂ ਤਾਂ ਲੰਘ ਜਾਹ, ਜਾਂ ਫੇਰ ਚੱਕਰ

ਵਿਚ ਪੈ ਜਾ। ਫੈਸਲਾ ਕਰ ਲੈ ਆਪਣੇ ਆਪ ਹੀ ਕਿ ਮੈਂ ਮੁੜ ਕੇ ਚੱਕਰ ਵਿਚ ਪੈਣਾ ਹੈ ਕਿ ਛੁਟਕਾਰਾ ਕਰ ਲਵਾਂ। ਉਹਦੇ 'ਚ ਮਹਾਰਾਜ ਦਸਦੇ ਨੇ ਕਿ ਜੇ ਤੈਨੂੰ ਸਤਿਸੰਗ ਮਿਲ ਜਾਵੇ ਤਾਂ -

*ਕਬਹੂ ਸਾਧਸੰਗਤਿ ਇਹੁ ਪਾਵੈ ॥* *ਅੰਗ - ੨੭੮*

ਫਿਰਦੇ-ਫਿਰਦੇ ਸਾਧੂ ਦੀ ਸੰਗਤ ਮਿਲ ਜਾਵੇ। ਸਾਧੂ ਕੌਣ ਹੁੰਦੈ? ਜੋ ਤੱਤ ਬੇਤਾ ਸਾਧਨਾ ਸੰਪੰਨ ਪੁਰਸ਼ ਹੁੰਦੈ, ਉਹ ਸਾਧੂ ਹੋਇਆ ਕਰਦੈ। ਉਹ ਅੰਦਰੋਂ ਜਾਗਿਆ ਹੋਇਆ ਹੁੰਦੈ, ਸੁੱਤਾ ਨਹੀਂ ਹੁੰਦਾ। ਉਹਦੇ ਵਿਚ ਕੁਝ ਵੀ ਬਕਾਇਆ ਨਹੀਂ ਹੁੰਦਾ। ਇਕ ਜੋਤ ਜਗਦੀ ਹੁੰਦੀ ਹੈ, ਉਹ ਜੋਤ ਹੁੰਦੀ ਹੈ ਪ੍ਰਮੇਸ਼ਰ ਦੀ। ਉਹ ਸਾਧੂ ਸੰਤ ਕਹਾਇਆ ਕਰਦੈ। ਉਵੇਂ ਚਾਹੇ ਕੱਚਿਆਂ ਨੂੰ ਵੀ ਕਹੀ ਜਾਓ, ਪੱਕਿਆ ਨੂੰ ਵੀ ਕਹੀ ਜਾਓ, ਮਾਤੜਾਂ ਨੂੰ ਵੀ ਕਹੀ ਜਾਓ। ਇਥੇ ਕਹੀ ਵੀ ਜਾਂਦੇ ਨੇ ਮੈਨੂੰ, ਮੈਂ ਕਹੀ ਵੀ ਜਾਂਦਾ ਕਿ ਮੈਨੂੰ ਐਵੇਂ ਵਡਿਆਈ ਨਾ ਦੇਈ ਜਾਇਆ ਕਰੋ, ਮੈਂ ਸੰਤ ਨਹੀਂ ਹੈਗਾ। ਮੈਂ ਇਕ ਸਾਧਾਰਣ ਬੰਦਾ ਹਾਂ।

ਉਹਦੀ ਸੰਗਤ ਮਿਲ ਜਾਵੇ ਕਿਤੇ -

*ਉਸੁ ਅਸਥਾਨ ਤੇ ਬਹੁਰਿ ਨ ਆਵੈ ॥* *ਅੰਗ- ੨੭੮*

ਥਾਂ ਪੱਕ ਗਿਆ ਉਹਦਾ ਉਸ ਵੇਲੇ। ਫੇਰ ਨਹੀਂ ਉਹ ਚੱਕਰ ਵਿਚ ਪੈਂਦਾ -

*ਅੰਤਰਿ ਹੋਇ ਗਿਆਨ ਪਰਗਾਸੁ ॥*
*ਉਸੁ ਅਸਥਾਨ ਕਾ ਨਹੀ ਬਿਨਾਸੁ ॥*
*ਮਨ ਤਨ ਨਾਮਿ ਰਤੇ ਇਕ ਰੰਗਿ ॥*
*ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥* *ਅੰਗ- ੨੭੮*

ਤੇ ਫੇਰ ਜਦੋਂ ਸੰਸਾਰ ਤੋਂ ਜਾਊਗਾ, ਜਾਣ ਤੋਂ ਪਹਿਲਾਂ ਹੀ ਰੱਬ ਦੇ ਵਿਚ ਰਲ ਗਿਆ ਹੁੰਦੈ -

*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ ॥*
*ਨਾਨਕ ਪ੍ਰਭ ਕੈ ਸਦ ਕੁਰਬਾਨ ॥* *ਅੰਗ- ੨੭੮*

ਐਸਾ ਗੁਰੂ ਮਹਾਰਾਜ ਦਾ ਬਚਨ ਅਮੁੱਲ ਹੈ। ਅਸੀਂ ਇਹਦਾ ਮੁੱਲ ਨਹੀਂ ਪਾ ਸਕਦੇ। ਇਹਦੇ ਵਿਚ ਇੱਕੋ ਮੰਨ ਲਓ ਕਿ ਇਹ ਸਾਡੀ ਵਾਰੀ ਆ ਗਈ। ਨਾਮ ਦੀ ਪ੍ਰਾਪਤੀ ਅਸੀਂ ਇਸ ਜਨਮ 'ਚ ਕਰ ਸਕਦੇ ਹਾਂ। ਨਾਮ ਦਾ ਮਹਾਰਾਜ ਕਹਿੰਦੇ ਦੁਨੀਆਂ 'ਚ ਕੋਈ ਮੁੱਲ ਨਹੀਂ ਪਾ ਸਕਦਾ। ਓਦਣ ਮੈਂ ਦੱਸਿਆ ਸੀ ਕਿ ਉਹਨੇ ਗਾਲ੍ਹ ਕੱਢੀ ਸੀ। ਉਹ ਇਕ ਵਾਰੀ ਰਾਮ ਕਹਿਣ ਦੇ ਨਾਲ ਬੈਕੁੰਠ ਧਾਮ 'ਚ ਚਲਿਆ ਗਿਆ। ਜਦੋਂ ਵਿਸ਼ਨੂੰ ਜੀ ਨੂੰ ਮੁੱਲ ਪੁੱਛਿਆ ਤਾਂ ਕਹਿੰਦੇ, ਇਹਦਾ ਮੁੱਲ ਹੀ ਨਹੀਂ ਹੈ ਕੋਈ -

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥* *ਅੰਗ- ੮੧*

ਮਹਾਰਾਜ ਕਹਿੰਦੇ, ਇਕ ਪਾਸੇ ਤਾਂ ਹੈਗਾ ਨਾਮ। ਇਕ ਪਾਸੇ ਹੈ ਦੁਨੀਆਂ ਦੀਆਂ ਪ੍ਰਾਪਤੀਆਂ। ਦੁਨੀਆਂ ਦੀ ਪ੍ਰਾਪਤੀ ਦੇ ਵਿਚ ਰੱਜ ਨਹੀਂ ਆਉਂਦਾ। ਸਾਰੀ ਜ਼ਿੰਦਗੀ ਅਸੀਂ ਥੱਕ ਜਾਂਦੇ ਹਾਂ ਕੁਝ ਪੱਲੇ ਨਹੀਂ ਪੈਂਦਾ। ਜੇ ਨਾਮ ਦੀ ਪ੍ਰਾਪਤੀ ਹੋ ਜਾਵੇ, ਮਹਾਰਾਜ ਕਹਿੰਦੇ, ਫੇਰ ਤੇਰੀ ਜਿਹੜੀ ਪਦਵੀ ਹੈ, ਉਹ ਨਿੱਕੀ ਜਿਹੀ ਨਹੀਂ ਰਹਿੰਦੀ। ਤੇਰੀ ਪਦਵੀ ਐਡੀ ਵੱਡੀ ਹੋ ਜਾਂਦੀ ਹੈ ਕਿ ਤੇਰਾ ਦੁਨੀਆਂ ਦੇ ਅੰਦਰ ਕੋਈ ਮੁਕਾਬਲਾ ਨਹੀਂ ਕਰ ਸਕਦਾ -

*ਜਿਸ ਨੋ ਬਖਸੇ ਸਿਫਤਿ ਸਾਲਾਹ ॥*
*ਨਾਨਕ ਪਾਤਿਸਾਹੀ ਪਾਤਿਸਾਹੁ ॥* *ਅੰਗ- ੫*

ਉਹ ਤੂੰ ਪਾਤਸ਼ਾਹਾਂ ਦਾ ਪਾਤਸ਼ਾਹ ਬਣ ਜਾਣੈ। ਰਾਜਿਆਂ ਦੇ ਮੂਹਰੇ ਤੂੰ ਹੱਥ ਅੱਡਦਾ ਫਿਰਦੈਂ। ਫਲਾਣੇ ਲੀਡਰ ਦੇ ਪਿੱਛੇ ਲਗ ਜਾਈਏ, ਫਲਾਣਾ ਸਾਨੂੰ ਇਸ ਤਰ੍ਹਾਂ ਦੇ ਦਏਗਾ। ਬਿਲਕੁਲ ਗਲਤ, ਮਹਾਰਾਜ ਕਹਿੰਦੇ, ਇਹ ਤਾਂ ਮੂਰਖਾਂ ਦੀ ਗੱਲ ਹੈ। ਤੂੰ 'ਨਾਮ' ਮੰਗ ਲੈ, ਤੇਰੀਆਂ ਭੁੱਖਾਂ ਉਤਰ ਜਾਣਗੀਆਂ। ਜੋ ਚੀਜ਼ ਤੈਨੂੰ ਚਾਹੀਦੀ ਹੋਏਗੀ। ਉਹ ਤੂੰ ਮਾੜਾ ਜਿਹਾ ਫੁਰਨਾ ਕਰਨੈ। ਤੈਨੂੰ ਮਿਲ ਜਾਣੈ। ਕਹਿੰਦਾ, ਕਿੰਨਾ? ਜੇ ਤੂੰ ਕਹੇ ਕਿ ਇਥੇ ਮਹਿਲ ਉਸਰ ਜਾਣ, ਮਹਿਲ ਉਸਰ ਜਾਣਗੇ, ਮਾਮੂਲੀ ਬਾਤ ਹੈ ਇਹ ਕਿਉਂਕਿ ਉਹਦੇ ਵਿਚ ਸਾਰੀਆਂ ਸ਼ਕਤੀਆਂ ਆ ਜਾਂਦੀਆਂ ਨੇ -

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥* *ਅੰਗ- ੬੪੯*

ਹਿਰਦੇ 'ਚ ਵਸਾਉਣ ਦੀ ਬਾਤ ਹੈ। ਰਿੱਧੀਆਂ-ਸਿੱਧੀਆਂ ਬਰਕਤਾਂ ਸਭ ਉਹਦੇ ਕੋਲ ਆ ਜਾਂਦੀਆਂ ਨੇ। ਉਹ ਵਰਤੇ, ਚਾਹੇ ਨਾ ਵਰਤੇ। ਸੋ ਮਹਾਰਾਜ ਕਹਿੰਦੇ, ਇਸ ਕਰਕੇ ਜਿਹੜੇ ਤੂੰ ਦੂਜੇ ਕੰਮ ਕਰਦਾ ਹੈਂ ਨਾ, ਸਾਰੀ ਜ਼ਿੰਦਗੀ ਨਾਮ ਤੋਂ ਭੁੱਲ ਕੇ ਦੂਜੇ ਕੰਮਾਂ ਵਿਚ ਲਾ ਦਿਤੀ। ਉਹਨਾਂ 'ਚੋਂ ਇਕ ਵੀ ਚੀਜ਼ ਤੇਰੇ ਨਾਲ ਨਹੀਂ ਜਾਣੀ -

*ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ ॥*
*ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥*
*ਅੰਗ- ੧੩੬੫*

ਲੱਖ ਕਰੋੜ ਕਹਿੰਦੇ ਨੇ ਖਰਬ ਨੂੰ। ਖਰਬਾਂ ਵਾਲੇ ਵੀ ਤੁਰ ਗਏ, ਤੂੰ ਜ਼ਿੰਦਗੀ ਗਵਾ ਦਿੱਤੀ, ਤੂੰ ਇਥੋਂ ਰੋਂਦਾ ਹੋਇਆ ਜਾਂਦੈ। ਨਾਮ ਤੂੰ ਜਪਿਆ ਨਹੀਂ। ਅਜਾਮਲ ਨੂੰ ਜਮਦੂਤਾਂ ਨੇ ਆ ਕੇ ਫੜ ਲਿਆ। ਉਹਦਾ ਇਕ ਸਾਹ ਬਾਕੀ ਬਚਦਾ ਸੀ ਉਹਦਾ, ਹੱਥ ਨਹੀਂ ਸੀ ਪਾਇਆ। ਮੈਂ ਦਸਿਆ ਸੀ ਕਿ ਸਵਾਸ ਮੁੱਕਿਆਂ 'ਤੇ ਜਮਦੂਤ ਹੱਥ ਪਾਉਂਦੈ ਕਿ ਜੇ ਰਹਿੰਦੇ ਹੋਣ 5-10 ਫੇਰ ਖੜ੍ਹਾ ਰਹਿੰਦੈ। ਅਜਾਮਲ ਨੇ ਡਰ ਕੇ ਆਪਣੇ ਪੁੱਤਰ ਨੂੰ ਹਾਕ ਮਾਰੀ -

*ਅੰਤ ਕਾਲ ਜਮਦੂਤ ਦੇਖ ਪੁੱਤ ਨਰਾਇਣ ਬੋਲੇ ਛਹਿਆ॥*
*ਭਾਈ ਗੁਰਦਾਸ ਜੀ*

ਉਹਦਾ ਨਾਉਂ ਵੀ ਨਰਾਇਣ ਸੀ, ਨਰਾਇਣ ਵਾਹਿਗੁਰੂ ਦਾ ਵੀ ਨਾਮ ਹੈ। ਉਹ ਜਦੋਂ ਉਸ ਨੇ ਅਵਾਜ਼ ਮਾਰੀ, ਉਹ ਵਿਦਵਾਨ ਪੰਡਤ ਪਤਿਤ ਹੋਇਆ-ਹੋਇਆ ਸੀ, ਉਹਦੀ ਅਕਲ ਕਿਤੇ ਕੰਮ ਕਰ ਗਈ, ਉਹਨੇ ਕਿਹਾ, ਔਹ ਹੋ ਨਰਾਇਣ ਨੂੰ ਹੀ ਮਾਰਾਂ ਹਾਕ ਕਿ ਪੁੱਤਰ ਨੇ ਇਥੇ ਮੈਨੂੰ ਕੀ ਕਰਨੈਂ। ਇਥੇ ਤਾਂ ਹੱਥ ਪਹੁੰਚਦਾ ਹੀ ਨਹੀਂ ਕਿਸੇ ਦਾ -

*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥*
*ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥*
*ਅੰਗ- ੧੨੮੧*

ਸਤਿਗੁਰੂ ਬੇਲੀ ਹੋ ਕੇ ਅੰਤ ਦੇ ਸਮੇਂ ਰੱਖ ਲੈਂਦੈ। ਮਹਾਰਾਜ ਕਹਿੰਦੇ, ਦੇਖੋ -

*ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ .......॥ ਅੰਗ - ੯੮੧*

ਉਹ ਪਿਆਰ ਤਾਂ ਸਾਰੀ ਜ਼ਿੰਦਗੀ ਆਪਣੇ ਪੁੱਤਰ ਨੂੰ ਕਰਦਾ ਰਿਹਾ, ਜਿਹਦਾ ਨਾਉਂ ਨਰਾਇਣ ਸੀ। ਅੰਤ ਵੇਲੇ ਜਮਦੂਤਾਂ ਨੂੰ ਦੇਖ ਕੇ ਕਿ -

*.......ਕਰਿ ਨਾਰਾਇਣ ਬੋਲਾਰੇ ॥ ਅੰਗ- ੯੮੧*

ਉਹ ਇਕ ਨਰਾਇਣ ਕਿਹਾ ਗਿਆ, ਕਹਿੰਦੇ-ਕਹਿੰਦੇ ਰੱਬ ਦੇ ਵਿਚ ਸੁਰਤ ਚਲੀ ਗਈ। ਰੱਬ ਨੂੰ ਹਾਕ ਮਾਰ ਦਿਤੀ -

*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ*
*ਜਮਕੰਕਰ ਮਾਰਿ ਬਿਦਾਰੇ ॥ ਅੰਗ- ੯੮੧*

ਕਿੱਡਾ ਦਿਆਲੂ, ਕ੍ਰਿਪਾਲੂ ਹੈ ਪ੍ਰਮੇਸ਼ਰ, ਸਾਰੀ ਜ਼ਿੰਦਗੀ ਦਾ ਪਾਪੀ ਗਿਣਿਆ ਹੀ ਨਹੀਂ, ਕਹਿੰਦਾ, ਮੈਨੂੰ ਹਾਕ ਮਾਰੀ ਹੈ ਉਸ ਨੇ। ਜਦੋਂ ਹਾਕ ਮਾਰਦੈ, ਉਸ ਵੇਲੇ ਉਹ ਸੁਣਦੈ। ਗੁਰੂ ਦਸਵੇਂ ਪਾਤਸ਼ਾਹ ਫੁਰਮਾਨ ਕਰਦੇ ਨੇ-

*ਹਾਥੀ ਕੀ ਚਿੰਘਾਰ ਪਲ ਪਾਛੈ ਪਹੁੰਚਤ ਤਾਹਿ।*
*ਚੀਟੀ ਕੀ ਪੁਕਾਰ ਪਹਿਲੇ ਹੀ ਸੁਨੀਅਤ ਹੈ।*
*ਅਕਾਲ ਉਸਤਤਿ*

ਜੇ ਕੀੜੀ ਹਾਕ ਮਾਰ ਦੇਵੇ, ਪਹਿਲਾਂ ਹੀ ਸੁਣ ਲੈਂਦੈ। ਹਾਥੀ ਦੀ ਪਿਛੋਂ ਸੁਣਦੈ। ਜਿਹੜਾ ਵਾਹਿਗੁਰੂ ਐਡਾ ਨੇੜੇ-ਤੇੜੇ ਸਾਡੇ ਨਾਲ ਰਹਿੰਦੈ, ਹਰ ਵਕਤ ਸਾਨੂੰ ਦੇਖਦੈ ਕਿ ਇਹ ਕੀ ਕਰ ਰਿਹੈ ਭੁੱਲਿਆ ਹੋਇਆ ਬੰਦਾ -

*ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥*
*ਅੰਗ- ੬੧੨*

ਉਹਦੇ ਨਾਮ ਦੇ ਵਿਚ ਕਿੰਨੀ ਸ਼ਕਤੀ ਹੈ, ਕਹਿੰਦੇ, ਉਸੇ ਵੇਲੇ ਜਮਦੂਤਾਂ ਨੂੰ ਡੰਡੇ ਮਾਰ ਕੇ ਨਠਾ ਦਿਤਾ। ਉਹ ਬਥੇਰਾ ਕਹਿ ਰਹੇ ਨੇ ਕਿ ਇਹ ਤਾਂ ਜ਼ਿੰਦਗੀ ਭਰ ਦਾ ਪਾਪੀ ਹੈ। ਉਹ ਕਹਿੰਦੇ, ਇਹ ਤਾਂ ਪੁੱਤ ਨੂੰ ਆਪਣੇ ਨਰਾਇਣ ਕਹਿ ਰਿਹਾ ਸੀ। ਕਹਿੰਦੇ, ਨਹੀਂ ਅੰਤ ਸਮੇਂ ਇਹਦੀ ਭਾਵਨੀ ਰੱਬ ਵਲ ਚਲੀ ਗਈ।

ਐਸਾ ਜੋ ਨਾਮ ਹੈ ਸਾਧਸੰਗਤ ਜੀ! ਸਾਡਾ ਉਹਦੇ ਨਾਲ ਕਿਉਂ ਪਿਆਰ ਨਹੀਂ ਪੈਂਦਾ। ਦੂਜੇ ਕੰਮ ਨੇ ਮਹਾਰਾਜ ਕਹਿੰਦੇ, ਕਰੀ ਜਾਹ-ਕਰੀ ਜਾਹ। ਜਾਂਦਾ ਹੋਇਆ ਛੱਡ ਜਾਏਂਗਾ ਤੇ ਰੋਂਦਾ ਹੋਇਆ ਜਾਵੇਂਗਾ। ਤੇਰੀ ਹਾਲਤ ਕੀ ਹੋਏਗੀ ਤੂੰ ਆਹ ਜਾਇਦਾਦਾਂ ਦੇ ਨਾਲ ਮਨ ਜੋੜ ਲਿਆ -

*ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥ ਅੰਗ- ੫੨੬*

ਇਥੇ ਪ੍ਰੇਤ ਬਣ ਕੇ ਤੁਰਿਆ ਫਿਰੂ। ਨਾਲੇ ਆਪ ਦੁਖੀ ਨਾਲੇ ਘਰਦਿਆਂ ਨੂੰ ਦੁਖੀ ਕਰਦੈ।

ਸੋ ਨਾਮ ਦੀ ਬਾਤ ਨੂੰ ਸਮਝੋ। ਮਹਾਰਾਜ ਕਹਿੰਦੇ-

*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ- ੧੨*

ਸਾਧੂ ਦੀ ਸੰਗਤ ਕਰਕੇ, ਨਾਮ ਜਪ ਕਿਉਂਕਿ -

*ਊਹਾ ਜਪੀਐ ਕੇਵਲ ਨਾਮ ॥ ਅੰਗ- ੧੧੮੨*

ਉਥੇ ਰਾਜਨੀਤੀ ਦੀਆਂ ਗੱਲਾਂ ਨਹੀਂ ਕਰਦੇ, ਕਿਸੇ ਦੀ ਨਿੰਦਿਆ ਚੁਗਲੀ ਨਹੀਂ ਕਰਦੇ, ਉਥੇ ਤਾਂ ਨਾਮ ਦੀ ਬਾਤ ਚਲਦੀ ਹੈ ਹਰ ਵਕਤ ਕਿਉਂਕਿ ਨਾਮ ਮੰਡਲ ਵਿਚ ਰਹਿੰਦੇ ਨੇ, ਉਸੇ ਦੀ ਬਾਤ ਕਰਦੇ ਨੇ। ਹੁਣ ਇਹਦੇ ਵਿਚ ਕਮਜ਼ੋਰ ਬੰਦਿਆਂ ਦੇ ਮਨ ਵਿਚ ਆ ਜਾਂਦੈ ਕਿ ਫੇਰ ਰੋਟੀ ਪਾਣੀ, ਫੇਰ ਸਿਸਟਮ ਕਿਵੇਂ ਚੱਲੇਗਾ। ਉਹ ਸਾਡੇ ਵਸ ਵਿਚ ਨਹੀਂ ਹੈ ਸਾਧਸੰਗਤ ਜੀ! ਗੁਰੂ ਮਹਾਰਾਜ ਤਾਂ ਕਹਿੰਦੇ ਨੇ -

*ਇਸ ਕਾ ਬਲੁ ਨਾਹੀ ਇਸੁ ਹਾਥ ॥*
*ਕਰਨ ਕਰਾਵਨ ਸਰਬ ਕੋ ਨਾਥ ॥ ਅੰਗ- ੨੭੭*

ਇਹ ਤਾਂ ਕਮਲਾ ਇਸ ਤਰ੍ਹਾਂ ਕਹਿੰਦੈ ਕਿ ਮੈਂ ਕਰਦਾ ਹਾਂ, ਮੈਂ ਨਹੀਂ ਕਰਦਾ। ਇਹ ਤਾਂ ਕਰਾ ਰਿਹੈ। ਜੇ ਕੋਈ ਕਹੇ ਕਿ ਬਾਬਾ ਜੀ ਨੇ ਆਹ ਪੰਡਾਲਾਂ ਦੇ ਪ੍ਰਬੰਧ ਕਰ ਦਿਤੇ ਜੀ। ਮੈਂ ਤਾਂ ਅੱਜ ਤੱਕ ਨਹੀਂ ਇਹ ਗੱਲ ਕਹਿੰਦਾ, ਮੈਂ ਤਾਂ ਆਪ ਸੱਚੀਓਂ ਕਹਿੰਦਾ ਕਿ ਮੈਂ ਨਹੀਂ ਕੁਝ ਵੀ ਕਰ ਰਿਹਾ। ਇਕ ਤਾਂ ਹੁੰਦਾ ਹੈ ਨਾ ਕਿ ਉਪਰੋਂ-ਉਪਰੋਂ ਕਹਿਣਾ, ਮੈਂ ਤਾਂ ਦਿਲੋਂ ਇਹ ਗੱਲ ਕਹਿੰਦਾ। ਮੈਂ ਕਹਿੰਦਾ ਕਿ ਇਹ ਕਰਾਇਆ ਜਾ ਰਿਹੈ ਸਾਡੇ ਤੋਂ। ਅਸੀਂ ਤਾਂ ਨੌਕਰ ਚਾਕਰ ਖੜ੍ਹੇ ਹਾਂ, ਸਾਨੂੰ ਤਾਂ ਸੇਵਾ ਦੇ ਰਿਹੈ, ਢਾਹ ਦਿਓ, ਬਣਾ ਦਿਓ। ਢੁਹਾਈ, ਜਾਵੇ ਬਣਵਾਈ ਜਾਵੇ ਉਹਨੇ ਹੀ ਕਰਨੈ, ਉਹਦਾ ਹੀ ਕੰਮ ਹੈ। ਉਹਦੀ ਹੀ ਮਹਿਮਾ ਹੈ, ਓਹੀ ਚਾਹੁੰਦਾ ਹੈ ਕਿ ਇਥੋਂ ਨਾਮ ਦੀ ਅਵਾਜ਼ ਉਠੇ। ਭਾਗਾਂ ਵਾਲੇ ਬੰਦਿਆਂ ਨੇ ਇਥੋਂ ਚਲ ਕੇ ਹਰ ਹਾਲਤ ਵਿਚ ਆਉਣੈ। ਜਿਨ੍ਹਾਂ ਦੇ ਕਲਜੁਗ ਦੇ ਅੰਦਰ ਭਾਗ ਜਾਗੇ ਨੇ, ਉਹਨਾਂ ਨੂੰ ਐਨੀ ਕੀਮਤੀ ਚੀਜ਼ ਦਾ ਪਤਾ ਲੱਗਣੈ ਕਿ ਇਕ ਵਾਰੀ ਕਿਹਾ ਨਾ -

*ਏਕ ਚਿਤ ਜਿਹ ਇਕ ਛਿਨ ਧਿਆਇਓ,*
*ਕਾਲ ਫਾਸ ਕੇ ਬੀਚ ਨਾ ਆਇਓ।*

ਕਾਲ ਦੀ ਫਾਂਸੀ ਗਲ 'ਚੋਂ ਕੱਟ ਹੋ ਜਾਣੀ ਹੈ, ਜੇ ਇਕ ਚਿੱਤ ਹੋ ਕੇ ਇਕ ਵਾਰੀ ਨਾਮ ਕਹਿ ਦਿਤਾ। ਉਹਦੇ ਵਾਸਤੇ ਜਿਹੜਾ ਇਹ ਸਮਾਗਮ ਕਰਵਾਇਆ ਗਿਆ ਹੈ ਸਾਡੇ ਤੋਂ, ਸਾਨੂੰ ਸੋਝੀ ਦਿਤੀ। ਪਹਿਲੇ ਦਿਨ 'ਜੀਵਨ ਮਨੋਰਥ' ਹੋਇਆ, ਦੂਜੇ ਦਿਨ ਇਹ ਵਿਸ਼ਾ ਰੱਖਿਆ ਗਿਆ, ਪਿਆਰਿਓ ਤੁਹਾਡੇ ਤੋਂ ਨਹੀਂ ਇਹ ਹੋਣਾ, ਤੁਸੀਂ ਗੁਰੂ ਟੋਲੋ। ਸਾਡੀ ਤਾਂ ਮੁਸ਼ਕਲ ਹੱਲ ਕਰ ਦਿਤੀ ਮਹਾਰਾਜ ਨੇ। ਬਾਕੀ ਜਿਹੜੀ ਵਿਸ਼ਵ-ਵਿਆਪੀ ਸੱਚਾਈ ਹੈ, ਅਸੀਂ ਤਾਂ ਬ੍ਰਹਿਮੰਡੀ (universal) ਸੁਨੇਹਾ ਦੇ ਰਹੇ ਹਾਂ। ਆਪਣੇ ਧਰਮ ਦੀ ਗੱਲ ਤਾਂ ਅਸੀਂ ਕਰ ਹੀ ਨਹੀਂ ਰਹੇ। ਸਾਨੂੰ ਗੁਰੂ ਟੋਲ੍ਹਣ ਦੀ ਲੋੜ ਨਹੀਂ ਹੈ। ਗੁਰੂ ਸਾਨੂੰ ਥਾਪ ਗਏ 'ਸ਼ਬਦ।' ਸ਼ਬਦ ਜਿਹੜਾ ਹੈ ਉਹ ਰੂਪਮਾਨ ਹੋਇਆ-ਹੋਇਆ ਹੈ, ਅੱਖਰਾਂ 'ਚ। ਆਹ ਜਿਹੜਾ ਤੁਹਾਡੇ ਸਾਮ੍ਹਣੇ ਹੈ, ਸ਼ਬਦ ਦਾ ਰੂਪ ਹੈ ਇਹ। ਜਿਵੇਂ ਮੈਨੂੰ ਤੁਸੀਂ ਕੋਈ ਨਹੀਂ ਜਾਣਦਾ, ਮੈਂ ਰੂਪਮਾਨ ਹੋਇਆ-ਹੋਇਆ, ਪੰਜਾਂ ਤੱਤਾਂ ਕਰਕੇ ਮੇਰਾ ਨਾਉਂ ਰੱਖ ਦਿਤਾ ਵਰਿਆਮ ਸਿੰਘ, ਇਹਨੂੰ ਤਾਂ ਤੁਸੀਂ ਜਾਣਦੇ ਹੋਂ, ਮੈਨੂੰ ਨਹੀਂ ਜਾਣਦੇ। ਇਵੇਂ ਜਿਵੇਂ ਤੁਸੀਂ ਇਹ ਤਾਂ ਦੇਖਦੇ ਹੋਂ ਤੁਸੀਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲੇ ਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਹ ਸਰੂਪ ਹੈ। ਇਹ ਪੱਤਰੇ ਨੇ, ਇਹ ਸਿਆਹੀ ਨਾਲ ਪਰਿੰਟ ਹੋਇਆ-ਹੋਇਆ, ਉਹ ਜਿਹੜਾ ਸ਼ਬਦ ਹੈ ਨਾ, ਉਹਦੇ ਵਿਚ ਉਹ ਜਿਉਂਦੀ ਜਾਗਦੀ ਚੀਜ਼ ਹੈ। ਉਹਨੂੰ ਅਸੀਂ ਨਹੀਂ ਜਾਣ ਸਕਦੇ, ਉਹ ਹੈ ਗੁਰੂ। ਇਹਦੇ ਪਿੱਛੇ ਸਤਿਗੁਰੂ ਸਾਖਸ਼ਾਤ ਰੂਪ ਦੇ ਵਿਚ, ਸ਼ਬਦ ਰੂਪ 'ਚ, ਸੂਖਸ਼ਮ ਰੂਪ 'ਚ ਹੈਗੇ। ਸਾਨੂੰ ਕੋਈ ਰੋਲਾ ਹੀ ਨਹੀਂ। ਕਹਿੰਦੇ, ਬੋਲਦਾ ਕਿਵੇਂ ਹੈ? ਗੁਰੂ ਨੇ ਤਾਂ ਬੋਲ ਕੇ ਗੱਲ ਕਰਨੀ ਹੈ? ਇਹਨਾਂ ਨੂੰ ਜਦੋਂ ਜੀਅ ਕਰਦੈ, ਬੁਲਾ ਲਓ। ਅੱਧੀ ਰਾਤ ਜਾਗ ਆਉਂਦੀ ਹੈ, ਅੱਧੀ ਰਾਤ ਸੈਂਚੀ ਚੁੱਕ ਲਓ, ਗੁਟਕਾ ਸਾਹਿਬ ਚੁੱਕ ਲਓ। ਅੱਧੀ ਰਾਤ ਬੋਲਣ ਲਗ ਜਾਣਗੇ। ਇਹਨਾਂ ਨੇ ਤੰਗ ਪੈਣਾ ਹੀ ਨਹੀਂ। ਹੁਣ ਨੁਕਸ ਕਿਧਰਲੇ ਪਾਸੇ ਹੈ? ਗੁਰੂ ਤਾਂ ਹੈਗਾ ਪੂਰਾ। ਪਰ ਜਿਹੜਾ ਸਿੱਖ ਹੈ ਉਹ ਹੈ ਅਧੂਰਾ। ਉਹ ਕਹਿੰਦੇ, ਫੇਰ ਕਰਿਆ ਕੀ ਜਾਵੇ? -

*ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥*
*ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥*

*ਅੰਗ - ੧੩੭੨*

ਹੁਣ ਬੰਸਰੀ ਤਾਂ ਵੱਜਦੀ ਹੈ, ਜੇ ਬੰਸਰੀ ਦੇ ਸਿਰੇ ਉਤੇ ਬੰਦ ਹੋਵੇ। ਉਹਨੂੰ ਪੇਲਾ ਕਹਿੰਦੇ ਨੇ। ਪੇਲਾ ਪੂਰੀ ਤਰ੍ਹਾਂ ਬੰਦ ਹੋਵੇ। ਹਵਾ ਲੀਕ ਨਾ ਹੋਵੇ। ਹਵਾ ਮਾਰਨੀ ਹੈ ਮੂੰਹ ਵਿਚੋਂ, ਗਲੀਆਂ ਵਿਚ ਉਂਗਲਾਂ ਰੱਖਣੀਆਂ ਨੇ। ਜਿਹੋ ਜਿਹੀ ਆਵਾਜ਼, ਜਿਹੋ ਜਿਹਾ ਰਾਗ ਕੱਢਣੈ, ਉਹਦੇ 'ਚੋਂ ਨਿਕਲ ਆਉਣੈ। ਭੂਕਣੇ 'ਚੋਂ ਮਾਰ ਕੇ ਦੇਖੋ ਜਿ ਕਦੇ ਨਿਕਲ ਆਵੇ। ਭੂਕਣਾ ਅੱਗ ਤਾਂ ਜਾਲ ਦੇਵੇਗਾ, ਸੁਆਹ ਉਡਾ ਦੇਵੇਗਾ ਪਰ ਉਹਦੇ ਵਿਚੋਂ ਬਾਣੀ ਨਿਕਲਣੀ ਨਹੀਂ। ਇਕੋ ਨਿਕਲੇਗੀ ਊ-ਊ ਦੀ। ਹੁਣ ਇਹੀ ਹਾਲ ਸਿੱਖ ਦਾ ਹੈ। ਗੁਰੂ ਪੂਰਾ ਹੈ, ਗੁਰੂ ਦਾ ਉਪਦੇਸ਼ ਪੂਰਾ ਹੈ। ਸਾਡੇ 'ਚ ਚੂਕ ਹੈ ਬਿਲਕੁਲ। ਅਸੀਂ ਗੁਰੂ ਨਾਲ ਰਲਦੇ ਹੀ ਨਹੀਂ, ਅਸੀਂ ਕਹਿੰਦੇ ਹਾਂ, ਸਾਨੂੰ ਮੱਝਾਂ ਗਾਈਆਂ ਹੋਰ ਦੇ ਦੇ, ਤੇਰੇ ਨਾਲ ਸਾਡਾ ਹੋਰ ਤੁਅੱਲਕ ਨਹੀਂ ਹੈ। ਤੂੰ ਕਹਿੰਦੈ, ਨਾਮ ਜਪਣੈ, ਸਾਡੇ ਤੋਂ ਨਹੀਂ ਜਪ ਹੁੰਦਾ। ਸਾਨੂੰ ਵਿਹਲ ਹੀ ਨਹੀਂ ਹੈ। ਉਹ ਕਹਿੰਦੇ, ਤੁਸੀਂ ਚਲਿਆ ਜਾਣੈ ਇਥੋਂ। ਕਹਿੰਦੇ -

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥*
*ਜੋ ਸੈਤਾਨਿ ਵੰਵਾਇਆ ਸੇ ਕਿਤ ਫੇਰਹਿ ਚਿਤ ॥*

*ਅੰਗ- ੧੩੭੮*

ਚਾਰੇ ਵੇਦ, ਸਤਾਈ ਸਿਮ੍ਰਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ, ਬਾਈਬਲ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਸਾਰੇ ਸਾਧੂ ਮਹਾਤਮਾ ਮੱਤ ਦਿੰਦੇ ਨੇ। ਕਹਿੰਦੇ - ***'ਜੋ ਸੈਤਾਨਿ ਵੰਵਾਇਆ ਸੇ ਕਿਤ ਫੇਰਹਿ ਚਿਤ ॥'*** ਜਿਹਦੇ ਅੰਦਰ ਖੁਟਰਪੁਣਾ ਆ ਗਿਆ, ਮਸਤਪੁਣਾ ਆ ਗਿਆ, ਮਨਮੁਖਤਾਈ ਆ ਗਈ, ਉਹ ਚਿੱਤ ਨਹੀਂ ਫੇਰਦਾ, ਚਿੱਤ ਫਿਰੇ ਬਿਨਾਂ ਗੱਲ ਨਹੀਂ ਬਣਦੀ। ਨਲਕਾ ਚੱਲ ਰਿਹੈ ਉਤੋਂ, ਬੋਤਲ ਭਰਨੀ ਹੈ ਪਾਣੀ ਦੀ, ਉਹ ਜੇ ਧਾਰ ਤੋਂ ਦੋ ਉਂਗਲ ਪਰ੍ਹੇ ਰੱਖੀ ਹੋਈ ਹੈ, ਸਾਰਾ ਦਿਨ ਸਾਰੀ ਰਾਤ ਚਲਾਈ ਜਾਓ, ਇਕ ਵੀ ਕਤਰਾ ਉਹਦੇ ਵਿਚ ਨਹੀਂ ਜਾਣਾ ਕਿਉਂਕਿ ਚੂਕ ਹੈ ਉਹਦੇ ਵਿਚ। ਇਹ ਤਾਂ ਬਿਲਕੁਲ ਸਨਮੁਖ ਹੋਣਾ ਪੈਂਦੈ। ਸੋ ਉਹਦੇ ਵਾਸਤੇ ਜੋ ਬੇਨਤੀਆਂ ਕੀਤੀਆਂ ਗਈਆਂ ਸੀ, ਕੋਈ ਤਰੀਕਾ ਤਾਂ ਦੱਸੋ ਸਾਨੂੰ, ਸਾਡੇ ਤੋਂ ਨਹੀਂ ਬੋਝ ਚੁੱਕ ਹੁੰਦਾ।

ਇਕ ਵਾਰੀ 15 ਸੈਕਟਰ ਦੀਵਾਨ ਲੱਗੇ ਹੋਏ, 10 ਦਿਨ ਮੈਂ ਕੀਰਤਨ ਕਰੀ ਗਿਆ। ਦਸਵੇਂ ਦਿਨ ਇਕ ਪ੍ਰੇਮੀ ਆਇਆ। ਕਹਿੰਦਾ, ਜੀ ਤੁਹਾਡੇ ਨਾਲ ਗੱਲ ਕਰਨੀ ਹੈ, ਗੁਰਦੁਆਰੇ ਦੇ ਪਿੱਛੇ ਆ ਜਾਓ। ਮੈਂ ਕਿਹਾ, ਚੰਗਾ। ਉਹਨੇ ਕਿਹਾ ਕਿ ਇਹ ਗੱਲ ਜਿਹੜੀ ਤੁਸੀਂ ਅੱਜ ਕਹੀ ਹੈ, 10 ਦਿਨ ਪਹਿਲਾਂ ਕਿਉਂ ਨਾ ਕਹੀ। 10 ਦਿਨ ਤੁਸੀਂ ਗੱਲ ਕਹਿਣ ਵਾਸਤੇ ਲਾ ਦਿਤੇ। ਮੈਂ ਕਿਹਾ, ਤਾਂ ਨਹੀਂ ਕਹੀ, ਬੱਚੇ ਤੋਂ ਕੁਇੰਟਲ ਬੋਝ ਚੁੱਕਿਆ ਨਹੀਂ ਸੀ ਜਾਣਾ। ਉਹਨੂੰ 10 ਸਾਲ ਦੇ ਵਿਚ ਤਿਆਰ ਕੀਤਾ ਹੈ ਤਾਂ ਜਾ ਕੇ ਉਹ ਤਾਕਤਵਾਰ ਹੋਇਐ। ਹੁਣ ਉਹਨੇ ਗੁਰੂ ਦਾ ਬਚਨ ਚੁੱਕ ਲੈਣੈ। ਗੁਰੂ ਮਹਾਰਾਜ ਨੇ ਤਾਂ ਕਹਿ ਦਿਤਾ। ਪਰ ਹੁਣ ਇਹ ਹੈ ਕਿ ਨਾਮ ਜਪ ਨਹੀਂ ਹੁੰਦਾ, ਜਪ ਕੇ ਦੇਖ ਲਓ। ਹੁਣੇ ਹੀ ਵਾਸ਼ਨਾਵਾਂ ਉਠ ਖੜ੍ਹਨਗੀਆਂ। ਉਹ ਜਿਹੜੇ ਬੇਅੰਤ ਵੈਰੀ ਪਏ ਨੇ -

*ਚੁਨ ਚੁਨ ਸਤ੍ਰ ਹਮਾਰੈ ਮਾਰੀਐ।* *ਚੌਪਈ ਸਾਹਿਬ*

ਉਹ ਜਿਹੜੇ ਬੇਅੰਤ ਸ਼ਤਰੂ ਅੰਦਰ ਪਏ ਨੇ ਜਿਹਦੇ ਬਾਰੇ ਗੁਰੂ ਦਸਵੇਂ ਪਾਤਸ਼ਾਹ ਕਹਿੰਦੇ ਨੇ ਕਿ ਹੇ ਵਾਹਿਗੁਰੂ! ਮੇਰੇ ਸ਼ਤਰੂਆਂ ਨੂੰ ਅੱਜ ਹੀ ਮਾਰ ਦੇ। ਹੁਣ ਤਾਂ ਜੇ ਅਸੀਂ ਇਹਦਾ ਅਰਥ ਕਰੀਏ ਕਿ ਜਿਹੜੇ ਮੇਰੇ ਦੁਸ਼ਮਣ ਨੇ ਦੁਨੀਆਂ ਵਿਚ, ਉਹਨੂੰ ਹੇ ਵਾਹਿਗੁਰੂ! ਅੱਜ ਹੀ ਖਤਮ ਕਰ ਦੇ। ਕਈ ਇਸ ਤਰ੍ਹਾਂ ਸਮਝਦੇ ਨੇ। ਪਰ ਜਦੋਂ ਅਸੀਂ ਆਪਣੇ ਗੁਰੂ ਤੋਂ ਪੁੱਛਦੇ ਹਾਂ ਕਿ ਸੱਚੇ ਪਾਤਸ਼ਾਹ! ਸਾਡੇ ਦੁਸ਼ਮਣ ਨੇ? ਮਹਾਰਾਜ ਕਹਿੰਦੇ, ਬਿਲਕੁਲ ਨਹੀਂ ਹੈ –

*ਜਬ ਧਾਰੈ ਕੋਊ ਬੈਰੀ ਮੀਤੁ ॥*
*ਤਬ ਲਗੁ ਨਿਹਚਲੁ ਨਾਹੀ ਚੀਤੁ ॥* *ਅੰਗ- ੨੭੮*

ਤੁਸੀਂ ਤਾਂ ਫੇਰ ਮਾਇਆ ਦੇ ਚੱਕਰ ਵਿਚ ਵੈਰੀ-ਮਿੱਤਰ ਧਾਰ ਲਏ। ਇਹ ਤਾਂ ਆਉਂਦੇ ਜਾਂਦੇ ਨੇ –

*ਬਿਸਰਿ ਗਈ ਸਭ ਤਾਤਿ ਪਰਾਈ ॥*
*ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ ॥* *ਅੰਗ- ੧੨੯੯*

ਜਦੋਂ ਵੈਰੀ ਹੈ ਹੀ ਨਹੀਂ, ਅਸੀਂ ਕਾਹਦੀ ਅਰਦਾਸ ਕਰੀਏ। ਪੜ੍ਹਦੇ ਹਾਂ ਕਿ ਹੇ ਵਾਹਿਗੁਰੂ! ਮੇਰੇ ਦੁਸ਼ਮਣ ਮਾਰ ਦੇ, ਹੁਣੇ ਹੀ ਮਾਰ ਦੇ। ਜਿਥੇ ਵੀ ਹੈਗੇ ਉਹਨਾਂ ਨੂੰ ਰਣ ਦੇ ਵਿਚ ਮਾਰ ਦੇ। ਰਣ ਤਾਂ ਉਹਨੂੰ ਕਿਹਾ ਜੋ ਹਰ ਵਕਤ ਅੰਦਰ ਲੱਗਿਆ ਪਿਐ। ਇਕ ਲੇਖ ਹੈ 'ਮਨ ਮਵਾਸੀ ਰਾਜਾ' ਕਦੇ ਪੜ੍ਹ ਲਿਓ। 'ਆਤਮ ਮਾਰਗ' ਦੇ ਕਿਸੇ ਮੈਗਜ਼ੀਨ ਵਿਚ ਮਿਲ ਜਾਵੇਗਾ। ਐਡਾ ਵੱਡਾ ਰਣ ਮੰਨਿਆ ਹੋਇਆ ਹੈ ਨਾ ਉਥੇ ਕਿ ਕਿਵੇਂ ਝੰਡੇ ਲੈ ਕੇ ਅਗਾਂਹਾਂ ਨੂੰ ਆਉਂਦੈ, ਕਿੰਨੇ ਤੀਰ ਲੈ ਕੇ ਆਉਂਦੈ। ਕ੍ਰੋਧ ਕਿੰਨੇ ਲੈ ਕੇ ਆਉਂਦੈ, ਲੋਭ ਕਿੰਨੇ, ਮੋਹ ਕਿੰਨੇ; ਲਿਖਦੇ-ਲਿਖਦੇ ਨੇ ਉਥੇ ਮੈਂ 60 ਲਿਖ ਦਿਤੇ ਦੁਸ਼ਮਣ। ਅਰ ਇਕ ਤੋਂ ਇਕ ਤਕੜੈ। ਆਦਮੀ ਦੀ ਪੇਸ਼ ਹੀ ਨਹੀਂ ਚੱਲਣ ਦਿੰਦਾ। ਨਾਮ ਵਲ ਜਾਣ ਹੀ ਨਹੀਂ ਦਿੰਦਾ। ਉਹਨਾਂ ਦੁਸ਼ਮਣਾਂ ਨੂੰ ਅਸੀਂ ਦੁਸ਼ਮਣ ਗਿਣਦੇ ਹਾਂ ਕਿਉਂਕਿ ਉਹ ਸਾਨੂੰ ਲੰਘਣ ਨਹੀਂ ਦਿੰਦੇ। ਇਹ ਜਿਹੜਾ ਸੰਸਾਰ ਹੈ ਇਹ ਤਾਂ ਵਾਹਿਗੁਰੂ ਦਾ ਰੂਪ ਹੈ ਸਾਰਾ। ਮਹਾਰਾਜ ਕਹਿੰਦੇ, ਇਥੇ ਤਾਂ ਦੁਸ਼ਮਣ ਹੀ ਨਹੀਂ ਕੋਈ –

*ਵਵਾ ਵੈਰੁ ਨ ਕਰੀਐ ਕਾਹੂ ॥*
*ਘਟ ਘਟ ਅੰਤਰਿ ਬ੍ਰਹਮ ਸਮਾਹੂ ॥* *ਅੰਗ- ੨੫੯*

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥*
*ਅੰਗ- ੧੩੮੨*

ਸੋ ਉਹਦੇ ਵਾਸਤੇ ਸਾਨੂੰ ਜੂਝਣਾ ਪੈਂਦੈ। ਰੋਜ਼ ਲੜਾਈ ਕਰਨੀ ਪੈਂਦੀ। ਸੋ ਹੋਵੇ ਕਿਵੇਂ? ਉਹ ਕੱਲ੍ਹ ਦਸਿਆ ਸੀ ਕਿ ਤੁਸੀਂ ਗੁਰੂ ਧਾਰਨ ਕਰ ਲਓ। ਗੁਰੂ ਹੁੰਦੈ ਸਮਰੱਥ। ਉਹਦੀ ਛੱਤਰ-ਛਾਇਆ ਵਿਚ ਜੇ ਆ ਜਾਓ। ਨੇੜੇ ਤੇੜੇ ਵੀ ਨਹੀਂ ਇਹ ਚੋਰ ਆਉਣਗੇ। ਉਹਨਾਂ ਨੇ ਦੇਣੈ ਤੁਹਾਨੂੰ ਇਕ ਮੰਤਰ, ਉਹ ਜਦੋਂ ਤੁਸੀਂ ਮੰਤਰ ਦਾ ਉਚਾਰਨ ਕਰੋਂਗੇ, ਇਹ ਵੀ ਨੱਠ ਜਾਣਗੇ –

*ਨਾਮੁ ਸੁਣਤ ਜਮੁ ਦੂਰਹੁ ਭਾਗੈ ॥* *ਅੰਗ- ੧੧੫੦*

ਜਮ ਵੀ ਨੱਠ ਜਾਏਗਾ ਕਿ ਇਥੇ ਤਾਂ ਨਾਮ ਜਪਿਆ ਜਾ ਰਿਹੈ।

ਇਕ ਵਾਰੀ ਐਸੀ ਗੱਲ ਹੋਈ। ਕਾਸ਼ੀ, ਬਨਾਰਸ ਦੀ ਗੱਲ ਮੈਂ ਸੁਣਾਉਂਦਾ ਹਾਂ। ਇਕ ਮਹਾਤਮਾ ਹੋਏ ਨੇ ਬਹੁਤ ਉੱਚ ਕੋਟੀ ਦੇ। ਅਨਪ੍ਰੜ ਸੀ ਬਿਲਕੁਲ। ਬੀਬੀ ਸੀ ਉਹ। ਅਨੰਦਮਈ ਮਾਂ ਉਹਨਾਂ ਨੂੰ ਕਹਿੰਦੇ ਸੀ। ਉਹ ਬਨਾਰਸ ਗਈ ਹੋਈ ਸੀ। ਇਕ ਬੱਚਾ ਢਾਈ ਸਾਲ ਦਾ ਖੇਲ੍ਹਦਾ-ਖੇਲ੍ਹਦਾ ਮਾਤਾ ਜੀ ਕੋਲ ਆ ਗਿਆ। ਬੜਾ ਹੀ ਮਨਮੋਹਣਾ ਸੀ। ਮਹਾਰਾਜ ਜੀ ਨੇ ਉਹਦੇ ਸਿਰ 'ਤੇ ਹੱਥ ਰੱਖਿਆ। ਬੜੀ ਹੀ ਗੌਰ ਦੇ ਨਾਲ ਆਪ ਨੇ ਉਸ ਨੂੰ ਦੇਖਿਆ। ਉਸ ਤੋਂ ਬਾਅਦ ਆਪ ਦੇ ਚਿਹਰੇ ਦਾ ਰੰਗ ਬਦਲ ਗਿਆ। ਸੇਠ ਦੇਖ ਰਿਹੈ ਕਿ ਪਹਿਲਾਂ ਹੋਰ ਰੰਗ ਸੀ, ਹੁਣ ਹੋਰ ਰੰਗ ਹੈ। ਅੱਛਾ! ਤੇਰੀ ਰਜ਼ਾ; ਬੱਸ ਐਨਾ ਉਹਨਾਂ ਦੇ ਮੂੰਹੋਂ ਨਿਕਲਿਆ।

ਸੇਠ ਕਹਿਣ ਲੱਗਿਆ, ਮਾਤਾ ਜੀ! ਪਹਿਲਾਂ ਤੁਸੀਂ ਇਹਦੇ ਸੀਸ 'ਤੇ ਹੱਥ ਰੱਖਿਆ। ਬੜੇ ਪਿਆਰ ਨਾਲ ਦੇਖਿਆ। ਫੇਰ ਤੁਸੀਂ ਕਿਹਾ, ਅੱਛਾ! ਤੇਰੀ ਮਰਜ਼ੀ। ਇਹ ਤੁਸੀਂ ਕੋਈ ਗੁਪਤ ਗੱਲ ਕਹਿ ਗਏ, ਕ੍ਰਿਪਾ ਕਰਕੇ ਮੈਨੂੰ ਦਸੋ ਕਿ ਕੀ ਕਹਿ ਦਿਤਾ। ਕਹਿੰਦੇ, ਭੇਤ ਹੁੰਦੇ ਨੇ ਭਾਈ!–

*ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥*
*ਅੰਗ- ੧੩੮੪*

ਰੱਬ ਦੇ ਬਿਲਕੁਲ ਨਾਲ ਰਹਿੰਦੇ ਹੋਏ ਵੀ, ਪਤਾ ਹੁੰਦਾ ਹੈ ਕਿ ਇਸ ਤਰ੍ਹਾਂ ਹੋਣਾ ਹੈ, ਤਾਂ ਵੀ ਭੇਤ ਨਹੀਂ ਦਿੰਦੇ। ਗੁਰੂ ਦਸਵੇਂ ਪਾਤਸ਼ਾਹ ਨੇ ਭੇਤ ਦਿਤਾ ਸੀ ਕਿ ਸਾਹਿਬਜ਼ਾਦੇ ਉਥੇ ਸ਼ਹੀਦ ਹੋ ਜਾਣਗੇ? ਜਾਂ ਮੇਰੇ ਕੋਈ ਖੰਜਰ ਮਾਰੇਗਾ? ਜੇ ਭੇਤ ਦਿੰਦੇ ਤਾਂ ਪਹਿਲਾਂ ਹੀ ਬੰਦੋਬਸਤ ਕਰ ਲੈਂਦੇ। ਭੇਤ ਨਹੀਂ ਦਿੰਦਾ ਹੁੰਦਾ ਕੋਈ ਵੀ। ਰੱਬ ਦੀ ਰਜ਼ਾ, ਜੋ ਹੋ ਰਿਹੈ, ਹੋ ਰਿਹੈ।

ਸੇਠ ਜਦੋਂ ਬਹੁਤ ਖਹਿੜੇ ਪੈ ਗਿਆ ਤਾਂ ਅਨੰਦਮਈ ਮਾਂ ਕਹਿਣ ਲੱਗੇ ਕਿ ਸੇਠ ਜੀ! ਅੱਜ ਰਾਤ ਨੂੰ 2 ਵਜੇ ਇਸ ਬੱਚੇ ਨੇ ਚੜ੍ਹਾਈ ਕਰ ਜਾਣੀ ਹੈ। ਅਸੀਂ ਤਾਂ ਕਿਹਾ ਸੀ ਕਿ ਅੱਛਾ ਤੇਰੀ ਮਰਜ਼ੀ। ਸੇਠ ਨੇ ਚਰਨ ਫੜ ਲਏ, ਛੱਡੇ ਹੀ ਨਹੀਂ ਕਿ ਕ੍ਰਿਪਾ ਕਰੋ। ਉਹ ਕਹਿੰਦੇ, ਹੋਰ

ਤਾਂ ਇਲਾਜ ਕੋਈ ਨਹੀਂ ਹੈ, ਜਮਦੂਤਾਂ ਨੂੰ ਨਹੀਂ ਅਸੀਂ ਨੇੜੇ ਆਉਣ ਦਿੰਦੇ। ਉਹਨਾਂ ਨੇ ਸਾਰੇ ਸਾਧੂਆਂ ਨੂੰ ਕਹਿ ਦਿਤਾ ਕਿ ਆਸਣ ਲਾ ਲਓ, ਕੋਠੀ ਦੇ ਬਾਹਰ ਅੰਦਰ, ਬਾਗ ਦੇ ਵਿਚ, ਕਮਰੇ 'ਚ ਜਿਥੇ ਬੱਚਾ ਸੁੱਤਾ ਪਿਆ ਹੈ। ਉਥੇ ਬਹਿ ਜਾਓ ਦੋ ਸੰਤ। ਦੋ ਦਰਵਾਜ਼ੇ ਕੋਲ ਖੜ੍ਹ ਜਾਓ। ਜਿਥੇ-ਜਿਥੇ ਵੀ ਸਾਧੂ ਬੈਠੇ ਹਨ ਸਭ ਭਜਨ ਕਰੀ ਜਾਇਓ। ਜਿਸ ਵਕਤ ਜਮਦੂਤ ਆਉਣਗੇ ਤਾਂ ਜਿਹੜੇ ਅੰਦਰਲੇ ਸਾਧੂ ਨੇ, ਇਹ ਹਰੇ ਰਾਮ-ਹਰੇ ਰਾਮ ਉੱਚੀ ਦੇ ਕੇ ਕਹਿਣਗੇ। ਫੇਰ ਤੁਸੀਂ ਸਾਰੇ ਹੀ ਲਗ ਜਾਇਓ। ਇਸੇ ਤਰ੍ਹਾਂ ਹੋਇਆ, ਜਿਹੜੇ ਮਹਾਤਮਾ ਦੀ ਡਿਊਟੀ ਸੀ, ਇਹ ਤਾਂ ਮੈਂ ਅੱਖੀਂ ਦੇਖੀ ਹੋਈ ਗੱਲ ਦਸੀ ਹੈ। ਪੜ੍ਹੀ ਲਿਖੀ ਨਹੀਂ ਮੈਂ ਕਿਤੋਂ ਵੀ। ਕਹਿੰਦਾ, ਮੇਰੀ ਡਿਊਟੀ ਸੀ। ਕਹਿੰਦਾ, ਭਜਨ ਤਾਂ ਅਸੀਂ ਕਰਦੇ ਹੀ ਸੀ। ਕੀ ਦੇਖਿਆ ਕਿ ਦੋ ਬੰਦੇ ਆਏ, ਇਕ ਦੇ ਹੱਥ ਵਿਚ ਕਿਤਾਬ ਜਿਹੀ ਸੀ। ਉਹ ਉਂਗਲੀ ਕਰਦੈ ਕਿ ਔਹ ਪਿਐ, ਔਹ ਪਿਐ ਜਿਹਨੂੰ ਆਪਾਂ ਲੈ ਕੇ ਜਾਣਾ ਹੈ। ਕਹਿੰਦੇ, ਮੇਰੀ ਨਿਗ੍ਹਾ 'ਚ ਸੀ, ਮੈਂ ਉਸੇ ਵੇਲੇ ਹਰੇ ਰਾਮ-ਹਰੇ ਰਾਮ ਉੱਚੀ ਦੇ ਕੇ ਕਹਿ ਦਿਤਾ। ਮੇਰੇ ਨਾਲ ਦੇ ਵੀ ਨੇ ਪੂਰੇ ਜ਼ੋਰ ਨਾਲ ਉੱਚੀ ਦੇ ਕੇ ਕਿਹਾ, ਬਾਹਰਲੇ ਵੀ ਕਹਿਣ ਲਗ ਗਏ। ਕਹਿੰਦੇ, ਉਹ ਜਿਉਂ ਨੱਠੇ, ਕੋਠੀ ਛੱਡ ਕੇ। ਅਸੀਂ ਕਹਿੰਦਾ, ਸਾਰੀ ਰਾਤ, ਹਰੇ ਰਾਮ-ਹਰੇ ਰਾਮ ਕਰਦੇ ਰਹੇ। ਸਵੇਰਾ ਹੋਇਆ, ਮਾਤਾ ਜੀ ਕੋਲ ਬੱਚਾ ਲਿਆਏ, ਕਹਿੰਦੇ ਹੁਣ ਨਹੀਂ ਆਉਂਦੇ। ਹੁਣ ਇਹਨੂੰ ਉਮਰ ਸੰਤਾਂ ਨੇ ਦੇ ਦਿਤੀ। ਜਿਵੇਂ ਮਾਰਕੰਡੇ ਨੂੰ ਸਾਧੂਆਂ ਨੇ ਉਮਰ ਦਿਤੀ ਸੀ। 11 ਸਾਲ ਦੀ ਉਮਰ ਵਿਚ ਉਹਦੀ ਉਮਰ ਖਤਮ ਹੋ ਰਹੀ ਸੀ। ਸਾਧੂਆਂ ਨੂੰ ਜਾ ਕੇ ਨਮਸ਼ਕਾਰ ਕਰਨ ਲਗ ਗਿਆ। ਪਹਿਲੇ ਸੰਤਾਂ ਨੇ ਕਿਹਾ, ਚਿਰੰਜੀਵ ਹੋ, ਦੂਜੇ ਨੇ ਵੀ, ਤੀਸਰੇ ਨੇ ਵੀ...। ਜਦੋਂ ਵੱਡੇ ਮਹਾਂਪੁਰਸ਼ਾਂ ਕੋਲ ਗਿਆ, ਤਾਂ ਉਹਨਾਂ ਨੇ ਵੀ ਕਿਹਾ ਚਿਰੰਜੀਵ ਹੋ। ਉਸ ਨੇ ਕਿਹਾ ਕਿ ਮੇਰੀ ਤਾਂ ਉਮਰ ਕੱਲ੍ਹ ਨੂੰ ਖਤਮ ਹੈ। ਅੰਤਰ ਧਿਆਨ ਹੋਏ। ਕਹਿੰਦੇ, ਖਤਮ ਨਹੀਂ ਹੈ, ਤੂੰ ਐਨੇ ਸੰਤਾਂ ਦੇ ਚਰਨਾਂ 'ਤੇ ਨਮਸ਼ਕਾਰ ਕਰੀ ਹੈ। ਉਹਨਾਂ ਆਸ਼ੀਰਵਾਦ ਦਿਤੀ ਹੈ ਤੇਰੀ ਉਮਰ ਸਭ ਤੋਂ ਜ਼ਿਆਦਾ ਹੀ ਹੋਏਗੀ। ਮਹਾਰਾਜ ਨੇ ਕਿਹੈ-

*ਮਾਰਕੰਡੇ ਤੇ ਕੋ ਅਧਿਕਾਈ*
*ਜਿਨਿ ਤ੍ਰਿਣ ਧਰਿ ਮੂੰਡ ਬਲਾਏ ॥* ਅੰਗ- ੬੯੨

ਐਡੀ ਉਮਰ ਵਾਲਾ ਮਾਰਕੰਡਾ ਹੋਇਐ। ਸੋ ਨਾਮ ਦੇ ਵਿਚ ਕਿੰਨੀ ਸ਼ਕਤੀ ਹੈ। ਸਾਰੇ ਦਰਿੱਦਰਾਂ, ਰੋਗਾਂ ਸਭ ਚੀਜ਼ਾਂ ਦਾ ਖਾਤਮਾ ਕਰ ਦਿੰਦੈ। ਫੇਰ ਅਸੀਂ ਕਹਿੰਦੇ ਹਾਂ ਕਿ ਅਸੀਂ ਕੀ ਕੰਮ ਨਾ ਕਰੀਏ? ਕੰਮ ਕਰਨਾ ਨਾ ਕਰਨਾ ਸਾਡੇ ਹੱਥ ਵਿਚ ਨਹੀਂ ਹੈ -

*ਇਸ ਕਾ ਬਲੁ ਨਾਹੀ ਇਸੁ ਹਾਥ ॥*
*ਕਰਨ ਕਰਾਵਨ ਸਰਬ ਕੋ ਨਾਥ ॥*
*ਆਗਿਆਕਾਰੀ ਬਪੁਰਾ ਜੀਉ ॥*
*ਜੋ ਤਿਸੁ ਭਾਵੈ ਸੋਈ ਫੁਨਿ ਥੀਉ ॥* ਅੰਗ- ੨੭੭

ਕਹਿੰਦੇ, ਇਹਦੇ ਹੱਥ ਵਿਚ ਹੀ ਨਹੀਂ ਹੈ।

*ਮਤਾ ਕਰੈ ਪਛਮ ਕੈ ਤਾਈ*
*ਪੂਰਬ ਹੀ ਲੈ ਜਾਤ ॥* ਅੰਗ - ੪੯੬

ਕਹਿੰਦਾ, ਜਾਣਾ ਮੈਂ ਰੋਪੜ ਨੂੰ ਹੈ ਚੰਡੀਗੜ੍ਹ ਵਲ ਨੂੰ ਹੀ ਤੁਰ ਜਾਉਂ। ਇਹਦੇ ਹੱਥ ਵਿਚ ਨਹੀਂ ਹੈ, ਇਹ ਮੱਲੋ-ਮੱਲੀ ਹਉਮੈ ਦੇ ਬਲ ਕਰਕੇ ਕਹਿੰਦੈ, ਮੈਂ ਕਰਦਾ ਹਾਂ। ਹੁਣ 'ਗੁਰੂ' ਬਾਰੇ ਪਿਛਲੇ ਦੀਵਾਨ 'ਚ ਸੁਣਿਆ ਸਾਰ। ਅੱਜ ਚੱਲ ਪਿਆ ਅਗਾਹਾਂ ਕਿ ਗੁਰੂ ਤਾਂ ਧਾਰ ਲਿਆ, ਹੁਣ ਸਿੱਖ ਦਾ ਕੀ ਫਰਜ਼ ਹੈ। ਸਿੱਖ ਗੁਰੂ ਨਾਲ ਵਰਤੇ ਕਿਵੇਂ? ਬਈ ਗੁਰੂ ਕੋਲ ਜਿਹੜੀ ਅਸਲੀ ਚੀਜ਼ ਹੈ ਉਹ ਲਵੇ ਕਿਵੇਂ? ਮਹਾਰਾਜ ਕਹਿੰਦੇ -

*ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ ॥*
ਅੰਗ- ੪੦

ਜਦੋਂ ਅਸੀਂ ਸਤਿਗੁਰੂ ਦੀ ਸੇਵਾ ਵਿਚ ਲਗ ਗਏ। ਸਤਿਗੁਰੂ ਕੋਲ ਸਭ ਤੋਂ ਅਮੁੱਲ ਦਾਤ ਜਿਹੜੀ ਹੈ ਉਹ 'ਨਾਮ' ਦੀ ਹੈ। ਜਿਹੜੇ ਬੰਦੇ ਰੱਬ ਕੋਲ ਆ ਕੇ ਕਹਿੰਦੇ ਨੇ ਕਿ ਸਾਡੀ ਤੂੜੀ ਮੁੱਕੀ ਹੋਈ ਹੈ। ਮਹਾਰਾਜ ਕਹਿੰਦੇ, ਉਹ ਤਾਂ ਮੂਰਖ ਨੇ। ਜੇ ਮੰਗਣਾ ਹੈ ਤਾਂ ਪਿਆਰਿਆ! ਪ੍ਰਮੇਸ਼ਰ ਦਾ ਨਾਮ ਮੰਗ, ਸੱਚੇ ਦਿਲ ਨਾਲ। ਨਾਮ ਮੰਗ ਲਿਆ, ਸਭ ਕੁਝ ਆ ਗਿਆ -

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥* ਅੰਗ - ੬੪੯

ਹੁਣ ਗੁਰੂ ਨਾਲ ਵਰਤਾਵਾ ਕਿਵੇਂ ਹੋਵੇ? ਵਿਚਾਲੇ ਲੱਗਿਆ ਹੋਇਐ ਬੰਨ੍ਹ, ਓਧਰਲੇ ਪਾਸੇ ਅੰਮ੍ਰਿਤ ਦੀ ਧਾਰ ਆਉਣੀ ਹੈ, ਇਧਰਲੇ ਪਾਸੇ ਬੰਨ੍ਹ ਲੱਗਿਆ ਹੋਇਐ; ਉਹ ਬੰਨ੍ਹ ਕਾਹਦੈ? ਸਾਡੀ ਹੋਂਦ ਦਾ, ਜਿਹਨੂੰ ਅਸੀਂ ਮੈਂ ਕਹਿੰਦੇ ਹਾਂ। ਮੈਂ ਵਰਿਆਮ ਸਿੰਘ, ਇਹ ਬੰਨ੍ਹ ਲੱਗਿਆ ਹੋਇਐ। ਇਹਨੂੰ bad conducter ਕਹਿੰਦੇ ਨੇ ਅੰਗ੍ਰੇਜ਼ੀ ਵਿਚ। ਰਬੜ ਦੇ ਦਸਤਾਨੇ ਪਾ ਕੇ ਬਿਜਲੀ ਦੀਆਂ ਤਾਰਾਂ ਨੂੰ ਹੱਥ ਲਾਈ ਜਾਓ, ਕਦੇ ਨਹੀਂ ਕਰੰਟ ਆਉਂਦੀ। ਇਹ ਜਿਹੜਾ 'ਮੈਂ' ਭਾਵ ਸਾਡੇ ਅੰਦਰ ਆ ਗਿਆ, ਰੱਬ ਸਾਡੇ ਅੰਦਰ ਬਾਹਰ ਸਾਰੇ ਪ੍ਰੀਪੂਰਨ ਹੈ ਇਹ ਰੱਬ ਨੂੰ ਜਾਨਣ ਹੀ ਨਹੀਂ ਦਿੰਦਾ। ਇਹ ਹਉਮੈ ਨੇ ਤਿੰਨ ਟੁਕੜੇ ਕਰ ਦਿਤੇ ਚੇਤਨ ਦੇ। ਹੈਗਾ ਤਾਂ ਇਕੋ ਹੀ, ਟੁਕੜੇ ਕਰਨ ਦੀ ਤਾਂ ਇਹਦੇ ਵਿਚ ਤਾਕਤ ਨਹੀਂ ਪਰ ਦਿਖਾ ਦਿਤਾ ਇਹਨੇ। ਕਿਵੇਂ

ਦਿਖਾ ਦਿਤਾ? ਤੁਸੀਂ ਰਾਤ ਨੂੰ ਬਾਹਰ ਪਏ ਹੋਂ ਕੋਠੇ ਉਤੇ। ਚੰਦ ਚਮਕਦਾ ਹੈ ਪੂਰਨਮਾਸ਼ੀ ਦਾ। ਤੁਸੀਂ ਅੱਖ ਦੇ ਕੋਏ ਵਿਚ ਥੋੜ੍ਹਾ ਜਿਹਾ ਦਬਾਓ ਪਾ ਦਿਓ। ਨਜ਼ਰ ਕੀ ਆਏਗਾ, ਦੋ ਚੰਦਰਮਾ ਨਜ਼ਰ ਆਉਣਗੇ। ਸੀਗਾ ਤਾਂ ਇਕੋ ਹੀ। ਹੁਣ ਦੋ ਦਿਸਦੇ ਨੇ। ਦੋਹਾਂ ਦੇ ਵਿਚਾਲੇ ਉਂਗਲੀ ਕਰਕੇ ਦੇਖੋ, ਉਂਗਲੀ ਦੇ ਦੋਹੀਂ ਪਾਸੇ ਦਿਖਦੇ ਨੇ। ਹੁਣ ਚੰਦਰਮਾ ਤਾਂ ਇਕੋ ਹੀ ਹੈ ਦੋ ਤਾਂ ਹੈ ਨਹੀਂ। ਪਰ ਸਾਨੂੰ ਨਜ਼ਰ ਦੋ ਆਉਂਦੇ ਨੇ। ਹੈ ਤਾਂ ਵਾਹਿਗੁਰੂ ਸਾਰੇ ਪ੍ਰੀਪੂਰਨ ਹੈ, ਇਕ ਤੱਤ ਹੈ ਹਉਮੈ। ਹਉਮੈ ਤੱਤ ਨੇ ਸਾਡੀ ਜਿਹੜੀ ਸੁਰਤ ਹੈ, ਸਾਡੇ ਵਿਚ ਹੋਸ਼ ਹੈ, ਜਿਹਨੂੰ ਅਸੀਂ ਭੁੱਲ ਕੇ ਸਰੀਰ ਕਹਿੰਦੇ, ਸਰੀਰ ਨਹੀਂ ਹੈ। ਉਹ ਜਿਹੜੀ ਹੋਸ਼ ਜਿਹੀ ਹੈ, ਉਹ ਆਪਾਂ ਹਾਂ। ਉਹ ਛੋਟੀ ਬਣਾ ਦਿਤੀ। ਛੋਟੀ ਬਣਾ ਕੇ ਉਹਦਾ ਨਾਉਂ ਜੀਵ ਪੈ ਗਿਆ। ਹੁਣ ਵਿਚਾਲੇ ਕੀ ਹੋ ਗਿਆ, ਵਿਚਾਲੇ ਹਉਮੈ ਆ ਗਈ। ਹਉਮੈ ਨਾਲ ਅਸੀਂ ਜਿਉਂਦੇ ਹੋ ਗਏ। ਵੱਖਰੇ ਜਿਉਂਦੇ ਹਾਂ, ਵਾਹਿਗੁਰੂ ਤਾਂ ਆਪੇ ਹੀ ਹੈ –

*ਏਕ ਮੂਰਤ ਅਨੇਕ ਦਰਸਨ ਕੀਨ ਰੂਪ ਅਨੇਕ।*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ।*

ਹੁਣ ਗੁਰੂ ਨਾਲ ਸਾਡਾ ਸੰਪਰਕ ਤਾਂ ਹੋ ਸਕੇਗਾ। ਗੁਰੂ ਦੀ ਕਰੰਟ ਸਾਡੇ ਵਿਚ ਤਾਂ ਆ ਸਕੇਗੀ ਜੇ ਅਸੀਂ bad conducter ਪਰ੍ਹੇ ਕਰ ਦਿਤਾ। ਜੇ ਕਾਰਬਨ ਲੱਗੀ ਹੋਈ ਹੈ, ਜੇ ਕਾਰਬਨ ਰੇਗਮਾਰ ਦੇ ਨਾਲ ਲਾਹ ਦਿਤੀ ਤਾਂ ਕਰੰਟ ਨੇ ਵਿਚੋਂ ਨਿਕਲਣੈ। ਕਾਰਾਂ ਵਾਲੇ ਜਾਣਦੇ ਨੇ। ਇਸੇ ਤਰ੍ਹਾਂ ਦੇ ਨਾਲ ਗੁਰੂ ਦੀ ਕਰੰਟ ਸਾਡੇ ਵਿਚ ਤਾਂ ਆਉਣੀ ਹੈ ਜੇ ਮੈਂ ਭਾਵ ਖਤਮ ਹੋਵੇ। ਮੈਂ ਭਾਵ ਨੂੰ ਜਿਉਂਦਾ ਕਹਿੰਦੇ ਨੇ। ਮਹਾਰਾਜ ਕਹਿੰਦੇ, ਇਹਨੂੰ ਮਾਰਨਾ ਪ੍ਰਵਾਨ ਕਰ ਲੈ –

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*

*ਅੰਗ– ੧੧੦੨*

ਮਰਨਾ ਕਬੂਲ ਲੈ। ਜਿਹੜਾ ਮੈਂ ਭਾਵ ਹੈ ਜਦੋਂ ਤਕ ਇਹ ਨਹੀਂ ਮਰਦਾ, ਗੁਰੂ ਨਾਲ ਸੰਪਰਕ ਨਹੀਂ ਹੁੰਦਾ। ਕਿਉਂਕਿ ਦੋ ਤਾਂ ਰਹਿੰਦੇ ਨਹੀਂ ਹਨ, ਰਹਿਣਾ ਇਕ ਨੇ ਹੈ। ਇਕ ਮਿਆਨ 'ਚ ਦੋ ਤਲਵਾਰਾਂ ਤਾਂ ਸਮਾਉਂਦੀਆਂ ਨਹੀਂ ਹਨ। ਇਕ ਨੂੰ ਆਪਣਾ ਆਪਾ ਗਵਾਉਣਾ ਪੈਣੈ। ਇਸੇ ਗੱਲ ਮੂਹਰੇ ਰੱਖ ਕੇ ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਫੁਰਮਾਨ ਕਰਿਆ ਹੈ –

*ਧਾਰਨਾ – ਮੁਰਦਾ ਹੋਇਕੇ ਮੁਰੀਦ ਬਣ ਜਾਵਣਾ।*

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*

*ਭਾਈ ਗੁਰਦਾਸ ਜੀ, ਵਾਰ ੩/੧੮*

ਜੇ ਅਸੀਂ ਕਹੀਏ ਕਿ ਅਸੀਂ ਗੁਰੂ ਦੇ ਸਿੱਖ ਬਣ ਗਏ। ਕਹਿੰਦੇ, ਹੋ ਹੀ ਨਹੀਂ ਸਕਦਾ। ਤੂੰ ਅਜੇ ਤਾਂ ਜਿਉਂਦਾ ਫਿਰਦੈਂ। ਗੁਰੂ ਪਹਿਲੀ ਗੱਲ ਹੀ ਇਹ ਕਹਿੰਦੈ–

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*

*ਅੰਗ– ੧੧੦੨*

ਸੰਤਾਂ ਨੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਦੀ ਮਿਸਾਲ ਦਿਤੀ, ਪੰਜ ਪਿਆਰਿਆਂ ਦੀ ਦਿਤੀ। ਜਿੰਨੀ ਦੇਰ ਤਕ ਮੁਰਦਾ ਨਹੀਂ ਹੁੰਦਾ, ਨਹੀਂ ਮਿਲਦਾ ਕੁਛ। ਸਾਰੇ ਧਰਮਾਂ ਦੇ ਇਤਿਹਾਸਾਂ ਦੇ ਅੰਦਰ ਇਹ ਗੱਲਾਂ ਆਉਂਦੀਆਂ ਨੇ। ਪਿਛਲੇ ਦੀਵਾਨ 'ਚ ਮੈਂ ਬੇਨਤੀ ਕਰ ਰਿਹਾ ਸੀ ਕਿ ਬਾਬਾ ਫਰੀਦ ਨੇ ਜ਼ੋਹਦ ਇਸ ਹੱਦ ਤਕ ਕੀਤਾ ਕਿ ਕਾਵਾਂ ਨੇ ਮੁਰਦਾ ਸਮਝ ਲਿਆ –

*ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ ॥*
*ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥*

*ਅੰਗ– ੧੩੮੨*

ਬੇਨਤੀਆਂ ਕਰਦੈ ਕਿ ਦੇਖਿਓ, ਮੇਰੀ ਅੱਖ ਵਿਚ ਨਾ ਠੂੰਗ ਮਾਰ ਦਿਓ। ਇਸ ਤਰ੍ਹਾਂ ਦੇ ਨਾਲ ਘੋਰ ਤਪਸਿਆ ਕੀਤੀ। ਫਰੀਦ ਜੀ, ਕਈ-ਕਈ ਮਹੀਨੇ, ਕਈ-ਕਈ ਸਾਲ ਲਗਾਤਾਰ ਤਪਸਿਆ ਕਰਦੇ ਸੀ। 24 ਸਾਲ ਉਹਨਾਂ ਦਾ ਤਪ ਮਸ਼ਹੂਰ ਹੈ। 24 ਸਾਲ ਤੋਂ ਬਾਅਦ ਇਕ ਬਹੁਤ ਵੱਡੇ ਮਹਾਤਮਾ ਸੂਫੀ ਪੀਰ ਸੀਗੇ, ਈਰਾਨ ਵਿਚ, ਉਹਨਾਂ ਦੀ ਮਹਿਮਾ ਸੁਣੀ, ਉਹਨਾਂ ਦੇ ਦਰਸ਼ਨ ਕਰਨ ਗਏ। ਉਥੇ ਜਦੋਂ ਗਏ ਤਾਂ ਉਹਨਾਂ ਨੇ ਬਾਬੇ ਫਰੀਦ ਨੂੰ ਨੇੜੇ ਬਿਠਾਲ ਲਿਆ। ਕਹਿੰਦੇ, ਉਰੇ ਆ ਜਾ ਇਥੇ ਬਹਿ ਜਾ। ਆਸਣ ਦਿਤਾ। ਆਪ ਉਹ ਕੁਰਸੀ 'ਤੇ ਬੈਠੇ ਸੀ। ਸਹਿਜ ਸੁਭਾਅ ਪੁਛ ਲਿਆ ਕਿ ਫਰੀਦਾ! ਕਿੱਥੇ ਕੁ ਪਹੁੰਚ ਗਿਆ। ਬੋਲਿਆ ਤਾਂ ਹੈ ਨਾ ਫਰੀਦ, ਕੁਰਸੀ ਵਲ ਨਿਗ੍ਹਾ ਕਰ ਦਿਤੀ। ਕੁਰਸੀ ਪੰਜ-ਛੇ ਫੁੱਟ ਉਤੇ ਚਲੀ ਗਈ ਉਠ ਕੇ। ਦੇਖਿਆ ਮਹਾਤਮਾ ਨੇ, ਉਹਨਾਂ ਨੇ ਥੱਲੇ ਹੱਥ ਮਾਰਿਆ, ਕੁਰਸੀ ਥੱਲੇ ਲਾਹ ਲਈ।

ਮਹਾਤਮਾ ਕਹਿਣ ਲੱਗੇ ਕਿ ਲੈ ਮੈਂ ਤੈਨੂੰ ਦਸਾਂ! ਤੂੰ ਅਜੇ ੳ, ਅ ਵੀ ਨਹੀਂ ਸਿਖਿਆ। ਹੁਣ ਇਹ ਤਾਂ ਕੁਰਸੀ ਚੁੱਕ ਰਿਹੈ ਨਿਗ੍ਹਾ ਨਾਲ, ਚੁੱਕ ਵੀ ਸੰਤ ਦੀ ਰਿਹੈ ਤੇ ਸੰਤ ਕਹਿੰਦੈ ਕਿ ਤੂੰ ਤਾਂ ਇਕ ਕਦਮ ਵੀ ਨਹੀਂ ਰੂਹਾਨੀਅਤ ਦਾ ਪੁੱਟਿਆ। ਹੈਰਾਨ ਹੋ ਗਿਆ ਕਿ ਇਹਨੂੰ ਕਹਿਣਾ ਤਾਂ ਚਾਹੀਦਾ ਸੀ ਕਿ ਬੜੀ ਸ਼ਕਤੀ ਆ ਗਈ ਤੇਰੇ 'ਚ।

ਅਸੀਂ ਤਾਂ ਸ਼ਕਤੀਆਂ ਨੂੰ ਹੀ ਮੰਨਦੇ ਹਾਂ ਕਿ ਫਲਾਣੇ ਸੰਤ 'ਚ ਬੜੀ ਸ਼ਕਤੀ ਹੈ। ਉਹ ਇਸ ਤਰ੍ਹਾਂ ਕਰ ਦਿੰਦੈ, ਇਸ ਤਰ੍ਹਾਂ ਕਰ ਦਿੰਦੈ। ਧੋਖੇ ਖਾਂਦੇ ਹਾਂ ਅਸੀਂ ਪੈਰ-ਪੈਰ 'ਤੇ। ਮਹਾਰਾਜ ਨੇ ਕਿਹੈ –

*ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥*

*ਅੰਗ- ੫੯੩*

ਇਹ ਤਾਂ ਮੋਹ ਦੀਆਂ ਗੱਲਾਂ ਨੇ, ਮਾਇਆ ਦੇ ਮੰਡਲ ਦੀਆਂ ਬਾਤਾਂ ਨੇ। ਸੰਤ ਇਹਨਾਂ ਗੱਲਾਂ ਨੂੰ ਪਸੰਦ ਹੀ ਨਹੀਂ ਕਰਦੇ, ਰਸਤੇ ਹੀ ਨਹੀਂ ਪੈਂਦੇ।

ਕਹਿੰਦੇ, ਫਰੀਦਾ! ਐਵੇਂ ਪਿਆਰਿਆ! ਧੱਕੇ ਖਾਂਦਾ ਫਿਰਦੈਂ -

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥*

*ਅੰਗ- ੧੩੭੮*

ਤੂੰ ਰੱਬ ਨੂੰ ਟੋਲ੍ਹ, ਤੇਰੇ ਅੰਦਰ ਵਸਦੈ। ਸ਼ਕਤੀਆਂ ਵਗੈਰਾ ਨਾਲ ਨਹੀਂ ਤੇਰਾ ਕੁਝ ਵੀ ਬਣਨਾ। ਤੂੰ ਸਰੀਰ ਖਰਾਬ ਕਰ ਲਿਆ ਆਪਣਾ। 24 ਸਾਲ ਖਰਾਬ ਕਰ ਲਏ। ਤੂੰ ਕਿਸੇ ਕਿਨਾਰੇ ਹੀ ਨਹੀਂ ਪਹੁੰਚਿਆ। ਤੈਨੂੰ ਕੋਈ ਮੁਰਸ਼ਦ ਨਹੀਂ ਮਿਲਿਆ। ਤੂੰ ਮੁਰਸ਼ਦ-ਏ-ਕਾਮਲ ਦੀ ਸ਼ਰਨ ਵਿਚ ਜਾਹ। ਉਹ ਕਹਿਣ ਲੱਗਿਆ, ਮਹਾਰਾਜ! ਮੈਨੂੰ ਪਤਾ ਨਹੀਂ ਕਿ ਮੁਰਸ਼ਦ-ਏ-ਕਾਮਲ ਕੀ ਹੁੰਦੈ? ਕਹਿੰਦੇ, ਦਸ ਅਸੀਂ ਪਾ ਦਿੰਦੇ ਹਾਂ ਕਿ ਤੂੰ ਬੁਖਤਿਆਰ ਕਾਕੀ ਕੋਲ ਅਜਮੇਰ ਸ਼ਰੀਫ ਵਿਚ ਜਾਹ। ਬਾਬਾ ਫਰੀਦ ਉਥੇ ਆ ਜਾਂਦੈ। ਜਿਹੜਾ ਬੁਖਤਿਆਰ ਕਾਕੀ ਹੈ ਉਹ ਬੱਚਿਆਂ ਦੇ ਨਾਲ ਖੇਲ੍ਹ ਰਿਹੈ। ਉਹ ਉਪਰ ਨੂੰ ਗੇਂਦ ਮਾਰਦੈ, ਹੇਠਾਂ ਬੱਚੇ ਆ ਜਾਂਦੇ ਨੇ। ਜਦੋਂ ਬਾਬਾ ਫਰੀਦ ਆਇਆ ਤਾਂ ਇਸ ਨੇ ਸੋਚਿਆ ਕਿ ਮੈਂ ਆਇਆ? ਮੇਰਾ ਇਹਨੂੰ ਪਤਾ ਹੀ ਨਹੀਂ ਲੱਗਿਆ, ਕਿਉਂਕਿ ਹਉਮੈ ਸੀ ਅੰਦਰ। ਇਹਨੇ ਕਿਹਾ ਕਿ ਮੈਂ ਦੱਸਾਂ ਕਿ ਮੈਂ ਆ ਗਿਆ। ਉਹ ਵੀ ਜਾਣਦੇ ਸੀ ਫਰੀਦ ਨੂੰ। ਪਰ ਮਹਾਤਮਾ ਬੇਪਰਵਾਹ ਹੁੰਦੇ ਨੇ। ਜਾਨਣ ਨਾ ਜਾਨਣ ਮਹਾਤਮਾ ਤਾਂ ਸਭ 'ਚ ਇਕ ਆਤਮਾ ਹੀ ਦੇਖਦੇ ਹੁੰਦੇ ਨੇ। ਹੋਰ ਕੁਝ ਜਾਨਣ ਦਾ ਸਬੰਧ ਹੀ ਨਹੀਂ ਹੁੰਦਾ ਸੰਤਾਂ ਦਾ। ਉਹਨੇ ਗੇਂਦ ਮਾਰੀ ਤੇ ਫਰੀਦ ਨੇ ਉਤੇ ਹੀ ਰੋਕ ਦਿਤੀ। ਉਹਨਾਂ ਨੇ ਦੇਖਿਆ ਕਿ ਗੇਂਦ ਇਹਨੇ ਰੋਕੀ ਹੈ। ਗੇਂਦ ਵਲ ਉਹਨਾਂ ਨੇ ਦੇਖਿਆ ਤਾਂ ਉਹ ਥੱਲੇ ਆ ਗਈ। ਖੇਲ੍ਹ ਬੰਦ ਕਰ ਦਿਤੀ। ਕਹਿਣ ਲੱਗੇ, ਤੂੰ ਕਿਵੇਂ ਆਇਆ ਹੈਂ?

ਕਹਿਣ ਲੱਗਿਆ, ਪੀਰ ਜੀ! ਮੈਂ ਤੁਹਾਡਾ ਮੁਰੀਦ ਬਣਨ ਆਇਆ ਹਾਂ।

ਕਹਿੰਦੇ, ਤੂੰ ਤਾਂ ਫਿੱਟ ਹੀ ਨਹੀਂ ਹੈਂ, ਮੁਰੀਦ ਬਣਨ ਦੇ। ਤੂੰ ਫਿੱਟ ਨਹੀਂ ਅਜੇ। ਜਾਹ, ਵਾਪਸ ਚਲਿਆ ਜਾਹ, ਮੈਂ ਤੈਨੂੰ ਆਪਣੇ ਮੁਰੀਦਾਂ ਵਿਚ ਨਹੀਂ ਸ਼ਾਮਿਲ ਕਰਦਾ। ਬਾਬੇ ਫਰੀਦ ਦਾ 24 ਸਾਲ ਦਾ ਤਪ ਕੀਤਾ ਹੋਇਆ, ਅੱਜ ਪਹਿਲੀ ਵਾਰ ਬੇਇੱਜ਼ਤੀ ਹੋਈ ਉਹਦੀ। ਹੁਣ ਜੇ ਕੋਈ ਮਾੜਾ-ਧੀੜਾ ਹੁੰਦਾ, ਉਹਨੂੰ ਸ਼ਕਤੀ ਦਿਖਾਲ ਕੇ ਕਰ ਦਿੰਦਾ ਕੁਛ ਉਲਟ-ਪੁਲਟ। ਅਗਾਂਹਾਂ ਪੂਰਾ ਸੀਗਾ, ਉਥੇ ਜ਼ੋਰ ਨਾ ਚੱਲਿਆ। ਵਾਪਸ ਚਲਿਆ ਗਿਆ। ਫੇਰ ਮਨ 'ਚ ਆਇਆ ਕਿ ਮਿਲ ਕੇ ਮਿੰਨਤ ਖੁਸ਼ਾਮਦ ਕਰੀਏ। ਉਥੇ ਜਦੋਂ ਦੁਬਾਰਾ ਪਹੁੰਚਿਆ, ਉਹ ਇਕ ਸੁੱਕੇ ਹੋਏ ਦਰਖ਼ਤ ਦੇ ਥੱਲੇ ਬੈਠੇ ਸੀ। ਜੇਠ ਦਾ ਮਹੀਨਾ ਸੀ, ਧੁੱਪ ਆ ਗਈ। ਫਰੀਦ ਨੇ ਸੋਚਿਆ ਕਿ ਸਵੇਰੇ ਬੈਠੇ ਹੋਣੇ ਨੇ ਛਾਂ ਵਿਚ ਮੁੱਢ ਦੇ, ਹੁਣ ਧੁੱਪ ਆ ਗਈ, ਕਿਉਂ ਨਾ ਮੈਂ ਇਹਨਾਂ ਉਤੇ ਛਾਂ ਕਰ ਦੇਵਾਂ। ਦਰਖ਼ਤ ਵਲ ਦੇਖਿਆ, ਸਾਰਾ ਦਰਖ਼ਤ ਹਰਾ ਕਰ ਦਿਤਾ। ਜਦੋਂ ਠੰਢ ਜਿਹੀ ਲੱਗੀ, ਉਹਨਾਂ ਨੇ ਨੇਤਰ ਖੋਲ੍ਹੇ। ਕਹਿਣ ਲੱਗੇ, ਇਹ ਕੌਣ ਆ ਗਿਆ ਦਰਖ਼ਤ ਨੂੰ ਹਰਾ ਕਰਨ ਵਾਲਾ। ਉਹ ਫੇਰ ਖੜ੍ਹਾ ਉਥੇ। ਕਹਿੰਦੇ, ਉਰੇ ਆ। ਉਪਰ ਨੂੰ ਦੇਖਿਆ, ਜਿੰਨੀਆਂ ਟਾਹਣੀਆਂ ਨਿਕਲੀਆਂ ਸੀ ਸਾਰੀਆਂ ਖਤਮ ਕਰ ਦਿਤੀਆਂ। ਕਹਿੰਦੇ, ਫੇਰ ਆ ਗਿਆ ਤੂੰ? ਕਹਿੰਦਾ, ਜੀ ਮੈਂ ਮੁਰੀਦ ਬਣਨੈ। ਕਹਿੰਦੇ, ਫਰੀਦਾ! ਇਸ ਤਰ੍ਹਾਂ ਨਹੀਂ ਮੁਰੀਦ ਬਣੀਦਾ ਹੁੰਦਾ। ਮੁਰੀਦ ਦੀ ਪਹਿਲੀ ਸ਼ਰਤ ਇਹੀ ਹੁੰਦੀ ਹੈ ਕਿ ਉਹ ਮੁਰਦਾ ਬਣਨਾ ਮਨਜ਼ੂਰ ਕਰ ਲਵੇ-

*ਧਾਰਨਾ - ਮਰਨਾ ਕਬੂਲ ਲੈ,*
*ਜੀਵਨ ਦੀ ਛੱਡ ਦੇ ਆਸਾ।*

ਇਸ ਤਰ੍ਹਾਂ ਨਹੀਂ ਮੁਰੀਦ ਬਣਿਆ ਕਰਦਾ।

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*

*ਅੰਗ- ੧੧੦੨*

ਤੂੰ ਤਾਂ ਅਭਿਮਾਨ ਦਾ ਭਰਿਆ ਪਿਐਂ। ਕਦੇ ਮੇਰੀ ਤੂੰ ਗੇਂਦ ਉਤੇ ਰੋਕਦੈਂ, ਕਦੇ ਤੂੰ ਦਰਖਤ ਦੇ ਮੁੱਢ 'ਤੇ ਪੱਤੇ ਕਰ ਦਿੰਦੈਂ। ਮੈਂ ਨਹੀਂ ਕਰ ਸਕਦਾ ਸੀ ਸਾਰਾ ਕੁਝ? ਫਰੀਦਾ! ਜਿਉਂਦੇ ਬੰਦਿਆਂ ਨੂੰ ਕੋਈ ਵੀ ਪੀਰ ਪੈਗੰਬਰ, ਗੁਰੂ ਨਹੀਂ ਸਾਂਭਿਆ ਕਰਦਾ, ਹਮੇਸ਼ਾਂ ਮੁਰਦਿਆਂ ਦੇ ਵਾਸਤੇ ਹੁੰਦੈ। ਤੈਨੂੰ ਕਬੂਲ ਕਰਨਾ ਪੈਣੈ। ਉਸ ਵੇਲੇ ਬਾਬੇ ਫਰੀਦ ਨੇ ਭੁੱਲ ਮੰਨ ਕੇ ਉਹਦੀ ਚਾਕਰੀ ਕਰੀ। ਪੂਰੇ 14 ਸਾਲ ਮੁਰਸ਼ਦ ਨੇ ਬੁਲਾਇਆ ਹੀ ਨਹੀਂ ਸੀਗਾ। ਭਜਨ ਕਰਦਾ ਰਿਹਾ। 48 ਸਾਲ ਲੰਘ ਗਏ ਅਜੇ ਪਹਿਲੀ ਜਮਾਤ 'ਚ ਦਾਖਲ ਹੋਇਆ। ਜੇ ਤਾਂ ਲੰਘਣਾ ਹੈ ਫੇਰ ਤਾਂ ਇਹ ਅਸੂਲ ਧਾਰਨਾ ਪੈਣਾ ਹੈ। ਜੇ ਨਹੀਂ ਲੰਘਣਾ, ਫੇਰ ਨਹੀਂ ਹੁੰਦਾ।

*'ਚਲਦਾ............।*

*(ਵੀਡੀਓ ਫਿਲਮ, ਦੀਵਾਨ ਨੰ: 718*

# ਜਿਥੈ ਆਤਮ ਰਾਮ ਪ੍ਰਗਾਸੁ

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

ਸ਼ਾਨ –.......................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*

*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - ੨੮੯*

*ਧਾਰਨਾ – ਪਿਆਰੇ ਜੀ ਸੰਸਾ ਮੇਰਾ ਉਤਰ ਗਿਆ,*
*ਪਿਆਰੇ ਜਬ 'ਤੇ ਦਰਸ਼ਨ ਪਾਇਆ।*

*ਠਾਕੁਰ ਤੁਮ੍ ਸਰਣਾਈ ਆਇਆ ॥*
*ਉਤਰਿ ਗਇਓ ਮੇਰੇ ਮਨ ਕਾ ਸੰਸਾ*
*ਜਬ ਤੇ ਦਰਸਨੁ ਪਾਇਆ ॥ ੧ ॥ ਰਹਾਉ ॥*
*ਅਨਬੋਲਤ ਮੇਰੀ ਬਿਰਥਾ ਜਾਨੀ*
*ਅਪਨਾ ਨਾਮੁ ਜਪਾਇਆ ॥*
*ਦੁਖ ਨਾਠੇ ਸੁਖ ਸਹਜਿ ਸਮਾਏ*
*ਅਨਦ ਅਨਦ ਗੁਣ ਗਾਇਆ ॥ ੧ ॥*
*ਬਾਹ ਪਕਰਿ ਕਢਿ ਲੀਨੇ ਅਪੁਨੇ*
*ਗ੍ਰਿਹ ਅੰਧ ਕੂਪ ਤੇ ਮਾਇਆ ॥*
*ਕਹੁ ਨਾਨਕ ਗੁਰਿ ਬੰਧਨ ਕਾਟੇ*
*ਬਿਛੁਰਤ ਆਨਿ ਮਿਲਾਇਆ ॥ ੨ ॥ ੫੧ ॥ ੭੪ ॥*

*ਅੰਗ- ੧੨੧੮*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ ਜੀ 'ਸਤਿਨਾਮੁ ਸ੍ਰੀ ਵਾਹਿਗੁਰੂ।' ਅੰਮ੍ਰਿਤ ਵੇਲੇ ਤੋਂ ਲੈ ਕੇ ਆਪ ਨੇ ਹੁਣ ਤਕ ਨਾਮ ਦੀ ਬਾਤ ਸਰਵਣ ਕਰੀ। ਸੇਵਾ ਦੀ ਬਾਤ ਸਰਵਣ ਕਰੀ। ਅਨੇਕਾਂ ਮਹਾਤਮਾ ਆਪਣੇ ਸਮੇਂ ਦੇ ਮੁਤਾਬਿਕ ਆਪ ਜੀ ਨੂੰ ਦਰਸ਼ਨ ਦੇਣ ਵਾਸਤੇ ਤੇ ਆਪਣੇ ਵਿਚਾਰ ਸਾਂਝੇ ਕਰਨ ਵਾਸਤੇ ਸਟੇਜ 'ਤੇ ਆਏ। ਇਹਨਾਂ ਦੇ ਵਿਚੀਂ ਅਸੀਂ ਆਪਣੇ ਮਿਸ਼ਨ ਦਾ ਜਿਹੜਾ ਫਰਜ਼ ਹੈ, ਉਹ ਵੀ ਪੂਰਾ ਕੀਤਾ। ਜੇ ਅਸੀਂ ਉਸ ਵੇਲੇ ਜਦੋਂ ਪਾਣੀ ਕੋਠਿਆਂ ਦੇ ਉਤੋਂ ਦੀ ਲੰਘ ਗਿਆ ਸੀ, ਪਿੰਡਾਂ 'ਚ। ਮੈਂ ਤੇ ਤੁਹਾਡੇ ਬੀਜੀ ਦੇਖਣ ਵਾਸਤੇ ਗਏ, ਪਰ ਪਾਣੀ ਐਨਾ ਜ਼ੋਰ ਦਾ ਸੀ, ਕੋਈ ਰਸਤਾ ਨਾ ਸਾਨੂੰ ਮਿਲਿਆ। ਬੜਾ ਬੁਰਾ ਹਾਲ ਹੋਇਆ ਸਾਡਾ ਦੇਖ ਕੇ ਕਿ ਹਜ਼ਾਰਾਂ ਦੀ ਤਾਦਾਦ ਵਿਚ ਜੋ ਕਿਸਾਨ ਪਿੰਡਾਂ ਵਿਚ ਬੈਠੇ ਨੇ, ਕੀ ਹਾਲ ਹੋਇਆ ਹੋਣੈ ਉਹਨਾਂ ਦਾ? ਕੋਠਿਆ ਤੋਂ ਪਾਣੀ ਲੰਘ ਗਿਆ, 10-10 ਫੁੱਟ ਲੰਘ ਗਿਆ। ਸਾਰੀਆਂ ਚੀਜ਼ਾਂ ਹੜ੍ਹਾ ਕੇ ਲੈ ਗਿਆ। ਉਹ ਤਾਂ ਬਿਲਕੁਲ ਗਰੀਬ ਹੋ ਗਏ। ਦੂਸਰੇ ਦਿਨ ਮੈਂ ਫੇਰ ਗਿਆ, ਇਹ ਵੀ ਮੇਰੇ ਨਾਲ ਸੀਗੇ। ਉਥੇ ਮੈਨੂੰ ਮਲਹੋਤਰਾ ਸਾਹਿਬ ਪਹਿਲੀ ਵਾਰੀ ਮਿਲੇ। ਇਹ ਵੀ ਸਾਡੇ ਪਿੱਛੇ-ਪਿੱਛੇ ਆਏ। ਮੈਂ ਨਹੀਂ ਸੀ ਜਾਣਦਾ ਇਹ ਕੌਣ ਨੇ? ਚਿੱਕੜ ਦੇ ਵਿਚ ਇਹਨਾਂ ਨੇ ਕਿਹਾ, ਕਿ ਅੱਗੇ ਨਾ ਜਾਇਓ, ਤੁਸੀਂ ਗਿਰ ਨਾ ਜਾਇਓ। ਮੈਂ ਕਿਹਾ, ਜੋ ਮਰਜ਼ੀ ਹੋਵੇ, ਮੈਂ ਹੋਰ ਤਾਂ ਕੁਛ ਨਹੀਂ ਕਰ ਸਕਦਾ, ਆਪਣੇ ਰੁਮਾਲ ਨਾਲ ਇਹਨਾਂ ਰੋਂਦੇ ਹੋਇਆਂ ਦੇ ਹੰਝੂ ਜ਼ਰੂਰ ਪੂੰਝੂੰਗਾ। ਇਹਨਾਂ ਦੇ ਦੁਖ ਵਿਚ ਸ਼ਾਮਿਲ ਹੋਵਾਂਗਾ। ਹਾਲ ਦੇਖਿਆ ਬਹੁਤ ਬੁਰਾ। ਪਰਸੋਂ ਰੋਟੀ ਨਹੀਂ ਸੀ ਮਿਲੀ ਕਿਸੇ ਨੂੰ। ਮੈਂ ਕਿਹਾ, ਤੁਸੀਂ ਇਕ ਦਿਨ ਠਹਿਰੋ, ਹੁਣੇ ਹੀ ਅਸੀਂ ਆਉਂਦੇ ਹਾਂ। ਮੈਂ ਵਾਪਸ ਆਇਆ, ਐਤਵਾਰ ਦਾ ਦਿਨ ਸੀ, ਸਤਿਸੰਗ ਲੱਗਿਆ। ਮੈਂ ਕਿਹਾ, ਦੇਖੋ ਤੁਸੀਂ ਮੈਨੂੰ ਪਿਆਰ ਕਰਦੇ ਹੋਂ ਸਾਰੇ। ਮੈਂ ਵੀ ਪਿਆਰ ਕਰਦਾ ਹਾਂ ਕਿਸੇ ਨੂੰ, ਵਾਹਿਗੁਰੂ ਦੀ ਜਨਤਾ ਨੂੰ। ਮੇਰਾ ਸਾਥ ਦੇਵੋ। ਝੋਲੀਆਂ ਪਾ ਲਓ ਗਲਾਂ ਵਿਚ। ਇਕ-ਇਕ ਘਰ ਦੇ ਵਿਚ ਚਲੇ ਜਾਓ। ਜੇ ਕੋਈ ਕਹੇਗਾ ਮੰਗਤੇ ਆ ਗਏ। ਕਹਿਣਾ ਹਾਂ ਅਸੀਂ ਹੁਣ ਮੰਗਤੇ ਬਣੇ ਹਾਂ। ਤੁਹਾਨੂੰ ਲੋਕ ਪੈਸਾ ਵੀ ਦੇਣਗੇ, ਰਾਸ਼ਨ ਵੀ ਦੇਣਗੇ, ਕੱਪੜੇ ਵੀ ਦੇਣਗੇ। ਪਰ ਇਕ ਖਿਆਲ ਰੱਖਿਓ, ਪੁਰਾਣੇ ਕੱਪੜੇ ਮੈਂ ਉਹਨਾਂ ਦੁਖੀਆਂ ਨੂੰ ਪਹਿਨਣ ਵਾਸਤੇ ਨਹੀਂ ਦੇਣੇ, ਉਹਨਾਂ ਦੇ ਅੰਦਰ ਹੀਣਤਾ ਦੀ ਭਾਵਨਾ ਜਾਗੇਗੀ ਕਿ ਅਸੀਂ ਗਰੀਬ ਹੋਏ ਤਾਂ ਕਿਸੇ ਦੀ ਉਤਾਰ ਪਹਿਨਣੀ ਪਈ। ਜੇ ਦੇਣਾ ਹੈ ਕਿਸੇ ਨੇ ਤਾਂ ਨਵਾਂ ਦਿਓ। ਇਸੇ ਤਰ੍ਹਾਂ ਦੇ ਨਾਲ ਹੋਇਆ। 45000 ਸੂਟ ਇਕੱਠੇ ਹੋ ਗਏ ਸਾਡੇ ਕੋਲ। ਬੇਅੰਤ ਦਾਣਾ, ਬੇਅੰਤ ਰਸਦ ਦੀਆਂ ਚੀਜ਼ਾਂ ਸਾਡੇ ਕੋਲ ਇਕੱਠੀਆਂ ਹੋ ਗਈਆਂ। ਪਤਾ ਨਹੀਂ ਕਿੰਨੇ ਹੀ ਕੰਬਲ, ਖੇਸ ਇਕੱਠੇ ਹੋ ਗਏ। 200 ਬੰਦਾ ਮੈਂ ਪੈਕਟ ਬਣਾਉਣ ਵਾਸਤੇ ਲਾਇਆ। ਚਾਰ ਟਰੱਕ ਰੋਜ਼ ਲੈ ਕੇ ਤੁਰਨਾ। ਪਹਿਲਾਂ ਸਰਵੇ ਕਰਨਾ ਪਿੰਡਾਂ 'ਚ, ਫੇਰ ਲਿਸਟਾਂ ਬਣਾਉਣੀਆਂ। ਉਹਨਾਂ ਨੂੰ ਕਹਿਣਾ ਕੱਲ੍ਹ ਨੂੰ ਆਵਾਂਗੇ, ਆਪਣੇ ਹੀ ਸ਼ਾਮਿਆਨੇ, ਆਪਣਾ ਹੀ ਲੰਗਰ ਤਿਆਰ ਕਰਕੇ ਲੈ ਕੇ ਜਾਣਾ। ਸ਼ਾਮਿਆਨਿਆਂ ਦੇ ਥੱਲੇ ਸਾਰੇ ਬੁਲਾ ਲੈਣੇ, ਪਰਚੀਆਂ ਇਸ਼ੂ ਕਰ ਦੇਣੀਆਂ। 23 ਦੁਕਾਨਾਂ ਲਗਦੀਆਂ ਸੀ। 25 ਆਈਟਮਾਂ ਦਿੰਦੇ ਸੀ। ਘਰ-ਘਰ ਦੇ ਵਿਚ ਪਹੁੰਚਾਇਆ। ਸਾਡਾ ਪਿਆਰ ਦੇਖ ਕੇ ਕਈ ਸਿਆਣੇ ਬੰਦੇ ਉੱਚੀ-ਉੱਚੀ ਰੋ ਪਏ। ਕਹਿੰਦੇ, ਸਾਨੂੰ ਕੁਦਰਤ ਨੇ ਮਾਰਿਆ ਤਾਂ ਤੁਸੀਂ ਆਏ। ਮੈਂ ਕਿਹਾ,

ਅਸੀਂ ਇਸ ਤਰ੍ਹਾਂ ਨਹੀਂ ਆਏ, ਅਸੀਂ ਤਾਂ ਆਏ ਹਾਂ ਕਿ ਅਸੀਂ ਤੁਹਾਡੇ ਉਤੇ ਨਿਉਂਦਾ ਪਾ ਚਲੇ ਹਾਂ, ਕੱਲ੍ਹ ਨੂੰ ਸਾਡੇ ਤੇ ਆ ਜਾਏ, ਤੁਸੀਂ ਸਾਡੀ ਖਬਰ ਲੈ ਲਿਓ। ਇਹਨੂੰ ਇਸ ਤਰ੍ਹਾਂ ਨਾ ਕਹੋ ਕਿ ਮੈਂ ਦਾਨ ਦੇਣ ਆਇਆ ਹਾਂ, ਬਿਲਕੁਲ ਨਹੀਂ, ਇਹ ਭਾਵਨਾ ਕੱਢ ਦਿਓ ਦਿਲ 'ਚੋਂ। ਸਾਂਝ ਪੈ ਗਈ ਬਹੁਤ। ਇਥੋਂ ਤਕ ਕਿ ਆਪਣਾ ਨੁਕਸਾਨ ਹੋਏ 'ਤੇ ਮੈਂ ਕਦੇ ਨਹੀਂ ਰੋਇਆ ਅੱਜ ਤਕ। ਕੁਝ ਹੋ ਜਾਏ ਚਾਹੇ। ਬੇਗਾਨੇ ਦਾ ਨੁਕਸਾਨ ਮੇਰੇ ਤੋਂ ਸਹਿਨ ਨਹੀਂ ਹੁੰਦਾ। ਕਹਿੰਦੇ, ਅਸੀਂ ਤਾਂ ਰੋਂਦੇ ਹਾਂ ਕਿ ਸਾਡਾ ਸਾਰਾ ਕੁਝ ਹੜ੍ਹ ਗਿਆ। ਤੁਸੀਂ ਕਿਉਂ ਰੋਂਦੇ ਹੋਂ? ਮੈਂ ਕਿਹਾ, ਮੈਂ ਤਾਂ ਰੋਂਦਾ ਕਿ ਤੁਹਾਡਾ ਇਕ ਘਰ ਰੁੜ੍ਹਿਆ, ਮੇਰਾ ਸਾਰੇ ਘਰਾਂ ਦਾ ਸਭ ਕੁਝ ਰੁੜ੍ਹ ਗਿਆ। ਪਿੰਡਾਂ ਦੇ ਪਿੰਡ ਰੁੜ੍ਹ ਗਏ। ਮੈਂ ਤਾਂ ਬੈਠਾ ਸੋਚ ਰਿਹਾ ਕਿ ਕੀ ਕਰਿਆ ਜਾਵੇ, ਸਰਕਾਰ ਕੁਛ ਕਰ ਨਹੀਂ ਰਹੀ। ਜੋ ਮੇਰੇ ਕੋਲ ਥੋੜ੍ਹਾ ਬਹੁਤ ਹੈ, ਤੁਹਾਡਾ ਮਹੀਨਾ ਲੰਘ ਜਾਊਗਾ ਇਹਦੇ ਨਾਲ। ਐਨੇ ਨੂੰ ਧਾਨਾਂ ਦੀ ਫਸਲ ਆਈ, ਇਵੇਂ ਜਿਵੇਂ ਹੀ ਹੋਇਆ। ਸਕੂਲਾਂ ਦੇ ਬੱਚਿਆਂ ਨੂੰ ਸਾਰੀਆਂ ਕਿਤਾਬਾਂ, ਸਾਰੀਆਂ ਵਰਦੀਆਂ ਦਿਤੀਆਂ, ਸਕੂਲ ਬਣਾਏ। ਆਹ ਮਾਸਟਰ ਜੀ ਵਿਚੇ ਹੀ ਇਹਨਾਂ ਦੇ ਮੈਂ ਗਿਆ, ਤਾਜਪੁਰ। ਮੈਂ ਕਿਹਾ, ਤੁਸੀਂ ਆਹ ਦਰਖ਼ਤ ਥੱਲੇ ਕਿਉਂ ਬੈਠੇ ਹੋਂ। ਕਹਿੰਦੇ, ਕੀ ਕਰੀਏ, ਸਾਡੇ ਸਾਰੇ ਰਜਿਸਟਰ ਹੜ੍ਹ ਗਏ। ਬੱਚਿਆਂ ਦੀਆਂ ਸਾਰੀਆਂ ਕਿਤਾਬਾਂ, ਵਰਦੀਆਂ ਹੜ੍ਹ ਗਈਆਂ। ਹੁਣ ਕੀਹਨੂੰ ਬੁਲਾਈਏ ਸਕੂਲ 'ਚ, ਕੌਣ ਸਕੂਲ ਚਲਾਵੇ। ਮੈਂ ਕਿਹਾ, ਮੈਨੂੰ ਲਿਸਟ ਦੇ ਦਿਓ ਹੁਣੇ ਹੀ। ਲਿਸਟ ਲਈ, ਓਸੇ ਵੇਲੇ ਮੈਂ ਜਾ ਕੇ ਐਜੂਕੇਸ਼ਨ ਬੋਰਡ ਵਿਚ ਮਿਲਿਆ ਤੇ ਪੁਛਿਆ ਕਿ ਤੁਸੀਂ ਕੀ ਕਰ ਰਹੇ ਹੋਂ? ਮੇਰਾ ਕਿੰਨਾ ਸਹਿਯੋਗ ਦੇ ਸਕਦੇ ਹੋਂ। ਕਹਿੰਦੇ 15% ਅਸੀਂ ਛੱਡ ਦੇਵਾਂਗੇ, ਮੈਂ ਕਿਹਾ ਚੰਗਾ, ਚਾਹੀਦੇ ਤਾਂ ਤੁਹਾਨੂੰ 25% ਸੀ, ਸਾਰੀਆਂ ਕਿਤਾਬਾਂ ਲਈਆਂ। ਵਰਦੀਆਂ ਲਈਆਂ। ਬਜ਼ਾਰ ਗਏ, ਮੈਂ ਕਿਹਾ, ਮੈਨੂੰ ਥਾਨਾਂ ਦੇ ਥਾਨ ਦੇ ਦਿਓ। ਸਾਡੇ ਹੀ ਸਿੰਘਾਂ ਦੇ ਵਿਚ ਜਾਣਦੇ ਸੀ ਕੈਂਚੀ ਚਲਾਉਣਾ। ਜਿਹੜੇ ਪਿੰਡ ਜਾਈਏ, ਸਾਰੇ ਬੱਚੇ ਨਵੇਂ ਕੱਪੜੇ, ਨਵੀਆਂ ਕਿਤਾਬਾਂ, ਨਵੀਆਂ ਵਰਦੀਆਂ, ਨਵੇਂ ਬੂਟ ਦਿਤੇ। ਇਹ ਸਾਰੀਆਂ ਚੀਜ਼ਾਂ ਇਸ ਕਰਕੇ ਹੋਈਆਂ ਕਿ ਸਾਡੇ ਮਨ 'ਚ ਬਾਰ-ਬਾਰ ਇਹ ਆਉਂਦਾ ਸੀ ਕਿ ਇਹ ਇਲਾਕਾ ਪਛੜ ਜਾਏਗਾ। ਇਹ ਹੀਣਤਾ 'ਚ ਆ ਜਾਏਗਾ। ਇਹਨਾਂ ਦਾ ਜਿਹੜਾ ਸਵੈਮਾਨ ਹੈ, ਉਹ ਰੁਲ ਜਾਏਗਾ। ਅਸੀਂ ਰੋਟੀ ਖਾਂਦੇ ਹਾਂ, ਜੇ ਘੱਟ ਖਾ ਲਵਾਂਗੇ, ਕੋਈ ਫਰਕ ਨਹੀਂ ਹੈ। 1 ਕਰੋੜ 25 ਲੱਖ ਰੁਪਏ ਦੀਆਂ ਵਸਤਾਂ, ਨਕਦ ਰੁਪਏ, ਘਰ-ਘਰ ਜਾ ਕੇ ਅਸੀਂ ਦਿਤੇ। ਸੁਖੀ ਹੋ ਗਏ ਸਾਰੇ। ਸੋ ਇਹ ਕੁਝ ਚੀਜ਼ਾਂ ਹੋਇਆ ਕਰਦੀਆਂ ਨੇ ਜਿਹੜੀਆਂ ਨਾਮ ਜਪਣ ਤੋਂ ਬਾਅਦ ਪੈਦਾ ਹੁੰਦੀਆਂ ਨੇ -

*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥*

*ਅੰਗ- ੬੨*

ਇਹਦੇ ਅਰਥ ਕਿਸੇ ਨੂੰ ਸਮਝ ਵਿਚ ਨਹੀਂ ਸੀ ਆਉਂਦੇ। ਸਮਝ ਆਉਂਦੇ ਨੇ ਤਾਂ ਜੇ ਪ੍ਰੈਕਟੀਕਲ ਚੱਲੇ। ਬਗੈਰ ਗਰਜ ਤੋਂ ਜਾਵੇ। ਅਸੀਂ ਜੇ ਸਨਮਾਨ ਕਰਿਐ ਤਾਂ ਦਿਲੋਂ ਕਰਿਐ। ਗੁਰੂ ਮਹਾਰਾਜ ਨੇ ਤੋਟਾ ਨਹੀਂ ਦਿਤਾ ਕਿਸੇ ਪਾਸੋਂ। ਲੰਗਰ ਭਰਿਆ ਪਿਐ। ਜਦੋਂ ਅਸੀਂ ਚਾਕਰ ਹੋ ਗਏ ਗੁਰੂ ਦੇ ਫੇਰ ਤੋਟਾ ਕਾਹਦਾ। ਉਹਦੇ ਘਰ ਵਿਚ ਤਾਂ -

*ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥*
*ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥*

*ਅੰਗ- ੯੧੭*

ਇਸੇ ਭਾਵਨਾ ਨੂੰ ਉੱਚਾ ਕਰਨ ਵਾਸਤੇ ਤੁਹਾਨੂੰ ਸੱਦਾ ਦਿਤਾ ਗਿਆ ਕਿ ਆਓ, ਆਪਾਂ ਇਕ ਨਵਾਂ ਜੀਵਨ ਵਿਚਾਰੀਏ। ਨਵੀਂ ਸੁਸਾਇਟੀ ਦੀ ਬੁਨਿਆਦ ਰੱਖੀਏ। ਜਿਹਦੇ ਵਿਚ ਪਿਆਰ ਹੋਵੇ, ਅਪਣੱਤ ਹੋਵੇ, ਚੜ੍ਹਦੀ ਕਲਾ ਹੋਵੇ, ਵੈਰ ਭਾਵ ਨਾ ਹੋਵੇ, ਈਰਖਾ ਨਾ ਹੋਵੇ। ਫੇਰ ਉਹਦਾ ਜੀਵਨ ਨਾਮ 'ਤੇ ਅਧਾਰਿਤ ਹੋਵੇ। ਰੂਹਾਨੀ ਕਦਰਾਂ ਕੀਮਤਾਂ ਨੂੰ ਉਹ ਸਮਝਦਾ ਹੋਵੇ। ਉਹਦੇ ਮੁਤਾਬਿਕ ਪ੍ਰੋਗਰਾਮ ਬਣਾਇਆ ਗਿਆ। ਪਹਿਲਾ - ਮਾਨੁਖ ਜਨਮ ਦਾ ਆਦਰਸ਼ ਕੀ ਹੈ? ਦੂਸਰਾ - ਇਹ ਆਦਰਸ਼ ਪੂਰਾ ਕਿਵੇਂ ਹੋ ਸਕਦੈ? ਕੀ ਬੰਦਾ ਆਪੇ ਕਰ ਲਊ। ਉਹਦੇ ਵਾਸਤੇ ਸੀ ਕਿ ਨਹੀਂ, ਗੁਰੂ ਦੀ ਲੋੜ ਹੈ। ਸਾਰੇ ਸੰਸਾਰ ਨੂੰ ਗੁਰੂ ਦੀ ਲੋੜ ਹੈ। ਤੀਸਰਾ - ਇਹ ਸੀ ਕਿ ਗੁਰੂ ਤੇ ਸਿੱਖ ਦਾ ਸਬੰਧ ਕੀ ਹੋਣਾ ਚਾਹੀਦੈ? ਉਹ ਪਿਛਲੇ ਦੀਵਾਨ 'ਚ ਆਪ ਨੇ ਬੜੇ ਵਿਸਥਾਰ ਨਾਲ ਸਰਵਣ ਕਰਿਐ। ਅੱਜ ਦਾ ਵਿਸ਼ਾ ਇਹ ਹੈ ਕਿ ਨਾਮ ਜੋ ਸਾਧਨ ਪੱਖ ਹੈ ਸਾਡਾ, ਮੁਖ ਤਿਆਰੀ ਹੋ ਗਈ। ਸਾਧਨ ਪੱਖ ਕੀ ਹੈ ਸਾਡਾ? ਸਾਧਨ ਪੱਖ ਬਾਰੇ ਸਭ ਧਾਰਨਾ 'ਚ ਬੋਲਿਓ - 'ਨਦੀ ਨਾਮ ਸੰਜੋਗੀ ਮੇਲਾ' ਪਤਾ ਨਹੀਂ ਫੇਰ ਮੇਲ ਹੋਵੇ ਨਾ ਹੋਵੇ, ਮੌਕਾ ਮਿਲੇ ਨਾ ਮਿਲੇ, ਗੱਜ ਕੇ ਬੋਲੋ ਸਾਰੇ -

*ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਨ ਪਾਈਦੈ।*

ਦੋ ਚੀਜ਼ਾਂ ਸਵੇਰ ਤੋਂ ਆਪ ਸਤਿਸੰਗ ਵਿਚ ਸਰਵਣ ਕਰ ਰਹੇ ਹੋਂ। **ਨਾਮ ਜਪਣਾ ਤੇ ਸੇਵਾ ਕਰਨੀ। ਇਹ ਰੂਹਾਨੀ ਮਾਰਗ ਦੇ ਦੋ ਫੰਗ (ਖੰਭ) ਨੇ।** ਇਕ ਹੋਵੇ ਤਾਂ ਜਹਾਜ਼ ਨਹੀਂ ਉੱਡ ਸਕਿਆ ਕਰਦਾ। ਸੰਤੁਲਨ ਕਾਇਮ ਨਹੀਂ ਰਹਿੰਦਾ। ਦੋਵੇਂ ਹੋਣ ਤਾਂ ਸੰਤੁਲਨ ਕਾਇਮ ਰਹਿੰਦੈ। ਕਿੱਡੀਓ ਉਡਾਰੀ ਮਾਰ ਲੈ। ਪਹਿਲਾ ਹੈ ਨਾਮ ਜਪਣ ਦੇ ਨਾਲ ਸਾਰੇ ਦੁੱਖਾਂ ਦਾ ਖਾਤਮਾ। ਇਹ

ਸਾਨੂੰ ਪਹਿਲਾਂ ਸਮਝ ਲੈਣਾ ਚਾਹੀਦੈ ਕਿ ਦੁਖ ਆ ਕਿੱਥੋਂ ਗਏ? ਜਦੋਂ ਮਹਾਰਾਜ ਇਹ ਕਹਿੰਦੇ ਨੇ ਕਿ ਇਹ ਸਾਰਾ ਕੁਛ ਪ੍ਰਮੇਸ਼ਰ ਤੋਂ, ਇਕ ਤੋਂ ਅਨੇਕ ਹੋਇਆ ਹੈ। ਫੇਰ ਦੁੱਖ ਆ ਕਿੱਥੋਂ ਗਏ? ਜਦ ਦੁੱਖ ਦਾ ਵਜੂਦ ਹੀ ਨਹੀਂ ਸੀਗਾ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਗੋਰਖਨਾਥ ਨਾਲ ਬਚਨ ਕਰ ਰਹੇ ਨੇ। ਉਹਨੇ ਕਿਹਾ, ਹੇ ਨਾਨਕ! ਤੇਰਾ ਬਚਨ ਤਾਂ ਮੈਂ ਮੰਨਦਾ ਹਾਂ, ਕਿਉਂਕਿ ਤੇਰੀਆਂ ਦਲੀਲਾਂ ਬਹੁਤ ਜ਼ਬਰਦਸਤ ਨੇ। ਪਰ ਇਕ ਮੈਨੂੰ ਸਵਾਲ ਦਾ ਜਵਾਬ ਦੇ, ਤੂੰ ਕਹਿਨੈ ਇਥੇ ਪ੍ਰਮੇਸ਼ਰ ਹੈ। ਜਾਂ ਤਾਂ ਸਾਡੀ ਅੱਖ ਨਹੀਂ ਉਹ ਖੁੱਲ੍ਹੀ ਕਿ ਅਸੀਂ ਦੇਖ ਲਈਏ ਕਿ ਇਥੇ ਸਾਰੇ ਹੀ ਪ੍ਰਮੇਸ਼ਰ ਹੈ। ਹੁਣੇ ਤੁਸੀਂ ਸੁਣਿਆ ਸੀ ਵੇਦ ਭਾਰਤੀ ਜੀ ਤੋਂ। ਉਹ ਕਹਿੰਦੇ ਜਦੋਂ ਅੱਖ ਖੁਲ੍ਹ ਜਾਂਦੀ ਹੈ, ਸਤਿ ਨਜ਼ਰ ਆਉਣਾ ਸ਼ੁਰੂ ਹੋ ਜਾਂਦੈ। ਜਦੋਂ ਅੱਖ ਬੰਦ ਹੁੰਦੀ ਹੈ, ਫੇਰ ਝੂਠ ਨਜ਼ਰ ਆਉਂਦੈ ਤੇ ਜਾਂ ਤਾਂ ਸਾਨੂੰ ਪਤਾ ਨਹੀਂ ਲੱਗਿਆ। ਅਸੀਂ ਤਾਂ ਸੰਸਾਰ ਮੰਨਦੇ ਹਾਂ, ਦੁਖ ਮੰਨਦੇ ਹਾਂ, ਜੀਵ ਮੰਨਦੇ ਹਾਂ ਕਿ ਜੀਵ ਆਤਮਾ ਹੈਗੀ ਤੇ ਤੂੰ ਕਹਿੰਦੈਂ ਪ੍ਰਮੇਸ਼ਰ ਹੀ ਹੈ। ਫੇਰ ਦੁਖ ਕਿੱਥੋਂ ਆ ਗਿਆ?

ਇਹ ਦੁਖ ਦੀ ਜੋ ਕਹਾਣੀ ਹੈ, ਇਹ ਬਹੁਤ ਲੰਮੀ ਹੈ ਸਾਧਸੰਗਤ ਜੀ। ਜਦੋਂ ਤੋਂ ਸੰਸਾਰ ਰਚਿਐ ਉਸ ਵੇਲੇ ਤੋਂ ਆਦਮੀ ਦੇ ਮਨ ਵਿਚ ਇਹ ਹੈ ਕਿ ਸੰਸਾਰ ਤੋਂ ਦੁਖ ਹੂੰਝ ਕੇ ਕੱਢ ਦੇਵਾਂ। ਰਾਜਸੀ ਸ਼ਕਤੀ ਨਾਲ ਕੱਢ ਦੇਵਾਂ, ਪੈਦਾਵਾਰ ਕਰਕੇ ਕੱਢ ਦੇਵਾਂ, ਮੇਲ-ਜੋਲ ਕਰਕੇ ਕੱਢ ਦੇਵਾਂ, ਪ੍ਰਚਾਰ ਕਰਕੇ ਕੱਢ ਦੇਵਾਂ, ਪਰ ਦੁਖ ਨਿਕਲਦਾ ਨਹੀਂ ਹੈ। ਮਹਾਰਾਜ ਕਹਿੰਦੇ, ਨਿਕਲਣਾ ਕਿੱਥੇ ਹੈ? ਇਹਨੇ ਤਾਂ ਸਾਰੀ ਦੁਨੀਆਂ ਨੂੰ ਆਪਣੇ ਕਾਬੂ ਕਰ ਲਿਆ -

*ਧਾਰਨਾ - ਦੁਖੀਆ ਸਭ ਸੰਸਾਰ,*
*ਨਾਨਕ ਦੁਖੀਆ-ਨਾਨਕ ਦੁਖੀਆ।*

ਹੇ ਨਾਨਕ! ਤੇਰਾ ਇਹ ਕਹਿਣਾ ਹੈ ਕਿ -

*ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥*
*ਅੰਗ- ੧੩੦੨*

ਕਿ ਸੰਸਾਰ 'ਚ ਤਾਂ ਦੁਖ ਹੈ ਹੀ ਨਹੀਂ। ਪਰ ਅਸੀਂ ਕਹਿੰਦੇ ਹਾਂ ਕਿ ਅਸੀਂ ਪ੍ਰਤੱਖ ਰੂਪ ਵਿਚ ਦੇਖ ਰਹੇ ਹਾਂ ਕਿ ਇਥੇ ਦੁਖ ਤੋਂ ਬਿਨਾਂ ਕੁਝ ਹੈ ਹੀ ਨਹੀਂ। ਤੂੰ ਵੀ ਇਹੀ ਕਹਿੰਦੈ। ਮਹਾਰਾਜ ਨੇ ਬੜੇ ਵਿਸਥਾਰ ਦੇ ਨਾਲ ਕਿਹੈ ਕਿ ਕੋਈ ਸੰਸਾਰ ਦੇ ਅੰਦਰ ਸੁਖੀ ਨਹੀਂ ਹੈ। ਮਹਾਤਮਾ ਬੁੱਧ ਨੇ ਕਿਹੈ ਕਿ ਇਹ ਸੰਸਾਰ ਤਾਂ ਹੈ ਹੀ ਦੁੱਖਾਂ ਦਾ ਘਰ। ਸੁਖ ਦਾ ਇਥੇ ਕੋਈ ਨਾਮ ਨਿਸ਼ਾਨ ਹੀ ਨਹੀਂ ਹੈ। ਸੰਸਾਰ ਛੱਡ ਦੇਣਾ ਚਾਹੀਦੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਨਹੀਂ ਦੁਖ ਦਾ ਕਾਰਨ ਢੂੰਡੋ। ਦੁਖ ਦਾ ਇਲਾਜ ਢੂੰਡੋ। ਉਹ ਦਵਾਈ ਦੁਨੀਆਂ ਵਰਤਦੀ ਨਹੀਂ ਹੈ ਜਿਹਦੇ ਨਾਲ ਦੁਖਾਂ ਦਾ ਖਾਤਮਾ ਹੋ ਜਾਵੇ। ਦਵਾਈ ਦਸੀ ਨਹੀਂ ਹੈ ਸਿਆਣਿਆਂ ਨੇ ਜਿਹਦੇ ਨਾਲ ਦੁਖ ਖਤਮ ਹੋ ਜਾਵੇ। ਅਸੀਂ ਸਾਰੇ ਹੀ ਸੁਖ ਚਾਹੁੰਦੇ ਹਾਂ। ਮਹਾਰਾਜ ਨੇ ਇਕੋ ਬਚਨ ਕੀਤੈ, ਜਿਸ ਵਿਚ ਸਾਰਾ ਕੁਛ ਆ ਗਿਆ -

*ਦੁਖ ਤਦੇ ਜਾ ਵਿਸਰਿ ਜਾਵੈ॥ ਅੰਗ- ੯੮*

ਜੇ ਵਾਹਿਗੁਰੂ ਭੁੱਲ ਜਾਵੇ ਤਾਂ ਦੁਖ ਸ਼ੁਰੂ ਹੋ ਜਾਂਦੇ ਨੇ। ਫੇਰ ਜੇ ਉਹਨੂੰ ਭੁੱਲ ਕੇ ਖਾਂਦੈ, ਪੀਂਦੈ -

*ਖਸਮੁ ਵਿਸਾਰਿ ਕੀਏ ਰਸ ਭੋਗ ॥*
*ਤਾਂ ਤਨਿ ਉਠਿ ਖਲੋਏ ਰੋਗ ॥ ਅੰਗ- ੧੨੫੬*

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥ ਅੰਗ- ੧੩੫*

ਹੁਣ ਸਾਨੂੰ ਗੁਰੂ ਮਹਾਰਾਜ ਨੇ ਦਸ ਦਿਤਾ ਕਿ ਤੁਹਾਡੇ ਦੁਖਾਂ ਦਾ ਇਲਾਜ ਦਵਾਈਆਂ ਨਹੀਂ ਹਨ ਡਾਕਟਰਾਂ ਦੀਆਂ। ਦੁਖ ਤੁਸੀਂ ਖੁਦ ਪੈਦਾ ਕਰਦੇ ਹੋਂ ਤੇ ਜੇ ਦੁਖਾਂ ਦੀ ਦਾਰੂ ਤੁਹਾਨੂੰ ਮਿਲ ਜਾਵੇ ਤਾਂ ਤੁਹਾਡੇ ਦੁੱਖਾਂ ਦਾ ਖਾਤਮਾ ਹੋ ਜਾਵੇਗਾ। ਦੁਖ ਹੋਵੇਗਾ ਹੀ ਨਹੀਂ। ਚਾਰ ਦੁਖ ਗਿਣੇ ਨੇ -

*ਦੁਖੁ ਵੇਛੋੜਾ ਇਕੁ ਦੁਖੁ ਭੂਖ ॥*
*ਇਕੁ ਦੁਖੁ ਸਕਤਵਾਰ ਜਮਦੂਤ ॥*
*ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥*
*ਵੈਦ ਨ ਭੋਲੇ ਦਾਰੂ ਲਾਇ ॥ ਅੰਗ- ੧੨੫੬*

ਕਹਿੰਦੇ, ਨਾਥ ਜੀ! ਦੁਖ ਪ੍ਰਮੇਸ਼ਰ ਨੇ ਪੈਦਾ ਨਹੀਂ ਕਰਿਆ, ਇਹ ਜੀਵ ਨੇ ਆਪੇ ਪੈਦਾ ਕਰ ਲਿਆ। ਉਹ ਕਿਵੇਂ ਕਰ ਲਿਆ? ਉਹ ਕਹਿੰਦੇ, ਵਾਹਿਗੁਰੂ ਜੀ ਨੇ ਇਕ ਤੱਤ ਪੈਦਾ ਕੀਤਾ ਸੀ। ਉਹਦਾ ਨਾਉਂ ਹੈ ਹਉਮੈ। ਪਹਿਲਾਂ ਹਉਮੈ ਨੂੰ ਸਮਝੋ ਕੀ ਹੁੰਦੀ ਹੈ। ਬੜੇ ਆਦਮੀ ਅਭਿਮਾਨ ਨੂੰ ਹਉਮੈ ਕਹੀ ਜਾਂਦੇ ਨੇ ਕਿ ਜੀ ਬੜੀ ਹਉਮੈ ਹੈ ਇਹਦੇ ਵਿਚ। ਬੜੀ-ਛੋਟੀ ਹਉਮੈ ਨਹੀਂ ਹੁੰਦੀ। ਹਉਮੈ ਇਕੋ ਜਿਹੀ ਹੁੰਦੀ ਹੈ ਸਭ ਦੇ ਅੰਦਰ। ਅਭਿਮਾਨ ਘਟ ਵੱਧ ਹੁੰਦੈ। ਉਹ ਪ੍ਰਸਥਿਤੀਆਂ ਦੇ ਮੁਤਾਬਿਕ, ਹਾਲਾਤ ਦੇ ਮੁਤਾਬਿਕ, ਅਭਿਮਾਨ ਕਿਸੇ ਦਾ ਘੱਟ ਹੁੰਦੈ, ਕਿਸੇ ਦਾ ਵੱਧ ਹੁੰਦੈ। ਕੋਈ ਮਹਾਂ ਅਭਿਮਾਨੀ ਹੈ। ਅਭਿਮਾਨ ਹੋਰ ਚੀਜ਼ ਹੈ, ਹਉਮੈ ਹੋਰ ਚੀਜ਼ ਹੈ। ਹਉਮੈ ਨੂੰ ਸਮਝ ਲਓ। ਕਹਿੰਦੇ -

*ਹਉਮੈ ਬੂਝੈ ਤਾ ਦਰੁ ਸੂਝੈ ॥ ਅੰਗ- ੪੬੬*

ਰੱਬ ਦਾ ਦਰ ਓਦੋਂ ਹੀ ਲੱਭ ਜਾਂਦੈ ਜੇ ਹਉਮੈ ਨੂੰ ਬੁਝ ਲਓ। ਸਾਰੇ ਤੁਸੀਂ ਬੈਠੇ ਹੋਂ, ਕਿੰਨੇ ਕੁ ਪ੍ਰੇਮੀ ਹੋਂ, ਗਿਆਨੀ ਅਸੀਂ ਹਾਂ ਨਹੀਂ, ਅਰਥ ਸਾਨੂੰ ਆਉਂਦੇ ਨਹੀਂ, ਗੱਲ ਅਸੀਂ ਸਮਝਣੀ ਹੈ। ਗੱਲ ਕਿਵੇਂ ਸਮਝੀਏ। ਸਮਝਾਉਣ ਵਾਲੇ ਵੀ ਔਖੇ ਨੇ, ਅੱਖਰ ਨਹੀਂ ਹੈਗੇ ਜਿਹਦੇ

ਨਾਲ ਅਸੀਂ ਸਮਝਾ ਦੇਈਏ। ਮੈਂ ਕੋਸ਼ਿਸ਼ ਕਰਦਾਂ। ਉਹ ਇਹ ਹੈ ਕਿ ਹਰ ਬੰਦਾ ਕਹਿੰਦਾ ਹੈ ਕਿ ਮੈਂ ਹਾਂ। ਜਿਹੜਾ ਕਹਿੰਦੈ ਕਿ ਮੈਂ ਹਾਂ, ਉਹ ਉਠ ਕੇ ਦਰਸ਼ਨ ਦੇਵੇ, ਅਸੀਂ ਉਹਦੇ ਚਰਨਾਂ 'ਤੇ ਮਸਤਕ ਨਿਵਾਵਾਂਗੇ। ਕਿਉਂਕਿ ਜਿੱਥੇ ਮੈਂ ਨਹੀਂ ਹੈ, ਉਥੇ ਹੈ ਕੀ ਫੇਰ? ਉਹਦੇ ਬਾਰੇ ਮਹਾਰਾਜ ਕਹਿੰਦੇ ਨੇ –

*ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥*

*ਅੰਗ- ੬੫੭*

ਜਦੋਂ ਮੈਂ ਹੁੰਦਾ ਤਾਂ ਤੂੰ ਨਹੀਂ ਹੁੰਦਾ।

*ਹਉ ਮੈ ਕਰੀ ਤਾਂ ਤੂ ਨਾਹੀ ਤੂ ਹੋਵਹਿ ਹਉ ਨਾਹਿ ॥*

*ਅੰਗ - ੧੦੯੨*

ਦੋਵੇਂ ਗੱਲਾਂ ਹੋ ਗਈਆਂ ਕਿ ਜੇ ਤਾਂ ਉਹ ਵਾਹਿਗੁਰੂ ਹੋਇਆ ਤਾਂ, ਤਾਂ ਮੈਂ ਮਰ ਗਈ। ਜੇ ਮੈਂ ਹੈਗੀ ਤਾਂ ਵਾਹਿਗੁਰੂ ਹੈ ਨਹੀਂ। ਕਿੱਡੀ ਵੱਡੀ ਚੀਜ਼ ਹੈ ਇਹ। ਰੱਬ ਨੂੰ ਖਤਮ ਕਰ ਦਿੰਦੀ ਹੈ, ਖਤਮ ਹੀ ਨਹੀਂ ਕਰਦੀ, ਤਿੰਨ ਟੁਕੜੇ ਕਰ ਦਿੰਦੀ ਹੈ ਰੱਬ ਦੇ। ਇਕ ਟੁਕੜੇ ਦਾ ਨਾਉਂ ਹੈ ਈਸ਼ਵਰ, ਦੂਜਾ ਟੁਕੜਾ ਹੈ ਉਹ ਸੰਸਾਰ ਬਣਾ ਦਿਤਾ, ਤੀਜਾ ਟੁਕੜਾ ਹੈ ਜੀਵ ਬਣਾ ਦਿਤਾ। ਮਹਾਰਾਜ ਨੇ ਹਉਮੈ ਨੂੰ ਰੋਗ ਲਿਖਿਆ ਹੈ ਕਿ ਇਹ ਰੋਗ ਹੈ ਬੜਾ ਭਾਰੀ। ਇਹਦੇ ਕਰਕੇ –

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥*

*ਅੰਗ- ੯੯੯*

ਉਹਨੇ ਹਉਮੈ ਨਾਲ ਹੀ ਪਾ ਦਿਤੀ। ਹਉਮੈ ਦੇ ਵਿਚ ਕਦੇ ਵੀ ਸੁਖ ਨਹੀਂ ਹੋਏਗਾ, ਦੁਖ ਹੋਏਗਾ। ਹੁਣ ਆਪਾਂ ਨੂੰ ਐਨਾ ਕੁ ਤਾਂ ਸਮਝ ਆ ਗਿਆ ਨਾ ਕਿ ਰੱਬ ਨੇ ਤਾਂ ਦੁਖ ਨਹੀਂ ਸੀ ਬਣਾਇਆ, ਇਹ ਤਾਂ ਆਪੇ ਹੀ ਪੈਦਾ ਕਰ ਲਿਆ। ਹੁਣ ਹਉਮੈ ਦੀ ਜੇ ਦਾਰੂ ਲੱਭ ਜਾਵੇ ਤਾਂ ਫੇਰ ਅਸੀਂ ਬਹੁਤ ਸੁਖਾਲੇ ਹੋ ਜਾਂਦੇ ਹਾਂ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਜੀਵਨ 'ਚ ਇਕ ਕਥਾ ਆਉਂਦੀ ਹੈ। ਉਹ ਇਹ ਹੈ ਕਿ ਮਹਾਰਾਜ, 14-15 ਸਾਲ ਦੇ ਹੋ ਗਏ। ਉਹ ਪਏ ਰਹਿੰਦੇ ਨੇ ਕੱਪੜਾ ਲੈ ਕੇ, ਜੇ ਜੀਅ ਕਰੇ ਤਾਂ ਬਾਹਰ ਨੂੰ ਤੁਰ ਜਾਂਦੇ ਨੇ। ਨਹੀਂ ਤਾਂ ਬੋਲਦੇ ਹੀ ਨਹੀਂ ਕਿਸੇ ਨਾਲ। ਮਾਤਾ ਜੀ ਬੁਲਾਈ ਜਾਂਦੇ ਨੇ ਨਾਨਕ ਜੀ! ਨਾਨਕ ਜੀ! ਬੇਟਾ! ਬੇਟਾ। ਨਾ ਹਾਂ ਨਾ ਹੂੰ। ਦੋ ਦਿਨ ਲੰਘ ਗਏ ਪ੍ਰਸ਼ਾਦਾ ਛਕੇ ਨੂੰ, ਮਾਤਾ ਲਿਆਉਂਦੀ ਹੈ ਥਾਲ, ਉਧਰੋਂ ਕੋਈ ਜਵਾਬ ਹੀ ਨਹੀਂ ਹੇ। ਭੈਣ ਬੇਬੇ ਨਾਨਕੀ ਲੈ ਕੇ ਆਉਂਦੀ ਹੈ, ਕਹਿੰਦੀ ਹੈ, ਵੀਰ ਮੈਂ ਵੀ ਰੋਟੀ ਨਹੀਂ ਖਾਣੀ ਜੇ ਤੈਂ ਨਹੀਂ ਖਾਣੀ। ਮੇਰੇ ਕਿਵੇਂ ਗਰਾਹੀ ਲੰਘ ਜਾਏਗੀ ਜੇ ਤੂੰ ਦੋ ਦਿਨ ਦਾ ਭੁੱਖਾ ਪਿਐਂ? ਮੈਂ ਨਹੀਂ ਖਾਣੀ। ਉਠ ਕੇ ਬਹਿ ਜਾਂਦੇ ਨੇ ਕਿ ਲੈ ਭੈਣ! ਮੈਂ ਦੋ ਗਰਾਹੀਆਂ ਖਾ ਲੈਂਦਾ ਹਾਂ। ਮੈਨੂੰ ਬਿਮਾਰੀ ਵਗੈਰਾ ਕੋਈ ਨਹੀਂ ਹੈ। ਐਵੇਂ ਕਹੀ ਜਾਂਦੇ ਨੇ ਕਿ ਬਿਮਾਰ ਹੈ। ਉਸ ਤੋਂ ਬਾਅਦ ਸਾਰੇ ਭਾਈਚਾਰੇ 'ਚ ਰੌਲਾ ਪੈ ਗਿਆ ਕਿ (ਸ੍ਰੀ ਗੁਰੂ) ਨਾਨਕ ਜੀ ਬਿਮਾਰ ਨੇ, ਇਹ ਮਹਿਤਾ ਕਾਲੂ (ਜੀ) ਪੈਸੇ ਦਾ ਐਨਾ ਮਿੱਤਰ ਹੈ ਕਿ ਆਪਣੇ ਪੁੱਤਰ ਦਾ ਇਲਾਜ ਨਹੀਂ ਕਰਾਉਂਦਾ। ਛੋਟੇ ਭਰਾ ਲਾਲੂ ਜੀ ਸਨ, ਉਹਨਾਂ ਨੇ ਭਾਈਚਾਰੇ ਨੂੰ ਕਹਿਣਾ ਸ਼ੁਰੂ ਕਰ ਦਿਤਾ ਕਿ ਉਹ ਤਾਂ ਮੰਨਦਾ ਨਹੀਂ। ਤੁਸੀਂ ਤਾਂ ਸਾਡੇ ਵਰਗੇ ਹੀ ਹੋਂ, ਤੁਸੀਂ ਮਨਾਓ, ਆਪਣੇ ਭਰਾ ਨੂੰ। ਇਕੋ-ਇਕ ਪੁੱਤਰ ਹੈ ਤੁਹਾਡੇ। ਤੁਹਾਡੇ ਉਲਾਦ ਨਹੀਂ ਹੈ।ਇਕੋ ਪੁੱਤਰ ਹੈ, ਇਕੋ ਲੜਕੀ ਹੈ। ਪੁੱਤਰ ਨੂੰ ਕੋਈ ਰੋਗ ਲਗ ਗਿਆ, ਫੇਰ ਹੋਊ ਕੀ, ਤੁਹਾਡਾ ਦੀਵਾ ਬੁਝ ਗਿਆ ਤਾਂ ਹਨ੍ਹੇਰਾ ਪੈ ਜਾਣੈ ਘਰ 'ਚ। ਜਾਓ ਉਹਨੂੰ ਕਹੋ ਕੋਈ ਇਲਾਜ ਕਰਾਵੇ। ਕੋਈ ਭੂਤ ਪ੍ਰੇਤ ਚਿੰਬੜਿਆ ਹੋਇਐ ਇਹਨੂੰ। ਨਹੀਂ ਜਾਣਦੇ ਸੀ ਅਣਜਾਣ ਬੰਦੇ ਕਿ ਸ੍ਰੀ ਗੁਰੂ ਨਾਨਕ ਸਾਹਿਬ ਕੀ ਸੀ। ਝਾੜੇ ਕਰਾਏ ਚੋਰੀ-ਚੋਰੀ। ਸਿਰ ਦੇ ਉਤੇ ਛੁਹਾ ਕੇ ਬਾਹਰ ਰੱਖ ਕੇ ਆਏ ਚੌਰਸਤਿਆਂ 'ਚ। ਦਰਖ਼ਤਾਂ ਦੀਆਂ ਜੜ੍ਹਾਂ 'ਚ। ਬਹੁਤ ਕੁਛ ਸੀ ਹਿੰਦੁਸਤਾਨ ਦੇ ਅੰਦਰ, ਤੰਤਰ-ਮੰਤਰ ਕਰਨ ਵਾਲੇ। ਅਖੀਰ ਲਾਲੂ ਜੀ ਨੇ ਕਿਹਾ ਕਿ ਭਰਾਤਾ! ਲੋਕ ਤਾਂ ਹੁਣ ਮਿਹਣੇ-ਤਾਹਨੇ ਦੇਣ ਲਗ ਗਏ। ਜੇ ਨਾਨਕ ਜੀ ਦਾ ਇਲਾਜ ਹੀ ਕਰਾ ਲਈਏ।

ਕਹਿਣ ਲੱਗੇ, ਚੰਗਾ, ਮੈਂ ਵੈਦ ਹਰਿਦਾਸ ਜੀ ਕੋਲ ਜਾਂਦਾ ਹਾਂ। ਦੁਨੀਆਂ ਆਉਂਦੀ ਹੈ ਉਹਦੇ ਕੋਲ ਐਡਾ ਕਾਮਲ ਵੈਦ ਹੈ, ਐਨੀ ਹੱਥ ਵਿਚ ਸ਼ਫਾ ਹੈ ਕਿ ਜਿਹੜਾ ਆਉਂਦੈ ਉਹ ਰਾਜ਼ੀ ਹੋ ਕੇ ਜਾਂਦਾ ਹੈ। ਵੈਦ ਜੀ ਦੇ ਪਾਸ ਪਹੁੰਚ ਗਿਆ। ਮਰੀਜ਼ਾਂ ਨੂੰ ਦਵਾਈਆਂ ਦੇ ਰਹੇ ਸੀ। ਕਹਿਣ ਲੱਗੇ, ਬਹਿ ਜਾਓ ਮੂੜ੍ਹੇ 'ਤੇ। ਬੈਠ ਗਏ। ਕਹਿੰਦੇ ਮੈਂ ਦਵਾਈਆਂ ਦੇ ਦੇਵਾਂ ਮਰੀਜ਼ਾਂ ਨੂੰ। ਵਿਹਲੇ ਹੋ ਕੇ ਕਹਿਣ ਲੱਗੇ, ਦੱਸੋ ਮਹਿਤਾ ਜੀ! ਤੁਹਾਡਾ ਆਉਣਾ ਕਿਵੇਂ ਹੋਇਆ?

ਕਹਿਣ ਲੱਗੇ, ਵੈਦ ਜੀ! ਤੁਹਾਨੂੰ ਪਤਾ ਹੈ ਕਿ ਨਾਨਕ ਜੀ ਬਿਮਾਰ ਹੈ?

ਕਹਿੰਦੇ, ਸੁਣਿਆ ਤਾਂ ਹੈ। ਮੈਂ ਤਾਂ ਆਪ ਹੈਰਾਨ ਸੀ ਕਿ ਇਕਲੌਤਾ ਪੁੱਤਰ ਹੋਵੇ ਤੇ ਉਹਦਾ ਖਿਆਲ ਨਾ ਰੱਖਿਆ ਜਾਵੇ, ਤੁਹਾਡੇ ਵਲੋਂ। ਉਹਨੂੰ ਕੋਈ ਦਵਾਈ ਨਹੀਂ ਕਰੀ ਤੁਸੀਂ, ਆਏ ਨਹੀਂ ਤੁਸੀਂ।

ਕਹਿੰਦੇ, ਹੁਣ ਆਇਆ ਹਾਂ ਮੈਂ, ਪਹਿਲਾਂ ਤਾਂ ਮੈਂ ਝਾੜੇ ਕਰਾਉਂਦਾ ਰਿਹਾ। ਮੰਤਰ ਵਗੈਰਾ ਕਰਦਾ ਰਿਹਾ, ਇਹ ਜੰਗਲਾਂ 'ਚ ਜ਼ਿਆਦਾ ਜਾਂਦਾ ਹੈ। ਕੋਈ ਇਲ-ਬਲਾ ਮਗਰ ਲਗ ਗਈ ਹੋਣੀ ਹੈ।

ਕਹਿੰਦਾ, ਕੋਈ ਨਾ। ਮੈਂ ਸਵੇਰੇ ਆਵਾਂਗਾ।

ਕਹਿੰਦੇ, ਖਾਂਦੇ ਨਹੀਂ ਕੁਛ, ਦੋ-ਦੋ ਦਿਨ ਪ੍ਰਸ਼ਾਦਾ ਨਹੀਂ ਛਕਦੇ।

ਕਹਿੰਦਾ, ਮੇਰੇ ਕੋਲ ਇਹੋ ਜਿਹੀਆਂ ਪੁੜੀਆਂ ਨੇ ਆਪੇ ਹੀ ਰੋਟੀ ਖਾਣ ਲਾ ਦੇਣਗੀਆਂ।

ਧੰਨਵਾਦ ਕੀਤਾ।

ਕਹਿੰਦੇ, ਮੈਂ ਨਿਹਾਰ ਮੂੰਹ ਦੇਖਾਂਗਾ।

ਸਵੇਰੇ ਹੀ ਆਏ। ਦੂਰੋਂ ਦੇਖਿਆ ਮਹਿਤਾ ਜੀ ਨੇ ਆਦਰ ਵਾਸਤੇ ਅੱਗੇ ਵਧਿਆ ਤੇ ਉਸ ਤੋਂ ਬਾਅਦ ਨਾਲ ਲੈ ਕੇ ਜਿਥੇ ਗੁਰੂ ਮਹਾਰਾਜ ਪਏ ਸੀ, ਉਸ ਮੰਜੇ ਦੇ ਕੋਲ ਆ ਗਏ। ਕਾਨਿਆਂ ਦਾ ਮੂੜ੍ਹਾ ਚੁੱਕ ਕੇ ਡਾਹ ਦਿਤਾ, ਕਹਿੰਦੇ, ਲਓ ਵੈਦ ਜੀ ਇਥੇ ਬਹਿ ਜਾਓ। ਆਹ ਨਾਨਕ ਪਿਐ। ਕਹਿੰਦੇ, ਇਸ ਤਰ੍ਹਾਂ ਹੈ, ਬੋਲਦਾ ਹੀ ਨਹੀਂ ਹੈ। ਪਤਾ ਨਹੀਂ ਕੀ ਵੜਿਆ ਹੋਇਐ ਹੈ ਇਹਦੇ ਵਿਚ।

ਕਹਿੰਦੇ, ਤੁਸੀਂ ਚਿੰਤਾ ਨਾ ਕਰੋ। ਮੈਂ ਨਬਜ਼ ਦੇਖ ਕੇ ਹੀ ਹਾਲ ਦਸ ਦੇਵਾਂਗਾ।

ਵੈਦ ਨੇ, ਆਪ ਨੇ ਉਪਰਲਾ ਕੱਪੜਾ ਜਿਹੜਾ ਖੇਸ ਲਿਆ ਹੋਇਆ ਸੀ, ਉਹਦੇ ਵਿਚ ਹੱਥ ਪਾਇਆ 'ਤੇ ਬਾਹਰ ਕੱਢ ਲਈ ਬਾਂਹ। ਤਿੰਨ ਉਂਗਲਾਂ ਨਬਜ਼ 'ਤੇ ਰੱਖੀਆਂ। ਦੇਖਣ ਲਗ ਗਏ ਕਿ ਪਿੱਤ ਜ਼ਿਆਦਾ ਹੈ ਕਿ ਕਫ ਜ਼ਿਆਦਾ ਹੈ ਜਾਂ ਵਾਯੂ ਜ਼ਿਆਦਾ ਹੈ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਬਾਂਹ ਖਿੱਚ ਲਈ। ਵੈਦ ਘੁੱਟ ਕੇ ਫੜਦੈ। ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਮੁਖ ਤੋਂ ਐਸੀ ਅਵਾਜ਼ ਆਉਂਦੀ ਹੈ -

*ਧਾਰਨਾ - ਵੈਦਾ ਮੇਰੀ ਜੀ ਬਾਂਹ ਛੱਡ ਦੇ,*
*ਤੈਨੂੰ ਰੋਗ ਦਾ ਪਤਾ ਨਾ ਕੋਈ।*
*ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥*
*ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥*

*ਅੰਗ- ੧੨੭੯*

ਕਹਿੰਦੇ, ਕੀ ਦੇਖਦੈਂ ਵੈਦ ਜੀ।

ਕਹਿੰਦਾ, ਨਾਨਕ ਜੀ! ਤੁਹਾਡਾ ਸਵਾਸਥ ਠੀਕ ਨਹੀਂ ਹੈ। ਮੈਂ ਦੇਖਦਾ ਹਾਂ ਵਾਯੂ ਜ਼ਿਆਦਾ ਹੈ, ਜਾਂ ਕਫ ਜ਼ਿਆਦਾ ਹੈ, ਜਾਂ ਪਿੱਤ ਜ਼ਿਆਦਾ ਹੈ, ਉਹ ਦੇਖ ਕੇ ਮੈਂ ਤੁਹਾਨੂੰ ਦਵਾਈ ਦੇ ਦੇਵਾਂਗਾ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਵੈਦ ਜੀ! ਤੁਸੀਂ ਮੈਨੂੰ ਤਾਂ ਦੇਖਣ ਲਗ ਗਏ। ਤੁਸੀਂ ਰਾਜ਼ੀ-ਬਾਜ਼ੀ ਹੋਂ?

ਕਹਿੰਦਾ, ਹਾਂ ਜੀ।

ਮਹਾਰਾਜ ਕਹਿੰਦੇ, ਕਿੰਨੀਆਂ ਬਿਮਾਰੀਆਂ ਦਾ ਇਲਾਜ ਜਾਣਦੇ ਹੋਂ?

ਕਹਿਣ ਲੱਗਿਆ, ਜਿੰਨੀਆਂ ਅਥਰਵਣ ਵੇਦ ਦੇ ਵਿਚ ਬਿਮਾਰੀਆਂ ਨੇ। ਉਹ ਵੀ ਤੇ ਜਿਹੜੀਆਂ ਉਸ ਇਲਾਵਾ ਵੀ ਨੇ ਉਹ ਵੀ। ਹਜ਼ਾਰਾਂ ਦੀ ਤਾਦਾਦ ਦੇ ਵਿਚ ਮੈਂ ਜਾਣਦਾ ਹਾਂ। ਪਰ ਮੁੱਖ ਦਵਾਈਆਂ 99 ਨੇ।

ਮਹਾਰਾਜ ਹੱਸ ਪਏ। ਕਹਿੰਦੇ, ਫੇਰ ਇਨ੍ਹਾਂ 99ਵੇਂ ਵਿਚੋਂ ਨਹੀਂ ਮੈਨੂੰ ਕੋਈ ਬਿਮਾਰੀ।

ਕਹਿੰਦਾ, ਫੇਰ?

ਕਹਿੰਦੇ, ਮੇਰੇ ਤਾਂ ਪਿਆਰ ਦੀ ਹੈ। ਕਲੇਜੇ ਵਿਚ ਕਰਕ ਪੈਂਦੀ ਹੈ ਮੇਰੇ ਪ੍ਰਭੂ ਦੇ ਪਿਆਰ ਦੀ। ਬਿਮਾਰੀ ਨਹੀਂ ਹੈ ਕੋਈ ਵੀ ਇਹ।

ਪਰ ਕੀ ਤੂੰ ਰਾਜ਼ੀ ਹੈ?

ਕਹਿੰਦਾ, ਹਾਂ।

ਕਹਿੰਦੇ, ਤੂੰ ਤਾਂ ਕੀ, ਜਿੰਨਾਂ ਵੀ ਸੰਸਾਰ, ਪਸ਼ੂ-ਪੰਛੀ, ਜੋ ਵੀ ਨਜ਼ਰ ਆਉਂਦੈ, ਸਭ ਰੋਗੀ ਨੇ।

ਕਹਿੰਦਾ, ਨਾ ਸਾਡਾ ਵੈਦਿਕ ਸਾਸ਼ਤਰ ਤਾਂ ਨਹੀਂ ਕਹਿੰਦਾ।

ਮਹਾਰਾਜ ਕਹਿੰਦੇ, ਤੁਹਾਡੇ ਵੈਦਿਕ ਸਾਸ਼ਤਰ ਨੂੰ ਇਹ ਪਤਾ ਹੀ ਨਹੀਂ ਕਿ ਬਿਮਾਰੀ ਕਿੱਥੋਂ ਆਉਂਦੀ ਹੈ। ਪਹਿਲਾਂ ਮਨ ਰੋਗੀ ਹੁੰਦੈ, ਫੇਰ ਤਨ ਰੋਗੀ ਹੁੰਦੈ। ਮਨ ਰੋਗੀ ਤਾਂ ਹੁੰਦੈ ਕਿ ਉਹ ਪਰਮ ਸ਼ਕਤੀ ਵਾਹਿਗੁਰੂ ਜੀ ਨੂੰ ਭੁੱਲਦੈ ਤੇ ਉਹਦੇ ਵਿਚ ਜਿਹੜੀ ਐਨਰਜੀ ਦੀ ਲਹਿਰ ਆ ਰਹੀ ਸੀ ਉਹ ਟੁੱਟ ਗਈ। ਉਹ ਟੁੱਟਣ ਦੇ ਨਾਲ ਇਹਦੀ ਸ਼ਕਤੀ ਸੀਮਤ ਹੋ ਗਈ, ਸੀਮਤ ਹੋਣ ਦੇ ਨਾਲ ਰੋਗਾਂ ਨੇ ਇਹਨੂੰ ਘੇਰ ਲਿਆ। ਸੋਚ ਆ ਗਈ ਅੰਦਰ। ਖਿੱਚ (tention) ਤੋਂ ਬਿਮਾਰੀ ਹੁੰਦੀ ਹੈ ਸਾਰੀ। ਕਹਿੰਦੇ, ਇਹ ਤਾਂ ਬਿਮਾਰੀ ਦੀ ਥਿਊਰੀ ਹੈ। ਚਲੋ ਸਰੀਰ ਬਿਮਾਰ ਹੁੰਦੈ ਇਹਨਾਂ ਚੀਜ਼ਾਂ ਨਾਲ। ਸਰੀਰ ਬਿਮਾਰ ਹੋ ਗਿਆ, ਮਰ ਗਿਆ, ਕੱਖ ਨਹੀਂ ਵਿਗੜਦਾ ਆਦਮੀ ਦਾ। ਪਰ ਜੇ ਮਨ ਬਿਮਾਰ ਹੋ ਗਿਆ, ਫੇਰ ਤਾਂ ਸਜ਼ਾਵਾਂ ਬਹੁਤ ਸਖ਼ਤ ਮਿਲਦੀਆਂ ਨੇ।

ਵੈਦ ਕਹਿਣ ਲੱਗਿਆ, ਹੇ ਨਾਨਕ ਜੀ! ਮੈਂ ਤੁਹਾਡੇ ਬਾਰੇ ਪਾਧੇ ਤੋਂ ਵੀ ਸੁਣਿਐ। ਜਿਹਨੇ ਟੇਵਾ ਬਣਾਇਆ ਉਸ ਤੋਂ ਵੀ ਸੁਣਿਐ। ਮੈਂ ਇਸ ਵੇਲੇ ਸ਼ਰਧਾਲੂ ਹਾਂ ਤੁਹਾਡਾ। ਤੁਸੀਂ ਮੈਨੂੰ ਦੱਸੋ ਕਿ ਮੈਂ ਕਿਵੇਂ ਬਿਮਾਰ ਹਾਂ? ਮੈਂ ਬਿਮਾਰ ਹਾਂ ਨਹੀਂ, ਤੁਸੀਂ ਕਹਿੰਦੇ ਹੋਂ ਕਿ ਮੈਂ ਬਿਮਾਰ ਹਾਂ। ਮਹਾਰਾਜ ਕਹਿੰਦੇ, ਦੇਖੋ, ਇਕ ਸਰੀਰ ਦੀ ਬਿਮਾਰੀ ਹੁੰਦੀ ਹੈ। ਉਹ ਤੁਹਾਡੀ ਦਵਾਈ ਨਾਲ ਰਾਜ਼ੀ ਹੋ ਜਾਂਦੀ

ਹੈ। ਇਕ ਬਿਮਾਰੀਆਂ ਉਹ ਨੇ ਜਿਹੜੀਆਂ ਮਾਨਸਿਕ ਨੇ। ਕਹਿੰਦਾ, ਉਹ ਕਿਹੜੀਆਂ ਨੇ?

ਕਹਿੰਦੇ, ਉਹ ਐਨੀਆਂ ਭਿਆਨਕ ਨੇ, ਬਈ ਕਰੋੜਾਂ ਜਨਮਾਂ ਦੇ ਵਿਚ ਚੱਕਰ ਖਲਾ ਦਿੰਦੀਆਂ ਨੇ। ਇਹੋ ਜਿਹੀਆਂ ਬਿਮਾਰੀਆਂ ਨੇ। ਪਹਿਲੀ ਬਿਮਾਰੀ ਤਾਂ ਹੈਗੀ ਹਉਮੈ ਦੀ। ਹਉਮੈ ਨੂੰ ਸਮਝੋ। ਜੇ ਤਾਂ ਜ਼ਿੰਦਗੀ ਭਰ ਵਿਚ ਹਉਮੈ ਨੂੰ ਸਮਝ ਲਿਆ ਤਾਂ, ਤਾਂ ਆਪਾਂ ਜਿੱਤ ਗਏ। ਜੇ ਜ਼ਿੰਦਗੀ ਭਰ ਹਉਮੈ ਸਮਝ ਨਹੀਂ ਆਈ ਤਾਂ ਬਾਣੀ ਪੜ੍ਹੀ ਜਾਓ, ਦਾਨ ਕਰੀ ਜਾਓ ਕੋਈ ਫਾਇਦਾ ਨਹੀਂ।

ਇਥੇ ਵਾਹਿਗੁਰੂ ਤੋਂ ਬਗੈਰ ਹੋਰ ਕੋਈ ਹੈ ਨਹੀਂ। ਆਪੇ ਹੀ ਅਨੇਕ ਰੂਪ ਧਾਰੇ ਹੋਏ ਨੇ –

*ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ,*
*ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥*
*ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,*
*ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥*
*ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,*
*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥*
*ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,*
*ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥*

*ਤ੍ਵਪ੍ਰਸਾਦਿ ਕਬਿੱਤ*

ਇਹ 10 ਕਬਿੱਤ ਲਿਖੇ ਨੇ ਇਹਦੇ ਅਖੀਰ 'ਤੇ ਆਉਂਦੈ –

*ਕਹੂੰ ਬਰ ਦੇਤ, ਕਹੂੰ ਛਲ ਸੇ ਛਿਨਾਇ ਲੇਤ,*
*ਸਰਬ ਕਾਲ ਸਰਬ ਠਉਰ ਏਕ ਸੇ ਲਾਗਤ ਹੋ॥*

ਮਹਾਰਾਜ ਕਹਿੰਦੇ, ਦੇਖ ਇਹ ਸਭ ਤੋਂ ਵੱਡਾ ਰੋਗ ਹੈ। ਇਹਨੂੰ ਇਸ ਤਰ੍ਹਾਂ ਸਮਝ ਲਓ ਕਿ ਮਨ ਨੂੰ ਕੋਹੜ ਹੋ ਗਿਆ।

ਪਤਾ ਇਹਦਾ ਕੀ?

ਕਹਿੰਦਾ, ਨਾ ਮੈਨੂੰ ਤਾਂ ਪਤਾ ਨਹੀਂ। ਐਨਾ ਭਿਆਨਕ ਰੋਗ? ਫੇਰ ਇਹ ਕਰਦਾ ਕੀ ਹੈ?

ਮਹਾਰਾਜ ਕਹਿੰਦੇ, ਕਰਨਾ ਕੀ ਹੈ? ਜਦੋਂ ਤਕ ਇਹ ਰੋਗ ਲੱਗਿਆ ਹੋਇਐ, ਓਦੋਂ ਤਕ ਜੰਮਣ ਤੇ ਮਰਨ ਦਾ ਚੱਕਰ ਸਾਡੇ ਗਲ ਤੋਂ ਨਹੀਂ ਲਹਿਣਾ। ਅਸੀਂ ਜੰਮਦੇ ਰਹਿਣੈ, ਮਰਦੇ ਰਹਿਣੈ –

*ਧਾਰਨਾ – ਜੰਮਦਾ ਤੇ ਮਰਦਾ ਹੈ,*
*ਹਉਮੈ ਦਾ ਬੰਨ੍ਹਿਆ ਹੋਇਆ।*

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥*

*ਅੰਗ – ੪੬੬*

ਜਿੰਨਾਂ ਚਿਰ ਹਉਮੈ ਦਾ ਰੋਗ ਲੱਗਿਆ ਹੋਇਐ, ਇਹ ਜੰਮਦਾ ਰਹੇਗਾ ਤੇ ਮਰਦਾ ਰਹੇਗਾ –

*ਜਬ ਇਹ ਜਾਨੈ ਮੈ ਕਿਛੁ ਕਰਤਾ ॥*
*ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥ ਅੰਗ– ੨੭੮*

ਹੁਣ ਦੇਖ ਲਓ ਕਿੱਡੀ ਵੱਡੀ ਬਿਮਾਰੀ ਗਲ ਪੈ ਗਈ। ਕਰੋੜਾਂ ਸਾਲ ਤੋਂ ਜੰਮਦੇ ਮਰਦੇ, ਜੰਮਦੇ ਮਰਦੇ ਤੁਰੇ ਆ ਰਹੇ ਹਾਂ–

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥ ਅੰਗ – ੧੭੬*

ਕੀੜੇ-ਮਕੌੜੇ ਪਤਾ ਨਹੀਂ ਕੀ-ਕੀ ਬਣਦੇ ਤੁਰੇ ਆ ਰਹੇ ਹਾਂ। ਕਹਿੰਦੇ, ਵੈਦ ਜੀ! ਦੇਖੋ ਕਿੰਨਾ ਭਿਆਨਕ ਰੋਗ ਹੈ। ਇਹ ਬਾਰ-ਬਾਰ ਆਦਮੀ ਜੰਮਦੈ, ਬਾਰ-ਬਾਰ ਮਰਦੈ, ਇਲਾਜ ਨਹੀਂ ਇਹਦਾ ਕੋਈ।

ਮਹਾਰਾਜ ਕਹਿਣ ਲੱਗੇ, ਵੈਦ ਜੀ! ਦੂਜਾ ਰੋਗ ਹੋਇਆ ਕਰਦੈ ਮਨ ਦਾ ਬੁਖਾਰ, ਟੀ.ਬੀ ਦੀ ਬਿਮਾਰੀ।

ਕਹਿੰਦਾ, ਉਹ ਕੀ ਹੁੰਦੈ?

ਕਹਿੰਦੇ, ਉਹ ਹੁੰਦੈ ਈਰਖਾ। ਕੋਈਓ ਐਸਾ ਪੁਰਸ਼ ਹੈ ਜਿਹਦੇ ਅੰਦਰ ਈਰਖਾ ਨਾ ਹੋਵੇ। ਵਾਹਿਗੁਰੂ ਕ੍ਰਿਪਾ ਕਰੇ। ਈਰਖਾ ਦਾ ਮਰੀਜ਼ ਅੰਦਰ ਹੀ ਅੰਦਰ ਜਲੀ ਜਾਂਦੈ। ਦੂਜੇ ਦਾ ਬੁਰਾ ਮੰਨਦੈ। ਮਹਾਰਾਜ ਕਹਿੰਦੇ, ਜੇ ਤੂੰ ਸਾਡੀ ਗੱਲ ਮੰਨ ਲਵੇ ਨਾ ਅੱਧੀ ਈਰਖਾ ਮਰ ਜਾਏਗੀ। ਸੱਚੇ ਦਿਲੋਂ ਕਹਿ ਦੇ –

***ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਕਾ ਭਲਾ।*** ਭਲਾ ਮੰਗਣ ਲਗ ਜਾ। ਉਹ ਈਰਖਾ ਮਰਨੀ ਸ਼ੁਰੂ ਹੋ ਜਾਏਗੀ। ਈਰਖਾ ਨਾਲ ਕੀ ਹੁੰਦੈ? ਪਹਿਲਾਂ ਤਾਂ ਖਿੱਚ (tention) ਹੁੰਦੀ ਹੈ ਮਨ ਵਿਚ ਬਹੁਤ ਜ਼ਬਰਦਸਤ। ਫੇਰ ਮਿਹਦੇ ਉਤੇ ਅਸਰ ਕਰਦੀ ਹੈ। ਜਿਹੜਾ ਖਾਧਾ ਪੀਤਾ ਹੁੰਦੈ ਉਹ ਪਚਣ ਤੋਂ ਹਟ ਜਾਂਦੈ, ਜਿਗਰ ਖਰਾਬ ਹੋ ਜਾਂਦੈ। ਮਿਹਦਾ ਖਰਾਬ ਹੁੰਦੈ, ਭੁੱਖ ਲੱਗਣ ਤੋਂ ਹਟ ਜਾਂਦੀ ਹੈ। ਕਬਜ਼ ਹੋ ਜਾਂਦੀ ਹੈ। ਇਸ ਤੋਂ ਫੇਰ ਸਰੀਰ ਬਿਮਾਰ ਹੋਣਾ ਸ਼ੁਰੂ ਹੋ ਜਾਂਦੈ। ਦੂਸਰੇ ਦਾ ਬੁਰਾ ਕਰਦੈ।

ਸੰਤ ਮਹਾਰਾਜ ਜੀ ਇਕ ਸਾਖੀ ਸੁਣਾਉਂਦੇ ਹੁੰਦੇ ਸੀ ਕਿ ਇਕ ਕੋਈ ਈਰਖਾਲੂ ਪੁਰਸ਼ ਸੀਗਾ। ਕੰਮ ਵਗੈਰਾ ਚਲਦਾ ਨਹੀਂ ਸੀ ਉਹਦਾ। ਕਿਸੇ ਮਹਾਤਮਾ ਕੋਲ ਚਲਿਆ ਗਿਆ ਕਿ ਚਲੋ ਉਹਨਾਂ ਦੀ ਸੇਵਾ ਕਰਕੇ ਉਹਨਾਂ ਨੂੰ ਪ੍ਰਸੰਨ ਕਰ ਲਈਏ ਕਿ ਕੋਈ ਬਚਨ ਕਰ ਦੇਣਗੇ। ਜਦੋਂ ਪੰਜ-ਸੱਤ ਮਹੀਨੇ ਸੇਵਾ ਕਰਦੇ ਨੂੰ ਲੰਘ ਗਏ ਤਾਂ ਮਹਾਤਮਾ ਨੇ ਇਕ ਦਿਨ ਪੁੱਛਿਆ, ਪ੍ਰੇਮੀਆਂ! ਤੂੰ ਕਿਵੇਂ ਆਇਐਂ?

ਕਹਿੰਦਾ, ਮਹਾਰਾਜ! ਭੁੱਖ ਦਾ ਮਾਰਿਆ ਹੋਇਆ ਆਇਆ ਹਾਂ।

ਕਹਿੰਦੇ, ਕੋਈ ਨਾ ਤੂੰ ਸੇਵਾ ਕਰੀ ਹੈ। ਤੈਨੂੰ ਅਸੀਂ ਇਕ ਸੰਖ ਦਿੰਦੇ ਹਾਂ। ਉਹ ਲਿਪ ਪੋਚ ਕੇ ਵਜਾ ਲਿਆ ਕਰੀਂ, ਚੌਂਕੀ 'ਤੇ ਰਖ ਕੇ। ਪਰ ਇਹਦੇ ਵਿਚ ਇਕ ਨੁਕਸ ਹੈ, ਉਹ ਤੂੰ ਹੁਣੇ ਸੁਣ ਲੈ, ਜੇ ਤੂੰ ਮੰਗੀਆਂ ਕਿ ਮੇਰੇ ਚਾਰ ਮੱਝਾਂ ਹੋ ਜਾਣ, ਤੇਰੇ ਸ਼ਰੀਕਾਂ ਦੇ ਅੱਠ-ਅੱਠ ਹੋ ਜਾਣੀਆਂ ਨੇ। ਕਹਿੰਦਾ, ਜੀ! ਮੈਨੂੰ ਕੀ ਉਹਨਾਂ ਕੋਲ ਤਾਂ ਹੁਣ ਵੀ ਬਥੇਰੈ, ਮੈਂ ਹੀ ਭੁੱਖਾ ਮਰਦਾ ਹਾਂ।

ਕਹਿੰਦੇ, ਲੈ ਜਾ ਫੇਰ। ਘਰ ਆ ਗਿਆ, ਘਰਵਾਲੀ ਨੂੰ ਆ ਕੇ ਦੱਸਿਆ।

ਉਹ ਸਿਆਣੀ ਸੀ ਕੁਛ ਉਹਦੇ ਨਾਲੋਂ। ਕਹਿੰਦੀ, ਤੂੰ ਤਾਂ ਮਾੜਾ ਕੰਮ ਕਰਿਆ ਹੈ। ਇਹ ਸਰੀਕ ਸਾਰਾ ਦਿਨ ਤਾਂ ਸਾਨੂੰ ਗਾਲ੍ਹਾਂ ਕੱਢਦੇ ਨੇ, ਬੁਰਾ ਚਿਤਵਦੇ ਨੇ। ਇਹਨਾਂ ਨੂੰ ਖਾਹਮਖਾਹ ਅਮੀਰ ਕਰਨੈ, ਤੂੰ ਸੰਤਾਂ ਦੀ ਸੇਵਾ ਕਰਕੇ ਆਇਆ ਹੈਂ। ਕਹਿੰਦਾ, ਕਾਹਨੂੰ ਪਹਿਲਾਂ ਆਪਣੀ ਭੁੱਖ ਤਾਂ ਕੱਢ ਲਈਏ ਫੇਰ ਸੋਚਾਂਗੇ। ਲਗ ਗਿਆ ਕਿ ਮੈਨੂੰ ਪਸ਼ੂ ਮਿਲ ਜਾਣ, ਮੈਨੂੰ ਕੋਠੀ ਮਿਲ ਜਾਵੇ, ਪੈਸਾ ਮਿਲ ਜਾਏ, ਕੱਪੜੇ ਮਿਲ ਜਾਣ। ਸਭ ਕੁਛ ਹੋ ਗਿਆ ਘਰ 'ਚ। ਸਭ ਕੁਛ ਹੋ ਕੇ ਪੈਸਾ ਵੀ ਬੇਅੰਤ, ਛਣਨ-ਛਣਨ ਕਰਨ ਲਗ ਗਿਆ। ਪਰ ਇਹ ਦੋਵੇਂ ਇਕ ਦੂਜੇ ਨਾਲ ਬੋਲਣ ਤੋਂ ਹਟ ਗਏ। ਨਾ ਬੀਬੀ ਬੁਲਾਉਂਦੀ ਹੈ ਨਾ ਇਹ ਬੋਲਦੈ ਬੀਬੀ ਨਾਲ, ਸਾਰਾ ਦਿਨ ਚਿੰਤਾ 'ਚ ਲੰਘ ਜਾਂਦੈ। ਸੋਚੀ ਜਾਂਦੇ ਨੇ ਕਿ ਲੈ ਆਹ ਸਾਡੀਆਂ ਲੱਤਾਂ ਵੱਢਦੇ ਸੀ, ਨੜੇ ਵੱਢਦੇ ਸੀ, ਇਹਨਾਂ ਦੇ ਤਾਂ ਐਨਾ-ਐਨਾ ਹੋ ਗਿਆ। ਇਕ ਦਿਨ ਖੁਸ਼ ਹੋਇਆ ਬਹੁਤ। ਕਹਿੰਦਾ ਲਿਪ। ਕਹਿੰਦੀ, ਅੱਗੇ ਥੋੜ੍ਹੇ ਤੇਰੇ ਸੰਤ ਨੇ ਖਰਾਬ ਕਰਿਐ। ਕਹਿੰਦਾ, ਤੂੰ ਦੇਖੀਂ ਤਾਂ ਸਹੀ ਮੈਂ ਕੀ ਕਰਦਾਂ।

ਉਹਨੇ ਥਾਂ ਲਿਖਿਆ, ਚੌਂਕੀ ਰੱਖੀ। ਨਹਾ ਧੋ ਕੇ ਆਇਆ, ਧੂਪ ਦਿਤੀ, ਕਹਿੰਦਾ ਲੈ ਬਈ ਸੰਖ ਦੇਵਤਾ! ਤੂੰ ਹੁਣ ਇਸ ਤਰ੍ਹਾਂ ਕ੍ਰਿਪਾ ਕਰ, ਮੇਰੀ ਇਕ ਅੱਖ ਕਾਣੀ ਹੋ ਜਾਏ। ਮੇਰੀ ਘਰਵਾਲੀ ਦੀ ਵੀ ਹੋ ਜਾਏ। ਹੁਣ ਉਹਨਾਂ ਨੂੰ ਦੁਗਣਾ ਹੋਣਾ ਸੀ, ਉਹਨਾਂ ਦੀਆਂ ਦੋਵੇਂ ਅੱਖਾਂ ਅੰਨ੍ਹੀਆਂ ਹੋ ਗਈਆਂ। ਇਥੇ ਹੀ ਨਹੀਂ ਟਿਕਿਆ। ਕਹਿੰਦਾ, ਹੇ ਸੰਖ ਦੇਵਤਾ! ਮੇਰੀ ਦੇਹਲੀ ਦੇ ਨਾਲ ਲਗਦਾ ਖੂਹ ਬਣਾ ਦੇ। ਉਹਦੀ ਦੇਹਲੀ ਨਾਲ ਇਕ ਬਣਿਆ ਤੇ ਉਹਨਾਂ ਦੀ ਦੇਹਲੀ ਨਾਲ ਦੋ-ਦੋ ਬਣ ਗਏ। ਉਹ ਜਦੋਂ ਅੱਖਾਂ ਦੀ ਜੋਤੀ ਗਈ ਉਹ ਬਾਹਰ ਨੂੰ ਨੱਠੇ ਕਿ ਹੋ ਕੀ ਗਿਆ ਸਾਨੂੰ? ਐਨੇ ਨੂੰ ਦਰਵਾਜ਼ੇ 'ਚ ਖੂਹ ਲਗ ਚੁਕਿਆ ਸੀ। ਇਹਨੇ ਤਾਂ ਲਿਆ ਕੇ ਫੱਟਾ ਪਾ ਲਿਆ ਕਿਉਂਕਿ ਅੱਧਾ ਦਿਸਦਾ ਸੀ, ਕਿ ਫੱਟਾ ਪਾ ਕੇ ਲੰਘ ਜਾਇਆ ਕਰਾਂਗਾ। ਉਹ ਜਿਹੜਾ ਆਵੇ ਦੜੰਮ ਖੂਹ ਵਿਚ। ਘਰਵਾਲੀ ਨੂੰ ਕਹਿੰਦਾ, ਉਰ੍ਹੇ ਆ-ਉਰ੍ਹੇ ਆ, ਦੇਖ ਤਮਾਸ਼ਾ। ਕਹਿੰਦਾ, ਮੈਨੂੰ ਕਹੀ ਜਾਂਦੀ ਸੀ। ਆਹ ਦੇਖ ਕੀ ਕਰਿਐ ਮੈਂ ਇਹਨਾਂ ਦਾ ਹਾਲ।

ਮਹਾਰਾਜ ਕਹਿਣ ਲੱਗੇ, ਵੈਦ ਜੀ ਇਹ ਈਰਖਾ ਦੀ ਬਿਮਾਰੀ ਹੁੰਦੀ ਹੈ ਜਿਹਦੇ ਅੰਦਰ ਈਰਖਾ ਹੋਵੇ -

*ਜਿਸੁ ਅੰਦਰਿ ਤਾਤਿ ਪਰਾਈ ਹੋਵੈ*
*ਤਿਸ ਕਾ ਕਦੇ ਨ ਹੋਵੀ ਭਲਾ ॥* *ਅੰਗ- ੩੦੮*

ਕਦੇ ਵੀ-ਕਦੇ ਵੀ ਨਹੀਂ, ਉਹਦਾ ਭਲਾ ਹੁੰਦਾ ਹੀ ਨਹੀਂ ਜਿਹੜਾ ਈਰਖਾਲੂ ਪੁਰਸ਼ ਹੈ। ਉਹਨੂੰ ਰੂਹਾਨੀ ਮਾਰਗ ਵਿਚੋਂ ਧੱਕੇ ਮਾਰ ਕੇ ਕੱਢ ਦਿਤਾ ਬਾਹਰ ਕਿ ਤੇਰੇ ਅੰਦਰ ਈਰਖਾ ਹੈ। ਈਰਖਾ ਦੇ ਥਾਂ ਪਰਉਪਕਾਰ ਹੋਣਾ ਚਾਹੀਦੈ, ਪਿਆਰ ਹੋਣਾ ਚਾਹੀਦੈ। ਸੋ ਕਹਿੰਦੇ, ਦੇਖੋ ਕਿੱਡੀ ਵੱਡੀ ਬਿਮਾਰੀ ਹੈ। ਤੀਸਰੀ ਬਿਮਾਰੀ ਉਲਟੀਆਂ ਕਰਨ ਦੀ, ਹੈਜ਼ੇ ਦੀ। ਉਹ ਮਨ ਦਾ ਹੈਜ਼ਾ ਕੀ ਹੈ ਨਿੰਦਿਆ ਕਰਨੀ।

ਕਹਿੰਦਾ, ਸੱਚੇ ਪਾਤਸ਼ਾਹ! ਇਹ ਨਿੰਦਿਆ ਦਾ ਕਿੰਨਾ ਕੁ ਦੋਸ਼ ਲਗਦੈ।

ਮਹਾਰਾਜ ਕਹਿੰਦੇ, ਇਹਦਾ ਤਾਂ ਦੋਸ਼ ਗਿਣਿਆ ਹੀ ਨਹੀਂ ਜਾਂਦਾ। ਇਹ ਤਾਂ ਚਾਹੇ ਖੂਹ ਲਵਾ ਦੇ, ਚਾਹੇ ਕਿੱਡਾ ਹੀ ਦਾਨ ਕਰ ਦੇ, ਮਾੜਾ-ਮਾੜਾ ਹੋ ਕੇ ਆਪਣੇ ਆਪ ਨੂੰ ਮੋਮ ਬਣਾ ਦੇਵੇ। ਸਾਰੀ ਧਰਤੀ ਦਾਨ ਕਰ ਦੇਵੇ। ਕਹਿੰਦੇ, ਇਹਦਾ ਕੋਈ ਫਲ ਨਹੀਂ ਹੋਇਆ ਕਰਦਾ। ਬਿਰਥਾ ਜਾਂਦੈ ਇਹਦਾ ਫਲ।

ਜਿਹੜਾ ਸਫਾਈ ਦਾ ਕਰਮਚਾਰੀ ਹੈ, ਪਹਿਲੇ ਜ਼ਮਾਨਿਆਂ 'ਚ ਉਹ ਮਲਮੂਤਰ ਚੁੱਕਿਆ ਕਰਦੇ ਸੀਗੇ। ਝਾੜੂ ਦੇ ਬਲ ਨਾਲ। ਇਹ ਜਿਹੜਾ ਨਿੰਦਕ ਹੈ ਇਹ ਕਰੋੜਾਂ ਜਨਮਾਂ ਦੇ ਪਾਪਾਂ ਨੂੰ ਮੂੰਹ ਦੇ ਨਾਲ ਚੁੱਕਦੈ। ਮਹਾਤਮਾ ਕਹਿੰਦੇ, ਇਹ ਤਾਂ ਸਾਡਾ ਦੋਖੀ ਨਹੀਂ ਹੈ। ਇਹ ਤਾਂ ਸਾਡਾ ਮਦਦਗਾਰ ਹੈ। ਸਾਡੇ ਜਨਮਾਂ-ਜਨਮਾਂ ਦੀ ਮੈਲ ਖਾ ਰਿਹੈ, ਹੁਣ ਇਹਨੂੰ ਅਸੀਂ ਕਿਵੇਂ ਮਾੜਾ ਕਹਿ ਦੇਈਏ। ਮਹਾਰਾਜ ਕਹਿੰਦੇ, ਪਿਆਰਿਓ! ਜਿਹਦੇ ਅੰਦਰ ਇਹ ਬਿਮਾਰੀ ਹੋ ਜਾਏ, ਉਹ ਬੇਗਾਨੀ ਮੈਲ ਚੁੱਕਦੈ, ਉਹਨੂੰ ਕੋਈ ਅਕਲ ਵਾਲਾ ਨਹੀਂ ਕਿਹਾ ਜਾਂਦਾ, ਉਹਨੂੰ ਮਹਾਂ ਮੂਰਖ ਕਿਹਾ ਜਾਂਦੈ -

*ਧਾਰਨਾ - ਨਿੰਦਾ ਭਲੀ ਕਿਸੇ ਦੀ ਨਾਹੀ,*
*ਮਨਮੁਖ ਲੋਕੀ ਕਰਦੇ ਨੇ।*

*ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥*
*ਅੰਗ- ੭੫੫*

ਕਿੱਡੀ ਵੱਡੀ ਬਿਮਾਰੀ ਹੈ। ਤ੍ਰਿਸ਼ਨਾ ਦੀ ਬਿਮਾਰੀ

ਤਾਂ ਇਸ ਤੋਂ ਵੀ ਖਤਰਨਾਕ ਹੈ। ਰੱਜਦਾ ਹੀ ਨਹੀਂ ਆਦਮੀ –

*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥*
*ਪਰੈ ਪਰੈ ਹੀ ਕਉ ਲੁਝੀ ਹੇ ॥ ਅੰਗ– ੨੧੩*

ਰੱਜਦਾ ਹੀ ਨਹੀਂ ਕਦੇ। ਹੋਰ ਮਿਲੇ–ਹੋਰ ਮਿਲੇ, ਸ਼ਾਂਤੀ ਨਹੀਂ ਆਉਂਦੀ। ਇਸ ਤਰ੍ਹਾਂ ਮਹਾਰਾਜ ਜੀ ਨੇ ਬਹੁਤ ਸਾਰੀਆਂ ਬਿਮਾਰੀਆਂ ਦੱਸੀਆਂ। ਕਹਿਣ ਲੱਗੇ, ਵੈਦ ਜੀ! ਇਹਨਾਂ ਸਾਰੀਆਂ ਬਿਮਾਰੀਆਂ ਦੀ ਜੜ੍ਹ ਜਿਹੜੀ ਹੈ ਉਹ ਹਉਮੈ ਹੈ। ਹਉਮੈ ਦਾ ਜਿਹੜਾ ਇਲਾਜ ਹੈ। ਇਕ ਤੱਤ ਵਾਹਿਗੁਰੂ ਨੇ ਹਉਮੈ ਦਾ ਬਣਾਇਆ ਹੈ, ਇਕ ਨਾਮ ਦਾ ਬਣਾਇਆ। ਨਾਮ ਤੱਤ ਵਿਚ ਐਨੀ ਸ਼ਕਤੀ ਹੈ, ਇਕ ਸਕਿੰਟ ਵਿਚ ਹਉਮੈ ਨੂੰ ਕੱਟ ਕੇ ਔਹ ਮਾਰਦੈ ਵਗਾਹ ਕੇ। ਓਧਰਲੇ ਪਾਸੇ ਮਹਾਰਾਜ ਜੀ ਕਹਿਣ ਲੱਗੇ, ਨਾਥ ਜੀ! ਹਉਮੈ ਕਰਕੇ ਜਗਤ ਬਣਿਆ। ਵਾਹਿਗੁਰੂ ਹੀ ਹੈ ਸਾਰਾ –

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ ॥ ਅੰਗ– ੯੪੬*

ਦੁਖ ਦਾ ਖਾਤਮਾ ਕਿਵੇਂ ਹੋਵੇ –

*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ ॥ ਅੰਗ– ੯੪੬*

ਸੋ ਇਸ ਕਰਕੇ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ।

ਵੈਦ ਕਹਿਣ ਲੱਗਿਆ, ਮਹਾਰਾਜ! ਬਿਮਾਰੀਆਂ ਤਾਂ ਤੁਸੀਂ ਸੈਂਕੜੇ ਗਿਣਾ ਦਿਤੀਆਂ। ਇਹਨਾਂ ਦਾ ਇਲਾਜ ਵੀ ਆਪ ਕ੍ਰਿਪਾ ਕਰਕੇ ਦੱਸੋ। ਮੈਂ ਨੋਟ ਕਰ ਲਵਾਂ, ਕਾਗਜ਼ ਲਿਆਵਾਂ।

ਕਹਿੰਦੇ, ਕਾਗਜ਼ ਦੀ ਲੋੜ ਨਹੀਂ ਹੈ। ਇਹਨਾਂ ਸਾਰੀਆਂ ਬਿਮਾਰੀਆਂ ਦੀ ਇੱਕੋ–ਇਕ ਦਵਾਈ ਜਿਹੜੀ ਹੈ ਉਹ ਹੈ ਪ੍ਰਮੇਸ਼ਰ ਨੂੰ ਯਾਦ ਦੇ ਵਿਚ ਵਸਾ ਲੈਣਾ, ਉਹਨੂੰ ਭੁੱਲਣਾ ਨਾ। ਵਸਾ ਲੈਣਾ ਯਾਦ ਦੇ ਅੰਦਰ। ਭਰੋਸਾ ਉਹਦੇ ਉਤੇ ਕਰ ਲੈਣਾ। ਜਿਸ ਨੂੰ ਅਸੀਂ 'ਨਾਮ' ਕਹਿੰਦੇ ਹਾਂ। 'ਨਾਮ' ਇਕ ਪੱਕੀ ਲਗਾਤਾਰੀ ਯਾਦ ਹੈ ਵਾਹਿਗੁਰੂ ਦੀ, ਜੋ ਕਦੇ ਭੁੱਲੇ ਨਾ ਉਹਨੂੰ ਅਸੀਂ ਨਾਮ ਕਹਿੰਦੇ ਹਾਂ। ਉਹ ਨਾਮ ਇਕ ਸ਼ਕਤੀ ਹੈ, ਉਹ ਪਰੀਪੂਰਨ ਸ਼ਕਤੀ ਹੈ। ਉਹ ਆਪ ਹੀ ਇਕ ਤੋਂ ਅਨੇਕ ਹੋ ਕੇ ਖੇਲ੍ਹ ਰਹੀ ਹੈ। ਸੋ ਇਸ ਕਰਕੇ ਸਾਰੀਆਂ ਬਿਮਾਰੀਆਂ ਦਾ ਜੇ ਤੂੰ ਇਲਾਜ ਚਾਹੁੰਦੈਂ ਤਾਂ ਉਹ ਇਲਾਜ ਹੈ ਜਿਸ ਨੂੰ ਮਹਾਰਾਜ ਨੇ 'ਨਾਮ' ਕਿਹੈ –

*ਧਾਰਨਾ – ਤੇਰੇ ਸਾਰਿਆਂ ਦੁਖਾਂ ਦੀ ਹੈ ਦਾਰੂ,*
*ਇੱਕੋ ਨਾਮ ਵਾਹਿਗੁਰੂ ਦਾ।*

ਕਹਿਣ ਲੱਗੇ, ਵੈਦ ਜੀ! ਇੱਕੋ ਦਾਰੂ ਪ੍ਰਮੇਸ਼ਰ ਨੇ ਬਣਾਈ ਹੈ। ਇਹਦੇ ਅੰਦਰ ਰੱਖੀ ਹੋਈ ਹੈ। ਇਹ ਮੂਰਖ ਬੰਦੇ ਨੂੰ ਇਹ ਨਹੀਂ ਪਤਾ ਕਿ ਦਵਾਈ ਤਾਂ ਮੇਰੇ ਅੰਦਰ ਪਈ ਹੈ, ਮੈਂ ਬਾਹਰ ਟੋਲ੍ਹਦਾ ਫਿਰਦਾ ਹਾਂ। ਮਹਾਰਾਜ ਕਹਿੰਦੇ –

*ਹਰਿ ਅਉਖਧੁ ਸਭ ਘਟ ਹੈ ਭਾਈ ॥ ਅੰਗ– ੨੫੯*

ਕੋਈ ਬੰਦਾ ਨਹੀਂ ਜਿਹਦੇ ਅੰਦਰ ਦਵਾਈ ਨਾ ਰੱਖੀ ਹੋਵੇ ਪ੍ਰਮੇਸ਼ਰ ਨੇ ਪਰ ਉਹ ਲੱਭਦੀ ਨਹੀਂ –

*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥ ਅੰਗ – ੨੫੯*

ਜਦੋਂ ਤਕ ਸਮਰੱਥ ਗੁਰੂ ਨਹੀਂ ਮਿਲਦਾ, ਉਹਨੂੰ ਬੰਦਾ ਟੋਲ੍ਹ ਨਹੀਂ ਸਕਦਾ। ਉਹ ਬਿਧ ਨਹੀਂ ਬਣਦੀ –

*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ ॥ ਅੰਗ– ੨੫੯*

ਜਦੋਂ ਗੁਰੂ ਨੇ ਸੰਜਮ ਦੇ ਨਾਲ ਦਵਾਈ ਦਿਤੀ ਤਾਂ ਫੇਰ ਦੁਖ ਦਾ ਖਾਤਮਾ ਹੋ ਗਿਆ। ਦੁਖੀ ਫਿਰਦਾ ਹੈ ਸਾਰਾ ਸੰਸਾਰ। ਇਲਾਜ ਗੁਰੂ ਮਹਾਰਾਜ ਦਸੀ ਜਾਂਦੇ ਨੇ ਕਹਿੰਦੇ, ਇਹਦਾ ਇਲਾਜ ਨਾਮ ਹੈ, ਨਾਮ ਕਿਥੋਂ ਟੋਲ੍ਹੀਏ। ਕਹਿੰਦੇ, ਦੇਖ ਤੈਨੂੰ ਸੁਖਾਲਾ ਤਰੀਕਾ ਦਸ ਦਿੰਦੇ ਹਾਂ। ਜਦੋਂ ਤਕ ਤੂੰ ਸਾਧੂ ਮਹਾਂਪੁਰਸ਼ਾਂ ਦੀ ਸੰਗਤ ਨਹੀਂ ਕਰਦਾ। ਇਸ ਤਰ੍ਹਾਂ ਸਮਝ ਲੈ ਕਿ ਹੈ ਹੀ ਉਹਨਾਂ ਕੋਲ ਨਾਮ ਦਾਰੂ, ਹੋਰ ਕਿਸੇ ਕੋਲ ਨਹੀਂ ਹੈ। ਉਹ ਤੇਰੇ ਅੰਦਰੋਂ ਪ੍ਰਗਟ ਕਰ ਦੇਣਗੇ ਉਹ ਥਾਂ ਜਿਥੇ ਤੇਰੇ ਨਾਮ ਦਾਰੂ ਰਹਿੰਦੀ ਹੇ –

*ਜਿਸੁ ਵਖਰ ਕਉ ਲੈਨਿ ਤੂ ਆਇਆ ॥*
*ਰਾਮ ਨਾਮੁ ਸੰਤਨ ਘਰਿ ਪਾਇਆ ॥ ਅੰਗ– ੨੮੩*

ਉਹ ਹੈ ਪ੍ਰਮੇਸ਼ਰ ਦਾ ਨਾਮ। ਸੰਤਾਂ ਦੇ ਘਰ ਵਿਚ ਮਿਲਦਾ ਹੈ। ਮਿਲਦਾ ਕਿਵੇਂ ਹੈ –

*ਤਜਿ ਅਭਿਮਾਨੁ ਲੇਹੁ ਮਨ ਮੋਲਿ ॥*
*ਰਾਮ ਨਾਮੁ ਹਿਰਦੇ ਮਹਿ ਤੋਲਿ ॥ ਅੰਗ– ੨੮੩*

ਮੈਂਪੁਣਾ ਛੱਡ ਦੇ, ਅਭਿਮਾਨ ਛੱਡ ਦੇ, ਹੰਗਤਾ ਛੱਡ ਦੇ, ਮਮਤਾ ਛੱਡ ਦੇ, ਫੇਰ ਮਿਲ ਜਾਏਗਾ। ਫੇਰ ਉਹਨੂੰ ਲੈ ਕੇ ਰੱਖ ਨਾ ਦੇਈਂ। ਉਹਦੇ ਵਿਚ ਤੋਲੀਂ ਵਾਹਿਗੁਰੂ–ਵਾਹਿਗੁਰੂ–ਵਾਹਿਗੁਰੂ–ਵਾਹਿਗੁਰੂ; ਰਾਮ–ਰਾਮ–ਰਾਮ–ਰਾਮ; ਅੱਲਾਹ ਹੂ, ਅੱਲਾਹ ਹੂ, ਅੱਲਾਹ ਹੂ, ਤੋਲੀਂ। ਫੇਰ –

*ਲਾਦਿ ਖੇਪ ਸੰਤਹ ਸੰਗਿ ਚਾਲੁ ॥ ਅੰਗ– ੨੮੩*

ਇਕੱਲਾ ਨਾ ਨਿਕਲ ਜਾਈਂ, ਅਭਿਮਾਨੀ ਹੋ ਜਾਏਂਗਾ, ਲੋਕ ਪੈਰੀਂ ਹੱਥ ਲਾਉਣ ਲਗ ਜਾਣਗੇ। ਸੰਤ ਬਣ ਜਾਏਂਗਾ। ਮਾਰਿਆ ਜਾਵੇਂਗਾ ਪਿਆਰਿਆ। ਰਿੱਧੀਆਂ–ਸਿੱਧੀਆਂ ਤੈਨੂੰ ਮੋਹ ਲੈਣਗੀਆਂ। ਸੰਤਾਂ ਦੇ ਨਾਲ ਚੱਲੀਂ, ਤੱਤ ਬੇਤੇ ਮਹਾਂਪੁਰਸ਼ਾਂ ਦੇ –

*ਅਵਰ ਤਿਆਗਿ ਬਿਖਿਆ ਜੰਜਾਲ ॥ ਅੰਗ– ੨੮੩*

ਬਾਕੀ ਨਾਮ ਤੋਂ ਬਿਨਾਂ ਜਿੰਨੇ ਜੰਜਾਲ ਨੇ, ਸਭ ਵਿਹੁ ਦੇ ਨੇ। ਜਦੋਂ ਫੇਰ ਸੰਸਾਰ ਤੋਂ ਜਾਏਂਗਾ –

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*
*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥ ਅੰਗ- ੨੯੩*

ਸੋ ਹਉਮੈ ਨੂੰ ਮਾਰਨਾ ਜਿਹੜਾ ਹੈ ਜਿਸਨੂੰ ਬਿਹੁ ਕਹਿੰਦੇ ਨੇ -

*ਬਿਖੁ ਕਾ ਮਾਰਣੁ ਹਰਿ ਨਾਮੁ ਹੈ*
*ਗੁਰ ਗਰੁੜ ਸਬਦੁ ਮੁਖਿ ਪਾਇ ॥ ਅੰਗ - ੧੪੧੫*

ਮਹਾਰਾਜ ਦੱਸੀ ਜਾਂਦੇ ਨੇ ਕਿ ਸਾਰੇ ਦੁਖਾਂ ਦਾ ਇਲਾਜ ਪ੍ਰਮੇਸ਼ਰ ਦਾ ਨਾਮ ਹੈ। ਫੇਰ ਲੈ-ਲੈ ਇਹ ਰਾਜ, ਪਰਮ ਸੁਖੀ ਹੋ ਜਾਏਂਗਾ, ਦੁਖ ਨੇੜੇ ਤੇੜੇ ਨਹੀਂ ਆਏਗਾ। ਮੇਰਾ ਕਿੰਨਾ ਸਮਾਂ ਬਰਬਾਦ ਹੁੰਦੈ ਇਸ ਗੱਲ ਦੇ ਉਤੇ। ਜੇ ਮੈਨੂੰ ਦਿਨ ਵਿਚ 200 ਬੰਦਾ ਮਿਲਿਆ, ਉਹ 200 ਵਿਚੋਂ 15-10 ਤਾਂ ਚੁੱਪ ਹੁੰਦੇ ਨੇ ਕਿ ਅਸੀਂ ਤਾਂ ਦਰਸ਼ਨ ਕਰਨ ਹੀ ਆਏ ਹਾਂ। ਜਿਹੜੇ 185 ਨੇ ਉਹ ਕਹਿਣਗੇ, ਮੈਨੂੰ ਆਹ ਦੁਖ ਹੈ, ਮੈਨੂੰ ਆਹ ਦੁਖ ਹੈ। ਮੈਂ ਕਿਹਾ, ਨਾਮ ਦਾਰੂ ਲੈ ਲਓ, ਦੁਖ ਹਟ ਜਾਏਗਾ। ਬੰਦਗੀ ਕਰੋ।

ਇਥੇ ਰਤਵਾੜਾ ਸਾਹਿਬ ਇਕ ਬੀਬੀ ਆਈ, ਉਹ ਬੀਮਾਰੀਆਂ ਗਿਣਾਉਣ ਲਗ ਗਈ। 7 ਬਿਮਾਰੀਆਂ। ਇਕ ਅੱਖ ਅੰਨ੍ਹੀ ਹੋ ਚੁਕੀ ਸੀ, ਜੋਤ ਚਲੀ ਗਈ ਸੀ। ਦੂਜੀ ਦੀ ਜਾਣ ਵਾਲੀ ਸੀ। 245 ਬਲੱਡ ਪਰੈਸ਼ਰ, 245 ਬਲੱਡ ਸ਼ੂਗਰ। ਗੁਰਦੇ ਦੇ ਵਿਚ ਪੱਥਰੀ, ਰੀੜ੍ਹ ਦੀ ਹੱਡੀ ਦੇ ਵਿਚ ਕਰੈਕ, ਜਿਗਰ ਵਿਚ ਰਸੌਲੀ। ਜੇ ਡਾਕਟਰ ਆਪਰੇਸ਼ਨ ਕਰਦੇ ਨੇ ਤਾਂ ਬਲੱਡ ਪਰੈਸ਼ਰ ਪਹਿਲਾਂ ਹੀ ਐਨਾ ਹੈ, ਉਤੇ ਹੋਰ ਚੜ੍ਹ ਜਾਂਦੈ, ਉਹ ਕਹਿੰਦੇ ਨਾੜ ਫਟ ਜਾਏਗੀ, ਦਿਮਾਗ ਦੀ। ਆਪਰੇਸ਼ਨ ਦੇ ਕਾਬਲ ਨਹੀਂ ਹੈ ਇਹ। ਦੁਨੀਆਂ ਵਿਚ ਜਿਹੜੇ ਇਲਾਜ ਸੀ ਉਹ ਤਾਂ ਖਤਮ ਹੋ ਗਏ। ਨਾ ਬਲੱਡ ਪਰੈਸ਼ਰ ਹਟਦੈ, ਨਾ ਬਲੱਡ ਸ਼ੂਗਰ ਹਟਦੀ ਹੈ। ਆਪਰੇਸ਼ਨ ਤੋਂ ਬਗੈਰ ਪੱਥਰੀ ਨਹੀਂ ਨਿਕਲਦੀ। ਆਪਰੇਸ਼ਨ ਤੋਂ ਬਗੈਰ ਜਿਗਰ ਦੀ ਰਸੌਲੀ ਨਹੀਂ ਕੱਟ ਹੁੰਦੀ। ਕਹਿੰਦੇ, ਬੀਬੀ! ਸਾਡੇ ਕੋਲ ਨਹੀਂ ਤੇਰਾ ਇਲਾਜ। ਇਥੇ ਆ ਗਈ ਰਤਵਾੜਾ ਸਾਹਿਬ। ਵੀਰ ਜੀ ਕਹਿੰਦੀ ਸੀ ਮੈਨੂੰ। ਕਹਿੰਦੀ ਵੀਰ ਜੀ! ਸੱਤ ਬਿਮਾਰੀਆਂ ਦਸ ਦਿਤੀਆਂ। ਮੈਂ ਸੁਣਦਾ ਰਿਹਾ, ਦੋ-ਤਿੰਨ ਹਫ਼ਤੇ ਤਾਂ ਮੈਂ ਜਵਾਬ ਹੀ ਨਹੀਂ ਦਿਤਾ। ਮੈਂ ਕਿਹਾ ਇਸ ਤੋਂ ਕਿਹੜਾ ਹੋਣੈ। ਜਦੋਂ ਬਹੁਤ ਹੀ ਕਹੀ ਗਈ, ਕਹਿੰਦੀ ਇਸ ਅੱਖ ਦੀ ਵੀ ਜੋਤੀ ਜਾ ਰਹੀ ਹੈ ਜਿਹੜੀ ਖੁੱਲ੍ਹੀ ਹੈ ਮਾੜੀ ਜਿਹੀ। ਮੈਂ ਕਿਹਾ, ਦੇਖ ਬੀਬੀ! ਤੈਨੂੰ ਪ੍ਰਮੇਸ਼ਰ ਦਾ ਨਾਮ ਜਪਣਾ ਪੈਣੈ। ਨਿਸ਼ਚੇ ਦੇ ਨਾਲ। ਕਹਿੰਦੀ, ਜਪਾਂਗੀ। ਸ਼ਬਦ ਦੇ ਦਿਤਾ ਉਹਨੂੰ, ਪੂਰੇ ਪੰਜ ਘੰਟਿਆਂ 'ਚ ਹੁੰਦਾ ਸੀ। ਜਿਸ ਵਕਤ ਕਰਨ ਲਗ ਗਈ, ਵੀਹ ਦਿਨ ਤੋਂ ਬਾਅਦ ਬੜੀ ਖੁਸ਼, ਮੇਰੀ ਅੱਖ ਖੁਲ੍ਹ ਗਈ। ਜਿਹੜੀ ਦਬਦੀ ਜਾਂਦੀ ਸੀ। ਬੜੀ ਖੁਸ਼ੀ ਹੋਈ, ਜਿਹਦੀ ਦਬਦੀ ਅੱਖ ਖੁਲ੍ਹ ਜਾਏ। ਉਸ ਤੋਂ ਬਾਅਦ ਉਹ ਪੀ.ਜੀ.ਆਈ ਗਈ ਕਾਰਡ ਲੈ ਕੇ। ਬਲੱਡ ਪਰੈਸ਼ਰ ਠੀਕ, ਸ਼ੂਗਰ ਵੀ ਨਾਰਮਲ। ਉਹ ਕਹਿੰਦੇ, ਬੀਬੀ! ਕਿਹੜੀ ਦਵਾਈ ਖਾਧੀ ਹੈ ਤੇਰਾ ਤਾਂ ਕਾਰਡ ਬੜਾ ਪੁਰਾਣਾ ਹੈ। ਕਹਿੰਦੀ, ਕੁਛ ਨਹੀਂ ਖਾਧੀ ਮੈਂ ਰਤਵਾੜਾ ਸਾਹਿਬ ਰਹਿੰਦੀ ਹਾਂ ਤੇ ਇਸ ਤਰ੍ਹਾਂ ਮੈਂ ਪਾਠ ਕਰਦੀ ਹਾਂ। ਪ੍ਰਸ਼ਾਦ ਰੋਜ਼ ਮਿਲਦੈ ਉਹ ਖਾ ਲੈਂਦੀ ਹਾਂ, ਗੁੜ ਵਗੈਰਾ ਖਾ ਲਈਦੈ। ਵਿਆਹ ਸ਼ਾਦੀ ਦੀਆਂ ਲੱਡੂ ਜਲੇਬੀਆਂ ਆ ਗਈਆਂ, ਉਹ ਸ੍ਰੀ ਮਾਨ ਵੰਡ ਕੇ ਦੇ ਦਿੰਦੈ ਸਾਰਿਆਂ ਨੂੰ। ਕਹਿੰਦੀ, ਹੈਂ ਇਹ ਤਾਂ ਸਾਰੀਆਂ ਹੀ ਬਿਮਾਰੀ ਪੈਦਾ ਕਰਨ ਵਾਲੀਆਂ ਚੀਜ਼ਾਂ ਨੇ। ਉਸ ਤੋਂ ਬਾਅਦ ਕਾਫੀ ਸਮਾਂ ਲੰਘ ਗਿਆ। ਮੈਂ ਜਾਣਾ ਸੀ ਅਮਰੀਕਾ। ਕਾਗਜ਼ ਮੁੱਠੀ 'ਚ ਲਈ ਆਵੇ। ਕਹਿੰਦੀ ਆਹ ਦੇਖੋ ਤਿੰਨ ਟੁਕੜੇ ਹੋ ਕੇ ਪੱਥਰ ਨਿਕਲ ਗਿਆ। ਮੈਂ ਕਿਹੋ ਚਲੋ ਇਹ ਵੀ ਠੀਕ ਹੋ ਗਿਆ। ਜਦੋਂ ਮੈਂ ਅਮਰੀਕਾ ਤੋਂ ਵਾਪਸ ਆਇਆ। ਕਹਿਣ ਲੱਗੀ, ਮੇਰੀ ਅੱਖ ਨਹੀਂ ਖੁੱਲ੍ਹੀ ਸਾਲ ਹੋ ਗਿਆ। ਮੈਂ ਕਿਹਾ, ਤੂੰ ਵੀਹ ਕੁ ਦਿਨ ਹੋਰ ਰਹਿ, ਉਹ ਵੀ ਖੁਲ੍ਹ ਜਾਏਗੀ। 20 ਜਨਵਰੀ ਨੂੰ ਦੂਜੀ ਅੱਖ ਖੁਲ੍ਹ ਕੇ ਇਸ ਤਰ੍ਹਾਂ ਦਿਸਣ ਲਗ ਗਿਆ, ਜਿਵੇਂ ਬੱਚਿਆਂ ਨੂੰ ਦਿਸਦਾ ਹੁੰਦੈ। ਰੋਸ਼ਨੀ ਆ ਗਈ। ਰੋਸ਼ਨੀ ਆਈ ਹੋਈ ਤਾਂ ਬਹੁਤ ਖੁਸ਼। ਕਹਿੰਦੀ ਮੈਂ ਐਕਸਰੇ ਕਰਾ ਆਵਾਂ ਮੇਰੀ ਰੀੜ੍ਹ ਦੀ ਹੱਡੀ ਦਾ ਤੇ ਮੇਰੇ ਜਿਗਰ ਵਿਚ ਰਸੌਲੀ ਸੀ। ਮੈਂ ਕਿਹਾ, ਕਰਾ ਆ।

ਉਸ ਤੋਂ ਬਾਅਦ ਜਦੋਂ ਪੀ.ਜੀ.ਆਈ ਤੋਂ ਆਈ ਕਹਿੰਦੀ, ਡਾਕਟਰਾਂ ਦੀ ਰਿਪੋਰਟ ਨੇ ਕਿਹੈ ਕਿ ਰੀੜ੍ਹ ਦੀ ਹੱਡੀ ਤੇਰੀ ਨਹੀਂ ਸੀ, ਕਿਸੇ ਹੋਰ ਦਾ ਗਲਤੀ ਨਾਲ ਐਕਸਰੈ ਲੈ ਲਿਆ ਇਹ ਤਾਂ। ਇਹ ਸਾਬਤ ਪਈ ਹੈ, ਕਰੈਕ ਹੀ ਨਹੀਂ ਹੈ। ਉਹ ਜਿਹੜੀ ਰਸੌਲੀ ਸੀ ਹੁਣ ਹੈ ਹੀ ਨਹੀਂ। ਪਹਿਲੀਆਂ ਰਿਪੋਰਟਾਂ ਵਿਚ ਹੈਗੀ।

ਹੁਣ 7 ਬਿਮਾਰੀਆਂ ਸਾਧਸੰਗਤ ਜੀ! ਕਹਿ ਦੇਣਾ ਸੁਖਾਲਾ ਹੈ ਕਿ ਨਾਮ ਦਾਰੂ ਹੈ ਅਸੀਂ ਪ੍ਰਤਿਆ ਕੇ ਦੇਖੀ ਹੈ ਇਹ ਗੱਲ। ਵੱਡੇ-ਵੱਡੇ ਪੜ੍ਹੇ ਲਿਖਿਆਂ 'ਤੇ ਪ੍ਰਤਿਆ ਕੇ ਦੇਖੀ ਹੈ।

ਮਤਲਬ ਇਹ ਹੈ ਕਿ ਜਿਹੜੈ ਗੁਰੂ ਮਹਾਰਾਜ ਨੇ ਬਚਨ ਕਰੇ ਹੋਏ ਨੇ 'ਸਰਬ ਰੋਗ ਕਾ ਅਉਖਦੁ ਨਾਮੁ' ਉਹ ਨਾਮ ਨੂੰ ਅਸੀਂ ਭੁੱਲ ਗਏ ਤੇ ਉਹਦੇ ਕਰਕੇ ਸਾਨੂੰ ਸਾਰੀਆਂ ਬਿਮਾਰੀਆਂ ਆਈਆਂ ਨੇ। ਕਹਿੰਦੇ, ਬਿਘਨ ਲਗਦੇ ਹੀ ਤਾਂ ਨੇ ਜੇ ਪ੍ਰਮੇਸ਼ਰ ਦਾ ਨਾਮ ਭੁੱਲਿਆ ਹੋਇਐ -

*ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ ॥*
*ਅੰਗ- ੫੨੨*

ਹੁਣ ਨਾਮ ਦੇ ਬਾਰੇ ਸਵੇਰ ਤੋਂ ਗੱਲ ਚਲਦੀ ਹੈ। ਜਿਹੜੇ ਸਾਡੇ ਖਿਆਲਾਂ ਦੇ ਬੈਠੇ ਨੇ ਉਹਨਾਂ ਨੂੰ ਮੈਂ ਦਸ

ਦੇਵਾਂ ਕਿ ਨਾਮ ਪੰਜ ਪਿਆਰਿਆਂ ਤੋਂ ਮਿਲਦੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਅੰਮ੍ਰਿਤ ਛਕਣ ਤੋਂ ਬਾਅਦ ਉਹ ਪੰਜੇ ਇਕੱਠੇ ਬੋਲਦੇ ਨੇ, 'ਕਹਿ ਵਾਹਿਗੁਰੂ-ਕਹਿ ਵਾਹਿਗੁਰੂ'। ਹੋਰ ਜਿਹੜਾ ਨਾਮ ਜਪਦੇ ਹਾਂ, ਮੂਲਮੰਤਰ ਉਥੋਂ ਮਿਲਦੈ। ਸੰਤ ਕਰਦੇ ਨੇ ਮਦਦ। ਫੇਰ ਸਾਡੇ 'ਤੇ ਸਵਾਲ ਹੋ ਜਾਂਦੈ ਕਿ ਤੁਸੀਂ ਸ਼ਬਦ ਕਿਉਂ ਦਿੰਦੇ ਹੋਂ? ਅਸੀਂ ਕਿਹਾ ਕਿ ਵਿਚੋਂ ਤਾਂ ਗੱਲ ਦਸਣੀ ਠੀਕ ਨਹੀਂ ਹੁੰਦੀ। ਇਹ ਮੈਂ ਰਿਸ਼ੀਕੇਸ਼, ਜੌਲੀ ਗ੍ਰਾਂਟ ਦੇਹਰਾਦੂਨ ਦੱਸੀ ਸੀ। ਇਸ ਸਮਾਗਮ 'ਚ ਵੀ ਡਾਕਟਰ ਉਥੋਂ ਬਹੁਤ ਆਏ ਨੇ, ਇਕ ਲੱਖ ਰੁਪਏ ਦੀਆਂ ਦਵਾਈਆਂ ਆਪਣੇ ਕੋਲੋਂ ਲੈ ਕੇ ਆਏ ਨੇ। ਤੁਹਾਡਾ ਇਲਾਜ ਕਰਨ ਵਾਸਤੇ। ਅਮਰੀਕਾ ਦੇ ਪਾਸ ਡਾਕਟਰ ਨੇ ਸਾਰੇ। ਕਿੱਡਾ ਪ੍ਰੇਮ ਹੈ ਇਹਨਾਂ ਦਾ। ਸਾਡੇ ਤੋਂ ਤਾਂ ਕੁਝ ਵੀ ਨਹੀਂ ਮੰਗਦੇ, ਅਸੀਂ ਸਿਰਪਾਉ ਤਕ ਨਹੀਂ ਦਿਤੇ, ਅੱਜ ਤੱਕ ਉਨ੍ਹਾਂ ਨੂੰ। ਉਹ ਜਿਹੜਾ ਹੈ ਕਿ ਐਨਾ ਖਰਚ, ਉਸ ਸਾਰੇ ਦਾ ਇਲਾਜ ਹੋ ਸਕਦੈ ਪ੍ਰਭੂ ਦੇ ਨਾਮ ਨਾਲ।

ਇਥੇ ਇਕ ਬੀਬੀ ਆਈ ਕਿ ਡਾਕਟਰ ਕਹਿੰਦੇ ਨੇ ਕਿ ਤੇਰੀ ਬਾਂਹ ਕੱਟ ਦਿਆਂਗੇ, ਤਾਂ ਰਾਜ਼ੀ ਹੋਵੇਂਗੀ। ਉਹਦੇ ਹੱਥ ਦਾ ਮਾਸ ਝੜ ਗਿਆ, ਨਹੁੰ ਝੜ ਗਏ। ਕੂਹਣੀ ਤਕ ਬਾਂਹ ਗਲ ਗਈ, ਉਹ ਵੀ ਝੜਨ ਨੂੰ ਤਿਆਰ ਹੋਈ-ਹੋਈ ਸੀ। ਬਾਂਹ ਛਾਤੀ ਦੇ ਨਾਲ ਲੱਗੀ ਹੋਈ ਇਥੇ ਆ ਗਈ। ਇਥੇ ਮੈਂ ਕਿਹਾ, ਭਾਈ! ਤੂੰ ਸੇਵਾ ਕਰਿਆ ਕਰ। ਇਹ ਬਾਂਹ ਤੇਰੀ ਜੇ ਨਹੀਂ ਖੁਲ੍ਹਦੀ, ਦੂਸਰੀ ਨਾਲ ਕਰ ਲਿਆ ਕਰ। ਪੜ੍ਹੀ ਹੋਈ ਹੈਂ? ਕਹਿੰਦੀ, ਨਾ ਮੈਂ ਪੜ੍ਹੀ ਨਹੀਂ ਹੋਈ। ਮੈਂ ਕਿਹਾ, ਤੂੰ ਇਸ ਤਰ੍ਹਾਂ ਕਰਿਆ ਕਰ, ਝਾੜੂ ਦਿਆ ਕਰ, ਬਰਤਨ ਧੋਇਆ ਕਰ। ਕਿਸੇ ਨਾਲ ਗੱਲ ਨਾ ਕਰੀਂ। ਤਿੰਨ ਘੰਟੇ ਨਾ ਬੋਲੀਂ, ਵਾਹਿਗੁਰੂ-ਵਾਹਿਗੁਰੂ ਕਰੀ ਜਾਈਂ। 20 ਦਿਨ ਬਾਅਦ ਆਈ, ਕਹਿੰਦੀ ਮੇਰੀ ਬਾਂਹ ਤਾਂ ਦੇਖ ਲਓ। ਮੈਂ ਕਿਹਾ, ਮੈਂ ਨਹੀਂ ਦੇਖਣੀ। ਮੈਂ ਪਹਿਲਾਂ ਦੇਖੀ ਸੀ, ਮੇਰੀਆਂ ਅੱਖਾਂ ਅੱਗੋਂ ਹਾਲੇ ਤਕ ਨਹੀਂ ਹਟਦਾ ਉਹ ਪਿੰਜਰਾ ਜਿਹਾ ਹੱਥ ਦਾ। ਮੈਂ ਕਿਹਾ, ਮੈਂ ਨਹੀਂ ਦੇਖਣੀ। ਮੇਰੇ ਅੰਦਰ ਬਹਿ ਜਾਂਦੀ ਹੈ ਤਸਵੀਰ। ਉਹ 40-42 ਦਿਨ ਹੋ ਗਏ, ਕਹਿੰਦੀ, ਹੁਣ ਤਾਂ ਦੇਖ ਲਓ। ਜਦੋਂ ਖੋਲ੍ਹਿਆ, ਬਿਲਕੁਲ ਠੀਕ ਬਾਂਹ, ਹੱਥ ਵੀ ਠੀਕ ਹੋ ਗਿਆ। ਹੁਣ ਉਥੇ ਨਾ ਤਾਂ ਕੋਈ ਦਵਾਈ ਲਾਈ ਹੈ, ਕੁਛ ਨਹੀਂ ਕਰਿਆ। 'ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ' ਤਿੰਨ ਘੰਟੇ ਕਰਾਉਂਦੇ ਰਹੇ ਸੀ, ਨਾਲ ਸੇਵਾ ਕਰਾਉਂਦੇ ਰਹੇ। ਸੋ ਇਹ ਜਿਹੜਾ ਆਪਾਂ ਕਹਿੰਦੇ ਹਾਂ, ਨਾਮ ਜਪਣ ਦੇ ਨਾਲ ਸਾਰੇ ਰੋਗ ਖਤਮ ਹੋ ਜਾਂਦੇ ਨੇ। ਮਾਨਸਿਕ ਰੋਗ ਵੀ, ਸਰੀਰਕ ਰੋਗ ਵੀ, ਇਹ ਐਸੀ ਪੱਕੀ ਦਵਾਈ ਮਹਾਰਾਜ ਨੇ ਦਿਤੀ ਹੈ। ਹੈ ਕਿੱਥੇ ਇਹ? ਮਹਾਰਾਜ ਕਹਿੰਦੇ, ਤੇਰੇ ਅੰਦਰ ਹੈ ਭੋਲਿਆ। ਤੂੰ ਖੋਜ ਨਹੀਂ ਕਰਦਾ। ਅੰਦਰੋਂ ਟੋਲ੍ਹ ਲੈ ਦਵਾਈ। ਜਗ੍ਹਾ ਅਸੀਂ ਦਸ ਦਿੰਦੇ ਹਾਂ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥* *ਅੰਗ- ੨੯੩*

ਤੇਰੇ ਅੰਦਰ ਦਵਾਈ ਰੱਖੀ ਹੋਈ ਹੈ -

*ਹਰਿ ਅਉਖਧੁ ਸਭ ਘਟ ਹੈ ਭਾਈ ॥* *ਅੰਗ- ੨੫੯*

ਐਵੇਂ ਤਾਂ ਨਹੀਂ ਮਹਾਰਾਜ ਨੇ ਕੋਈ ਕਵਿਤਾ ਨਹੀਂ ਲਿਖੀ ਹੋਈ। ਇਹ ਧੁਰ ਦਰਗਾਹ ਦੀਆਂ ਗੱਲਾਂ ਨੇ -

*ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ ॥* *ਅੰਗ - ੭੨੨*

ਇਹ ਧੁਰ ਕੀ ਬਾਣੀ ਹੈ -

*ਧੁਰ ਕੀ ਬਾਣੀ ਆਈ ॥* *ਅੰਗ - ੬੨੮*

ਇਹਨੇ ਆ ਕੇ ਕਰਿਆ ਕੀ -

*ਤਿਨਿ ਸਗਲੀ ਚਿੰਤ ਮਿਟਾਈ ॥* *ਅੰਗ- ੬੨੮*

ਸਾਰੀਆਂ ਚਿੰਤਾਵਾਂ ਦਾ ਖਾਤਮਾ ਕਰ ਦਿਤਾ। ਇਸ ਬਾਣੀ ਵਿਚ ਹੈ ਨਾਮ। ਜਿਹੜਾ ਇਸ ਬਾਣੀ ਉਤੇ ਸ਼ਰਧਾ ਕਰਦੈ, ਉਹਦੇ ਅੰਦਰ ਨਾਮ ਪ੍ਰਗਟ ਹੋਣ ਲਗ ਜਾਂਦੈ। ਹੁਣ ਤਰੀਕਾ ਤਾਂ ਅਸੀਂ ਦਸੀਂ ਜਾਂਦੇ ਹਾਂ। ਜੇ ਨਾ ਕਰਿਆ ਜਾਵੇ ਫੇਰ ਭਾਈ! ਸੁਣਿਆ ਹੀ ਸੁਣਿਆ ਹੈ, ਐਡੀ ਖੇਚਲ ਤੁਸੀਂ ਕਰੀ ਹੈ। ਸਵੇਰ ਵੇਲੇ ਪਹਿਲਾਂ ਗੁਰਦੁਆਰਾ ਸਾਹਿਬ 3 ਤੋਂ 4 ਨਾਮ ਜਪਿਆ ਜਾਂਦੈ। ਆਸਾ ਜੀ ਦੀ ਵਾਰ ਲਗ ਗਈ, ਉਸ ਤੋਂ ਬਾਅਦ ਬਾਹਰ ਆ ਜਾਂਦੇ ਨੇ ਸਾਰੇ, ਜੰਗਲ ਵਾਲੇ ਪਾਸੇ। ਦੋ ਘੰਟੇ ਕੋਸ਼ਿਸ਼ ਕਰਦੇ ਨੇ ਕਿ ਕਿਸੇ ਤਰੀਕੇ ਨਾਲ ਮਨ ਇਕਾਗਰ ਹੋ ਕੇ ਸੁਰਤੀ ਚੜ੍ਹੇ। ਉਹ ਤਰੀਕਾ ਤਾਂ ਅਸੀਂ ਦਸ ਦਿਤਾ, ਮਿਹਨਤ ਇਹਨਾਂ ਨੇ ਕਰਨੀ ਹੈ। ਹੁਣ ਮਿਹਨਤ ਨਾ ਕਰੀਏ, ਇਹ ਛੂ-ਮੰਤਰ ਤਾਂ ਹੈ ਨਹੀਂ ਕਿ ਏਧਰੋਂ ਕਰਿਆ ਓਧਰ ਹੋ ਗਿਆ। ਇਹਦੇ ਵਾਸਤੇ ਮਿਹਨਤ ਕਰਨੀ ਪੈਂਦੀ ਹੈ ਖੋਜ ਕਰਨੀ ਪੈਂਦੀ ਹੈ। ਕਿਸੇ ਦੀ ਪ੍ਰਸਥਿਤੀ ਕਿਹੋ ਜਿਹੀ ਹੈ, ਕਿਸੇ ਦੀ ਕਿਸ ਤਰ੍ਹਾਂ। ਕਿਸੇ ਨੂੰ ਇਕ ਦਮ ਪ੍ਰਾਪਤੀ ਹੈ, ਕਿਸੇ ਨੂੰ ਪੂਰਾ ਜਨਮ ਪ੍ਰਾਪਤੀ ਨਹੀਂ ਕਿ ਨਾਮ ਦਵਾਈ ਅੰਦਰੋਂ ਕੱਢ ਲਈ। ਨਿਸ਼ਾਨੀ ਹੈ ਕਿ ਉਥੇ - ***'ਸੁੰਨ ਸਮਾਧਿ ਅਨਹਤ ਤਹ ਨਾਦ ॥'*** ਫੁਰਨਾ ਕੋਈ ਨਹੀਂ ਉਥੇ ਆਉਂਦਾ। ਜਿਵੇਂ ਦਸਿਆ ਸੀ ਵੇਦ ਭਾਰਤੀ ਜੀ ਨੇ, ਫੁਰਨੇ ਕੱਢ ਦਿਓ। ਕੋਈ ਫੁਰਨਾ ਨਾ ਆਉਣ ਦਿਓ। ਉਥੇ ਫੁਰਨੇ ਆਪੇ ਹੀ ਬੰਦ ਹੋ ਜਾਂਦੇ ਨੇ। ਉਹ ਇਸ ਕਰਕੇ ਬੰਦ ਹੋ ਜਾਂਦੇ ਨੇ ਕਿਉਂਕਿ ਉਹਦਾ ਅਨੰਦ ਐਨਾ ਜ਼ਬਰਦਸਤ ਹੈ ਕਿ ਖਿਆਲ ਜੇ ਆਵੇ ਤਾਂ ਘਬਰਾ

ਜਾਂਦੈ ਬੰਦਾ ਕਿ ਲੈ ਬਈ ਖਿਆਲ ਆਇਐ। ਮੈਂ ਤਾਂ ਗਿਆ। ਅਫੁਰ ਅਵਸਥਾ ਹੈ ਉਥੇ। ਅਨਹਦ ਨਾਦ ਵਜਦੇ ਨੇ। ਆਤਮਕ ਸੰਗੀਤ ਵਜਦੈ, ਜਿਥੇ ਨਾਮ ਦੀ ਬਾਤ ਹੈ। ਜੇ ਉਸ ਤੋਂ ਹੋਰ ਥੋੜ੍ਹਾ ਜਿਹਾ ਅਗਾਂਹ ਚਲਿਆ ਜਾਵੇ ਤਾਂ ਜਿਹਨੂੰ ਦਸਵਾਂ ਦੁਆਰ ਕਹਿੰਦੇ ਨੇ –

*ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ ॥*
*ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥*
*ਅੰਗ– ੧੪੧੪*

ਜਿਥੇ ਅੰਮ੍ਰਿਤ ਨਾਮ ਦੇ ਸੁਖ ਦਾ ਵਾਸਾ ਹੈ, ਉਥੇ ਭੁੱਖ ਵੀ ਨਹੀਂ ਹੈ, ਨੀਂਦ ਵੀ ਨਹੀਂ ਹੈ, ਦੋਵੇਂ ਚੀਜ਼ਾਂ ਨਹੀਂ। ਡਾਕਟਰ ਕਹਿੰਦੇ, ਸੁੱਤੇ ਬਿਨਾਂ ਤਾਂ ਪਾਗ਼ਲ ਹੋ ਜਾਏਗਾ। ਨਾਮ ਵਾਲਾ ਕਹਿੰਦਾ, ਨੀਂਦ ਦੀ ਲੋੜ ਹੀ ਨਹੀਂ ਹੈ। ਇਹ ਵਾਧੂ ਚੀਜ਼ ਹੈ ਸਰੀਰ ਦੀ। ਨਾਮ ਐਨਰਜੀ ਐਨੀ ਤਕੜੀ ਹੈ ਕਿ ਉਹ ਨੀਂਦ ਵਗੈਰਾ ਨੂੰ ਕੁਝ ਵੀ ਨਹੀਂ ਸਮਝਦੀ।

ਸ੍ਰੀ ਗੁਰੂ ਅਮਰਦਾਸ ਮਹਾਰਾਜ ਉਹ ਕਦੇ ਸੁੱਤੇ ਹੀ ਨਹੀਂ ਸੀ। ਸਦਾ ਹੀ ਜਾਗਦੇ ਰਹਿੰਦੇ ਸੀ, ਗੋਰਖਨਾਥ ਸਦਾ ਹੀ ਜਾਗਦਾ ਰਹਿੰਦਾ ਸੀ। ਸ੍ਰੀ ਗੁਰੂ ਨਾਨਕ ਪਾਤਸ਼ਾਹ ਕਦੇ ਸੌਂਦੇ ਹੀ ਨਹੀਂ ਸੀ।

ਮਾਤਾ ਜੀ ਨੇ ਕਿਹਾ ਕਿ ਜਾਹ ਮਾਤਾ ਤੁਲਸਾਂ, ਨਾਨਕ ਨੂੰ ਜਗਾ ਲਿਆ, ਪ੍ਰਸ਼ਾਦਾ ਛਕ ਲਵੇ। ਉਹ ਜਾ ਕੇ ਦੇਖਦੀ ਹੈ ਕਿ ਕੱਪੜਾ ਲਿਆ ਹੋਇਐ, ਪਏ ਨੇ। ਦੇਖਣ ਵਾਲੇ ਨੂੰ ਇਸ ਤਰ੍ਹਾਂ ਲਗਦਾ ਹੈ ਕਿ ਸੁੱਤੇ ਪਏ ਨੇ। ਉਹਨੇ ਸੋਚਿਆ ਕਿ ਮੈਂ ਆਵਾਜ਼ ਤਾਂ ਦੇਣੀ ਨਹੀਂ ਹੈ, ਸਿਆਣੀ ਸੀ ਕਾਫੀ। ਕਿਉਂਕਿ ਮਹਾਂਪੁਰਸ਼ਾਂ ਨੂੰ ਅਵਾਜ਼ ਦੇ ਕੇ ਕਦੇ ਵੀ ਜਗਾਓ। ਉਹ ਸਰੀਰ 'ਚੋਂ ਨਿਕਲ ਕੇ ਬਾਹਰ ਚਲੇ ਜਾਂਦੇ ਨੇ। ਇਕ ਸਿਲਵਰ ਕੋਰਡ ਹੁੰਦੀ ਹੈ, ਜੇ ਉਹ ਟੁੱਟ ਜਾਵੇ ਮੁੜ ਕੇ ਨਹੀਂ ਉਹ ਜਾਗਦੇ। ਸਰੀਰ 'ਚ ਆਉਂਦੇ ਹੀ ਨਹੀਂ ਹਨ। ਬਾਹਰ ਹੀ ਰਹਿ ਜਾਂਦੇ ਨੇ।

ਉਹਨੇ ਕੀ ਕਰਿਆ, ਆਪਣਾ ਮਸਤਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੈਰ ਦੇ ਅੰਗੂਠੇ ਦੇ ਨਾਲ ਛੁਹਾ ਦਿਤਾ। ਮਹਾਰਾਜ ਦੇ ਅੰਗੂਠੇ ਦੇ ਨਾਲ ਮਸਤਕ ਲਗਦੇ ਸਾਰ ਉਸ ਨੂੰ ਅਗਮ ਨਿਗਮ ਦੀ ਸੋਝੀ ਹੋ ਗਈ। ਬਜਰ ਕਪਾਟ ਟੁੱਟ ਗਏ। ਉਨਮਨੀ ਅਵਸਥਾ ਦੇ ਵਿਚ ਉਹਦਾ ਦਾਖਲਾ ਹੋ ਗਿਆ। ਕੀ ਦੇਖਦੀ ਹੈ ਸ੍ਰੀ ਗੁਰੂ ਨਾਨਕ ਸਾਹਿਬ ਤਾਂ ਇਥੇ ਹੈ ਹੀ ਨਹੀਂ। ਸ੍ਰੀ ਗੁਰੂ ਨਾਨਕ ਸਾਹਿਬ ਜੀ ਤਾਂ ਭਾਈ ਮਨਸੁਖ ਜੀ ਦਾ ਜਹਾਜ਼ ਕੱਢ ਰਹੇ ਨੇ ਲੰਕਾ ਦੇ ਕੋਲ। ਜਾ ਕੇ ਮਾਤਾ ਜੀ ਨੂੰ ਕਹਿ ਦਿਤਾ। ਮਾਤਾ ਜੀ ਕਹਿਣ ਲੱਗੇ, ਹੁਣ ਤਾਂ ਨੌਕਰ ਚਾਕਰ ਹੀ ਕਹਿਣ ਲੱਗ ਗਏ ਕਿ ਜਹਾਜ਼ ਕੱਢਣ ਗਿਆ ਹੋਇਆ ਹੈ। ਸ੍ਰੀ ਗੁਰੂ ਨਾਨਕ ਸਾਹਿਬ ਕਹਿਣ ਲੱਗੇ ਕਿ ਇਹ ਤਾਂ ਝੱਲੀ ਹੈ। ਬੇਬੇ ਨਾਨਕੀ ਜੀ ਨੇ ਦੋਵੇਂ ਹੱਥ ਬੰਨ੍ਹ ਲਏ ਕਿ ਨਾ ਵੀਰ ਜੀ! ਅਗਾਂਹਾਂ ਨਾ ਕੋਈ ਗੱਲ ਕਰਿਓ। ਝੱਲੀ ਨਾ ਕਰ ਦਿਓ। ਕਹਿੰਦੇ, ਸੁਰਤ ਰਹੇਗੀ ਇਹਨੂੰ ਸਾਰੀ। ਪਰ ਜਿਹੜੀ ਇਹਨੂੰ ਅਵਸਥਾ ਪ੍ਰਾਪਤ ਹੋ ਗਈ, ਉਹਨੂੰ ਛੁਪਾ ਜਾਣ ਦੀ ਸ਼ਕਤੀ ਇਹਦੇ 'ਚ ਹੋ ਜਾਏਗੀ। ਸੋ ਸੌਣ ਦਾ ਸਵਾਲ ਨਹੀਂ ਹੁੰਦਾ – ***'ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥'***

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਜੇਲ੍ਹ ਦੇ ਵਿਚ ਬੰਦ ਕਰਿਆ ਹੋਇਆ ਸੀ। ਉਹਨਾਂ ਨੇ ਭੁੱਖ ਹੜਤਾਲ ਕਰ ਦਿਤੀ। 90 ਦਿਨ ਲੰਘ ਗਏ। ਅੰਦਰ ਇਕ ਕਤਰਾ ਵੀ ਪਾਣੀ ਦਾ ਨਾ ਜਾਣ ਦਿਤਾ। ਇਥੇ ਸਾਇੰਸ ਕਹਿੰਦੀ ਹੈ ਕਿ ਆਦਮੀ ਮਰ ਜਾਂਦੈ, ਰੋਟੀ ਨਾ ਜਾਵੇ ਅੰਦਰ ਤਾਂ ਮਰ ਜਾਂਦੈ, ਪਾਣੀ ਨਾ ਜਾਵੇ ਤਾਂ ਮਰ ਜਾਂਦੈ। 90 ਦਿਨ ਤੋਂ ਬਾਅਦ ਜਦੋਂ ਰੌਲਾ ਪਿਆ ਬਾਹਰ ਕਿ 90 ਦਿਨ ਹੋ ਗਏ ਕੁਛ ਨਹੀਂ ਖਾਣ ਪੀਣ ਨੂੰ। ਨਾ ਨਾਲੀ ਨਾਲ ਦਿਤਾ ਨਾ ਉਸ ਤਰ੍ਹਾਂ ਦਿਤਾ ਤੇ ਉਹ ਪਿੰਜਰਾ ਬਣ ਗਏ। ਇਹਨਾਂ ਨੇ ਕਿਹਾ ਕਿ ਪਿੰਜਰਾ ਤਾਂ ਨਹੀਂ ਬਣੇ। ਉਹ ਤਾਂ ਉਵੇਂ ਜਿਵੇਂ ਪਏ ਨੇ, ਉਹੋ ਜਿਹਾ ਹੀ ਸਰੀਰ ਹੈ। ਵਜ਼ਨ ਪਹਿਲਾਂ ਵੀ ਤੋਲਿਆ ਸੀ, ਜਦੋਂ ਓਦਣ ਤੋਲਿਆ ਬਰਾਬਰ ਹੀ ਸੀ। ਨਾ ਘਟਿਆ ਨਾ ਵਧਿਆ। ਕਰਕੇ ਦੇਖ ਲਓ, ਆਦਮੀ ਸੁੱਕ ਜਾਂਦੈ। ਉਹ ਇਕ ਅਵਸਥਾ ਨਾਮ ਦੀ ਐਸੀ ਹੈ ਉਥੇ ਊਂਘ ਤੇ ਭੁੱਖ ਹੋਇਆ ਨਹੀਂ ਕਰਦੀ –

*ਨਾਨਕ ਦੁਖੁ ਸੁਖੁ ਵਿਆਪਤ ਨਹੀ*
*ਜਿਥੈ ਆਤਮ ਰਾਮ ਪ੍ਰਗਾਸੁ ॥* *ਅੰਗ– ੧੪੧੪*

ਜਿਸ ਘਟ ਦੇ ਅੰਦਰ ਆਤਮਾ ਪ੍ਰਕਾਸ਼ ਕਰ ਗਈ, ਉਸ ਘਟ ਦੇ ਵਿਚ ਦੁਖ ਤੇ ਸੁਖ ਦੋਵੇਂ ਨਹੀਂ ਹੁੰਦੇ। ਸਦਾ ਅਨੰਦ ਹੁੰਦੈ।

ਸੋ ਇਸ ਤਰ੍ਹਾਂ ਦੇ ਨਾਲ 'ਨਾਮ' ਕੋਈ ਐਵੇਂ ਸ਼ਕਤੀ ਨਹੀਂ ਹੈ ਸਾਧਸੰਗਤ ਜੀ। ਇਹ ਬਹੁਤ ਵੱਡੀ ਸ਼ਕਤੀ ਹੈ ਪਰ ਨਾਮ ਪ੍ਰਗਟ ਕਰਨਾ ਪੈਂਦੈ। ਇਸ ਬਾਰੇ ਵਿਚਾਰ ਅਗਲੇ ਦੀਵਾਨ 'ਚ ਕੀਤੀ ਜਾਵੇਗੀ। ਉਸ ਵਿਚ ਨਾਮ ਦੀ ਬਾਤ ਕੀਤੀ ਜਾਵੇਗੀ ਕਿ ਨਾਮ ਹੋਇਆ ਕੀ? ਕਿਵੇਂ ਪ੍ਰਗਟ ਹੁੰਦੈ? ਹੈਗਾ ਅੰਦਰ। ਅੰਦਰ ਸਾਡਾ ਕੋਈ ਲੰਮਾ ਚੌੜਾ ਨਹੀਂ ਹੈ। ਬਾਕੀ ਤਾਂ ਹੱਡੀਆਂ, ਮਾਸ ਵਗੈਰਾ ਹੀ ਪਿਐ, ਭੌਰਾ ਕੁ ਥਾਂ ਹੈ। ਉਹ ਓਨਾ ਕੁ ਹੀ ਨਹੀਂ ਲੱਭਦਾ। ਕਿਉਂ ਨਹੀਂ ਲੱਭਦਾ? ਇਸ ਬਾਰੇ ਬਚਨ ਜਿਹੜੇ ਨੇ ਅਗਲੇ ਦੀਵਾਨ 'ਚ ਕਰਾਂਗੇ। ਸਿੱਖੋ ਕਿ ਬੀਮਾਰੀ ਤਾਂ ਆ ਹੀ ਨਹੀਂ ਸਕਦੀ, ਦਲਿੱਦਰ ਤਾਂ ਆ ਹੀ ਨਹੀਂ

ਸਕਦਾ।'

ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ) ਕੋਲ ਇਕ ਬੰਦਾ ਆਇਆ, ਪੈਰੋਲ 'ਤੇ ਰਿਹਾਅ ਹੋ ਕੇ। ਰਾਤ ਸੀ। ਮਹਾਰਾਜ ਜੀ ਰਾਤ ਨੂੰ ਕਿਸੇ ਨੂੰ ਮਿਲਦੇ ਨਹੀਂ ਸੀ ਹੁੰਦੇ। ਉਹਨੇ ਕਿਹਾ ਕਿ ਮੈਂ ਜੇਲ੍ਹ 'ਚੋਂ ਆਇਆ ਹਾਂ ਤੇ ਮੈਂ ਜ਼ਰੂਰ ਗੱਲ ਕਰਨੀ ਹੈ।

ਮਹਾਰਾਜ ਕਹਿੰਦੇ, ਲਿਆਓ। ਉਹਨੂੰ ਲਿਆਂਦਾ। ਉਹ ਕਹਿੰਦਾ, ਜੀ ਮੇਰੇ ਤੋਂ ਹੋ ਗਿਆ ਕਤਲ ਤੇ ਮੈਨੂੰ ਫਾਂਸੀ ਦੀ ਸਜ਼ਾ ਹੋ ਗਈ। ਕਿਵੇਂ ਨਾ ਕਿਵੇਂ ਮੈਂ ਆਇਆ ਹਾਂ ਕੁਝ ਸਮੇਂ ਵਾਸਤੇ ਪੈਸਾ ਟਕਾ ਦੇ ਕੇ ਸਭ ਨੂੰ। ਕ੍ਰਿਪਾ ਕਰੋ ਮੈਂ ਕਿਵੇਂ ਛੁਟ ਸਕਦਾਂ?

ਮਹਾਰਾਜ ਕਹਿੰਦੇ, ਤੇਰੇ ਛੁਟਣ ਦਾ ਤਾਂ ਇੱਕੋ ਹੀ ਤਰੀਕਾ ਹੈ, ਉਸ ਰੂਹ ਦੇ ਨਮਿੱਤ ਤੂੰ ਸਵੇਰੇ ਹੀ ਲਗ ਜਾਇਆ ਕਰ ਭਜਨ ਕਰਨ, ਰਾਤ ਤੱਕ ਕਰੀਂ ਜਾਈਂ। ਜਦੋਂ ਨੀਂਦ ਆਈ ਪੈ ਜਾਇਆ ਕਰ, ਫੇਰ ਕਰਿਆ ਕਰ। ਭਜਨ ਕਰਨ ਲਗ ਗਿਆ, 'ਜਪੁ ਜੀ' ਸਾਹਿਬ ਦੇ ਪਾਠ ਦਸ ਦਿਤੇ। ਇਹਨੂੰ ਇਕ ਦਿਨ ਸੁਪਨਾ ਆਇਆ ਕਿ ਜਿਸਨੂੰ ਇਸ ਨੇ ਮਾਰਿਆ ਸੀ ਉਹ ਆ ਗਿਆ। ਕਹਿੰਦਾ, ਲੈ ਬਈ, ਪ੍ਰੇਮੀਆ! ਮੈਂ ਹੋ ਗਿਆ ਹੁਣ ਸੁਖਾਲਾ। ਤੈਨੂੰ ਜਿਹੜੀ ਫਾਂਸੀ ਦੀ ਸਜ਼ਾ ਹੋਈ-ਹੋਈ ਹੈ ਉਹ ਟੁੱਟ ਜਾਣੀ ਹੈ।

ਅੱਗੇ ਕਿੰਨੀ-ਕਿੰਨੀ ਦੇਰ ਜੇਲ੍ਹਾਂ 'ਚ ਹੀ ਪਏ ਰਹਿੰਦੇ ਸੀ ਫਾਂਸੀ ਦੀ ਸਜ਼ਾ ਹੋ ਕੇ। ਆਰਡਰ ਆ ਗਏ ਤੇ ਇਹ ਬਰੀ ਹੋ ਗਿਆ।

ਮਹਾਰਾਜ ਜੀ ਦੇ ਕੋਲ ਆ ਗਿਆ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਮੈਂ ਉਹਦੇ ਨਮਿੱਤ ਜਪੁਜੀ ਸਾਹਿਬ ਦੇ ਪਾਠ ਕਰਨ ਲਗ ਗਿਆ। ਮੈਂ ਸਵੇਰੇ ਹੀ ਸ਼ੁਰੂ ਕਰਦਾ ਸੀ, ਰਾਤ ਤਕ ਕਰੀ ਜਾਂਦਾ ਸੀ।

ਮਹਾਰਾਜ ਕਹਿੰਦੇ, ਭਾਈ! ਉਹਦੇ ਨਮਿੱਤ ਪਾਠ ਹੋ ਗਏ, ਉਹਦਾ ਜੀਵ ਆਤਮਾ ਸੁਖਾਲਾ ਹੋ ਗਿਆ। ਉਹਨੇ ਤੇਰੇ ਤੋਂ ਹੁਣ ਵੈਰ ਨਹੀਂ ਲੈਣਾ, ਤੈਨੂੰ ਹੁਣ ਕੁਛ ਨਹੀਂ ਹੁੰਦਾ। ਜਾਹ, ਜਿਹੜੇ ਭਜਨ ਨੇ ਤੈਨੂੰ ਜੇਲ੍ਹ 'ਚੋਂ ਛੁਡਾਇਆ ਹੈ, ਛੱਡੀ ਨਾ ਉਹਨੂੰ।

ਸੋ ਇਹ ਚੀਜ਼ਾਂ ਕਰਨ ਯੋਗ ਨੇ ਸਾਰੀਆਂ। ਮਹਾਰਾਜ ਦੇ ਜੀਵਨ ਕਾਲ 'ਚ ਮੈਂ ਬਹੁਤ ਸਾਰੀਆਂ ਅੱਖਾਂ ਨਾਲ ਦੇਖਿਐ ਕਿ ਕਿਵੇਂ ਲੋਕ ਰਾਜ਼ੀ ਹੁੰਦੇ ਸੀ। ਇਥੇ ਤਾਂ ਜਿਹੜੇ ਜਲ ਨਾਲ ਇਸ਼ਨਾਨ ਕਰਦੇ ਸੀ, ਉਹ ਜਲ ਵਾਲਾ ਪਾਣੀ ਲੈ ਕੇ ਰਾਜ਼ੀ ਹੋ ਜਾਂਦੇ ਸੀ।

ਇਥੇ ਇਕ ਕਹਿੰਦਾ ਕਿ ਚਮੜੀ ਦਾ ਰੋਗ ਹੈ ਜੀ, ਮੇਰੇ ਹੱਥਾਂ ਤੋਂ ਚਟਾਕ ਉਤਰਨੇ ਸ਼ੁਰੂ ਹੋ ਗਏ। ਮੈਂ ਕਿਹਾ, ਜਿਥੇ ਸਿੰਘ ਨਾਹੁੰਦੇ ਨੇ, ਹੁਣ ਤੁਸੀਂ ਸਿੰਘ ਹੀ ਹੋਂ ਸਾਰੇ। ਤੁਸੀਂ ਜਦੋਂ ਨਾਹੁੰਣੈ, ਤੁਹਾਡੇ ਮੂੰਹ 'ਚੋਂ ਵਾਹਿਗੁਰੂ ਜ਼ਰੂਰ ਨਿਕਲਣੈ। ਹੋਰ ਜੋ ਵੀ ਪੜ੍ਹ ਲਓ, ਮੂਲਮੰਤਰ ਪੜ੍ਹ ਲਓ। ਉਹ ਜਿਹੜਾ ਪਾਣੀ ਤੁਹਾਡੇ ਸਰੀਰ ਨਾਲ ਓਸ ਵੇਲੇ ਲਗਣੈ ਉਹਨੇ ਪਵਿੱਤਰ ਹੋ ਜਾਣੈ। ਉਹ ਜਦੋਂ ਨਾਲੇ 'ਚ ਜਾਣੈ ਉਹਨੇ ਮਿੱਟੀ ਪਵਿੱਤਰ ਕਰ ਦੇਣੀ ਹੈ। ਅਸੀਂ ਕਹਿੰਦੇ ਹਾਂ ਕਿ ਉਹ ਮਿੱਟੀ ਲਾ ਲੈ ਕੱਢ ਕੇ। ਸੈਂਕੜਿਆਂ ਦੀ ਤਾਦਾਦ 'ਚ ਇਥੇ ਰਾਜ਼ੀ ਹੋ ਗਏ। ਇਹ ਗੱਲਾਂ ਕਿਉਂ ਹੋ ਰਹੀਆਂ ਨੇ। ਇਹ ਮੇਰਾ ਬਚਨ ਨਹੀਂ ਹੈ ਕਿ ਜੀ ਬਾਬਾ ਜੀ ਬਚਨ ਕਰ ਦਿੰਦੇ ਨੇ। ਮੈਂ ਤਾਂ ਕਰਦਾ ਹੀ ਨਹੀਂ, ਮੈਨੂੰ ਪਤਾ ਹੈ ਕਿ ਮੈਂ ਨਹੀਂ ਕਰਨਾ। ਮੈਂ ਉਹਨੂੰ ਹੀ ਕਹਿ ਦਿੰਦਾ ਹਾਂ ਕਿ ਤੂੰ ਇਸ ਤਰ੍ਹਾਂ ਕਰ ਲੈ। ਉਹ ਫੇਰ ਵੀ ਕਹੀ ਜਾਂਦੇ ਨੇ ਕਿ ਤੁਸੀਂ ਬਚਨ ਕਰ ਦਿਤਾ ਤਾਂ ਰਾਜ਼ੀ ਹੋਏ ਹਾਂ। ਮੈਂ ਕਹਿੰਦਾ, ਬਿਲਕੁਲ ਗਲਤ। ਤੁਸੀਂ ਬਾਣੀ ਪੜ੍ਹੀ, ਨਾਮ ਦਾ ਛੋਹਿਆ ਹੋਇਆ ਜਲ ਤੁਹਾਨੂੰ ਮਿਲਿਆ। ਉਹਦੇ ਨਾਲ ਰਾਜ਼ੀ ਹੋਏ ਹੋਂ।

ਸੋ ਮਹਾਰਾਜ ਦਾ ਵੀ ਇਸ ਤਰ੍ਹਾਂ ਜਲ ਲੈ ਜਾਣਾ, ਬੜੀ ਦੁਨੀਆਂ ਨੇ ਰਾਜ਼ੀ ਹੋ ਜਾਣਾ।

ਸੋ ਮਹਾਰਾਜ ਕਹਿੰਦੇ, ਸਾਰੀਆਂ ਬਿਮਾਰੀਆਂ, ਸਾਰੇ ਦੁਖ, ਚਾਹੇ ਹੈਗੇ ਭਾਈਚਾਰਕ ਦੁਖ, ਚਾਹੇ ਆਰਥਿਕ ਦੁਖ ਨੇ, ਚਾਹੇ ਉਹ ਸਰੀਰਕ ਦੁਖ ਨੇ, ਚਾਹੇ ਉਹ ਅਧਿਆਤਮਕ ਦੁੱਖ ਨੇ। ਕੋਈ ਵੀ ਦੁਨੀਆਂ ਦਾ ਦੁਖ ਐਸਾ ਨਹੀਂ ਜਿਹੜਾ ਨਾਮ ਦਾਰੂ ਨਾਲ ਰਾਜ਼ੀ ਨਾ ਹੋਵੇ। ਕੈਂਸਰ ਵੀ ਰਾਜ਼ੀ ਹੁੰਦੇ ਨੇ।

ਜਦੋਂ ਮੈਂ ਜੌਲੀ ਗਰਾਂਟ, ਰਿਸ਼ੀਕੇਸ਼ ਕੋਲ ਹਸਪਤਾਲ ਦੀ ਨੀਂਹ ਰਖ ਦਿਤੀ। ਉਥੇ ਸਾਰੇ ਅਮਰੀਕਨ ਡਾਕਟਰ ਬੈਠੇ ਸੀ। ਡਾ. ਵੇਦ ਭਾਰਤੀ ਜੀ ਵੀ ਬੈਠੇ ਸੀ। ਉਸ ਤੋਂ ਬਾਅਦ ਥੋੜ੍ਹੇ ਜਿਹੇ ਬੀਬੀ ਨੇ ਬਚਨ ਕਰੇ। ਉਸ ਤੋਂ ਬਾਅਦ ਮੈਂ ਕਰੇ। ਮੈਂ ਕਿਹਾ, ਤੁਸੀਂ ਕਾਲਜ ਤਾਂ ਬਣਾ ਲਿਆ। ਪਰ ਗੁਰੂ ਮਹਾਰਾਜ ਨੇ ਬਿਮਾਰੀ ਦਾ ਇਲਾਜ ਬਿਨਾਂ ਪੈਸੇ ਤੋਂ ਰੱਖਿਆ ਹੋਇਐ। ਨਾ ਦਾਖ਼ਲ ਹੋਵੋ ਕਿਤੇ, ਨਾ ਹੋਰ ਕੁਛ ਕਰੋ। ਬਾਣੀ ਦੇ ਨਾਲ ਇਲਾਜ ਦਸਿਆ ਹੋਇਐ। ਮੈਂ ਉਥੇ ਸਾਰੇ ਦੱਸੇ ਕਿ ਆਹ ਰਾਜ਼ੀ ਹੋਏ, ਔਹ ਹੋਏ। ਖੋਜ ਕਰ ਲਓ। ਮੈਂ ਕਿਹਾ, ਇਹਦੇ ਵਿਚ ਤਿੰਨ ਗੱਲਾਂ ਕੰਮ ਕਰਦੀਆਂ ਨੇ। ਪਹਿਲਾ ਤਾਂ ਮੇਰੇ ਕੋਲ ਆਉਂਦੈ ਕਿ ਬਾਬਾ ਜੀ ਨੇ ਬਚਨ ਕਰ ਦੇਣੈ। ਮੈਂ ਹੋ ਜਾਣੈ ਰਾਜ਼ੀ ਕਿਉਂਕਿ ਉਹਦਾ ਭਰੋਸਾ ਹੈ। ਭਰੋਸਾ ਕੰਮ ਕਰਦੈ। ਦੂਸਰਾ ਇਹ ਕਰਦੈ ਕਿ ਮੇਰੇ ਮਨ ਵਿਚ

*(ਬਾਕੀ ਪੰਨਾ 36 'ਤੇ)*

# ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ, ਆਤਮ ਮਾਰਗ*

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥* *ਅੰਗ- ੨੬੩*

*ਨਾਮ ਕੀ ਮਹਿਮਾ ਸੰਤ ਰਿਦ ਵਸੈ ॥*
*ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥*
*ਸੰਤ ਕਾ ਸੰਗੁ ਵਡਭਾਗੀ ਪਾਈਐ ॥*
*ਸੰਤ ਕੀ ਸੇਵਾ ਨਾਮੁ ਧਿਆਈਐ ॥*
*ਨਾਮ ਤੁਲਿ ਕਛੁ ਅਵਰੁ ਨ ਹੋਇ ॥*
*ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥*
*ਅੰਗ - ੨੬੫*

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥*
*ਅੰਗ- ੮੧*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀਓ! ਖਿਆਲ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਇਕਾਗਰ ਕਰੀਏ, ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ ਸਤਿਨਾਮੁ ਸ੍ਰੀ ਵਾਹਿਗੁਰੂ ਜੀ। ਗੁਰੂ ਕ੍ਰਿਪਾ ਹੋਈ ਹੈ, ਸਤਿਸੰਗ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ। ਭਾਗਾਂ ਵਾਲੇ ਹਨ ਜਿਹੜੇ ਦੂਰੋਂ-ਨੇੜਿਓ ਆਪਣੇ ਕੰਮਾਂ ਕਾਰਾਂ, ਧੰਦੇ-ਧੰਦਾਰਾਂ ਨੂੰ ਤਿਆਗਦੇ ਹੋਏ ਗੁਰੂ ਦਰਬਾਰ ਵਿਚ ਪਹੁੰਚੇ ਹਨ ਕਿਉਂਕਿ ਬਿਨਾਂ ਭਾਗਾ ਤੋਂ ਇਥੇ ਨਹੀਂ ਆ ਸਕਦੇ। ਕਿੱਡੀ-ਕਿੱਡੀ ਦੂਰ ਤੋਂ ਸੰਗਤ ਚੱਲ ਕੇ ਆਈ ਹੈ, ਸੀਸ ਝੁਕਦਾ ਹੈ -

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥*
*ਅੰਗ- ੧੩੭੩*

ਸਾਨੂੰ ਵੀ ਇਸ ਇਲਾਕੇ ਦੇ ਵਿਚ ਪਿਛਲੇ ਤਕਰੀਬਨ 10 ਸਾਲ ਤੋਂ ਵਿਚਰਨ ਦਾ ਮੌਕਾ ਮਿਲ ਰਿਹਾ ਹੈ। ਬਹੁਤ ਸ਼ਾਂਤ ਵਾਤਾਵਰਣ ਹੈ ਜਿਥੇ ਧੰਨ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਵਿਚਰਦੇ ਰਹੇ। ਛੇ ਗੁਰੂ ਇਸ ਇਲਾਕੇ ਦੇ ਵਿਚ ਸਰੀਰਕ ਤੌਰ 'ਤੇ ਵਿਚਰੇ ਹਨ। ਕਿੱਡੀਆਂ ਬਖਸ਼ਿਸ਼ਾਂ ਹਨ। ਭਾਗਾਂ ਵਾਲੀ ਇਹ ਧਰਤੀ ਹੈ।

ਸ਼ਬਦ ਪੜ੍ਹਿਆ ਹੈ 'ਸਿਮਰਉ' ਕਿਸ ਨੂੰ ਸਿਮਰੋ? ਜਿਸ ਦੇ ਸਿਮਰਨ ਦੇ ਨਾਲ ਸਾਰੇ ਦੁਖ, ਸਾਰੇ ਕਲੇਸ਼, ਸਾਰੀ ਕਲ੍ਹ ਦੂਰ ਹੋ ਜਾਂਦੀ ਹੈ। ਸਿਮਰਨ ਕਿਹਾ ਹੈ ਯਾਦ ਨੂੰ। ਹੁਣ ਤੁਸੀਂ ਯਾਦ ਦੇ ਵਿਚ ਹੀ ਬੈਠੇ ਹੋਂ। ਦੁਨੀਆਂ ਸੁੱਤੀ ਪਈ ਹੈ ਗ਼ਫ਼ਲਤ ਦੀ ਨੀਂਦ ਦੇ ਵਿਚ, ਵਿਸ਼ੇ-ਵਿਕਾਰਾਂ ਦੇ ਵਿਚ, ਧੰਦਿਆਂ ਦੇ ਵਿਚ -

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥*
*ਅੰਗ- ੯੨੦*

ਜਿਹੜੇ ਜਾਗੇ ਹਨ, ਜਾਗਣਾ ਵੀ ਕੀ ਹੈ -

*ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ ॥*
*ਅੰਗ- ੧੦੧੮*

ਕੀਰਤਨ ਦੇ ਵਿਚ ਜਾਗ ਰਹੇ ਨੇ ਉਸ ਦੀ ਕੀਰਤੀ ਦੇ ਵਿਚ, ਸਿਫਤ ਸਲਾਹ ਦੇ ਵਿਚ, ਸਿਮਰਨ ਹੁੰਦੈ ਉਹਦੀ ਯਾਦ ਦੇ ਵਿਚ ਬੈਠਣਾ। ਥੋੜ੍ਹਾ ਜਿਹਾ ਸਮਾਂ ਵੀ ਜੇ ਲਗ ਜਾਵੇ -

*ਏਕ ਚਿਤ ਜਿਹ ਇਕ ਛਿਨ ਧਿਆਇਓ।*
*ਕਾਲ ਫਾਸ ਕੇ ਬੀਚ ਨ ਆਇਓ।*

ਕਿੱਡੀ ਬਖਸ਼ਿਸ਼ ਹੈ, ਕਲਜੁਗ ਦਾ ਸਮਾਂ ਹੈ। ਇਸ ਸਮੇਂ ਦੇ ਵਿਚ ਸਤਿਸੰਗ ਨੂੰ ਮਹਾਨਤਾ ਦਿਤੀ ਹੈ -

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥* *ਅੰਗ- ੬੪੨*

ਸੋ ਜਿਹਨਾਂ ਨੇ ਲਾਹਾ ਲੈਣਾ ਹੈ, ਸੰਚਿਤ ਕਰਮ ਜਾਗੇ ਹਨ ਫਲ ਦੇਣ ਵਾਸਤੇ ਤਿਆਰ ਹੋਏ, ਸਤਿਗੁਰਾਂ ਦੇ ਦਰਬਾਰ ਦੇ ਵਿਚ ਉਹ ਪਹੁੰਚੇ ਹਨ। ਆਓ ਯਾਦ ਕਰੀਏ। ਯਾਦ ਕਰਨ ਦੇ ਨਾਲ ਸਾਰੇ ਸੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਪੰਜ ਕਲੇਸ਼ ਗਲ ਪਏ ਨੇ -ਅਸਿਮਿਤਾ, ਅਭਿਨਿਵੇਸ਼, ਅਵਿਦਿਆ, ਰਾਗ, ਦਵੈਸ਼ ਇਹ ਜੋ ਪੰਜ ਕਲੇਸ਼ ਹਨ ਇਹ ਵੀ ਸਾਰੇ ਤਨ 'ਚੋਂ ਮਿਟ ਜਾਣਗੇ। ਸਿਮਰਨ ਦੇ ਉਤੇ ਬਾਰ-ਬਾਰ ਜ਼ੋਰ ਦਿਤਾ ਜਾਂਦਾ ਹੈ ਕਿ ਉਹਦੀ ਯਾਦ ਵਿਚ ਜੁੜੋ। ਸਿਮਰਨ ਕਰੋ। ਸੇਵਾ ਤੇ ਸਿਮਰਨ ਵਾਸਤੇ ਹੀ ਮਾਨੁਖ ਤਨ ਦੀ ਪ੍ਰਾਪਤੀ ਹੋਈ ਹੈ ਪਰ ਭੁੱਲ ਗਏ। ਇਸ ਕਰਕੇ ਮਹਾਂਪੁਰਖਾਂ ਦੀ ਡਿਊਟੀ ਲੱਗੀ ਹੈ -

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥*
*ਅੰਗ- ੧੩੭੩*

ਇਹ ਜਿਹੜੀ ਗ਼ਫ਼ਲਤ ਦੀ ਨੀਂਦ ਵਿਚ ਦੁਨੀਆਂ ਸੁੱਤੀ ਪਈ ਹੈ। ਇਹਨੂੰ ਜਗਾਓ। ਬਾਣੀ ਪੜ੍ਹੋ। ਬਾਣੀ ਨੂੰ ਜਿਥੋਂ ਵੀ ਪੜ੍ਹ ਲਓ, ਸੁਣ ਲਓ ਇਹ ਨਾਮ ਨਾਲ ਜੋੜਦੀ ਹੈ। ਅਸੀਂ ਆਤਮ ਸ਼ਹਿਜ਼ਾਦੇ ਹਾਂ। ਸਾਡੇ ਸਭ

ਕੋਲ ਨਾਮ ਹੈ -

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥* *ਅੰਗ- ੨੮੪*

ਸਾਰੇ ਜੀਵ ਜੰਤਾਂ 'ਚ ਨਾਮ ਹੈ। ਸਾਰੇ ਖੰਡ ਬ੍ਰਹਿਮੰਡ ਨਾਮ ਨਾਲ ਹੀ ਬਣੇ ਹਨ। ਇਸੇ ਕਰਕੇ ਸੰਤੁਲਨ ਕਾਇਮ ਹੈ -

*ਧੌਲੁ ਧਰਮੁ ਦਇਆ ਕਾ ਪੂਤੁ ॥*
*ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥* *ਅੰਗ- ੩*

ਨਾਮ ਉਹਨਾਂ ਵਿਚ ਪ੍ਰਗਟ ਨਹੀਂ ਹੋ ਸਕਿਆ ਕਿਉਂਕਿ ਉਹ ਕਰਮ ਜੋਨੀਆਂ ਭੋਗ ਰਹੇ ਹਨ। ਇਕ ਇਨਸਾਨ ਨੂੰ ਇਹ ਤਾਕਤ ਮਿਲੀ ਹੈ। ਇਹਦੇ ਕੋਲ ਇਕ ਸ਼ਕਤੀ ਹੈ ਕਿ ਪ੍ਰੇਮਾ ਭਗਤੀ ਨਾਲ ਗਿਆਨ ਨੂੰ ਫਲ ਲੱਗੇ, ਫੇਰ ਜਾ ਕੇ ਗੁਰੂ ਤੋਂ ਮੰਤਰ ਲੈ ਕੇ ਉਹਦੀ ਕਮਾਈ ਕਰਕੇ ਪ੍ਰਗਟ ਹੁੰਦੈ ਨਾਮ।

ਮਹਾਂਪੁਰਸ਼ਾਂ ਨੇ ਬੜੇ ਭੁਲੇਖੇ ਦੂਰ ਕੀਤੇ ਹਨ। ਉਹਨਾਂ ਦਸਿਆ ਕਿ ਨਾਮ ਅੰਦਰੋਂ ਮਿਲਦਾ ਹੈ, ਨਾਮ ਕਿਤੋਂ ਬਾਹਰੋਂ ਨਹੀਂ ਮਿਲਦਾ। ਰੱਬ ਦੇ ਰਾਹ ਜਾਂਦੇ ਵੀ ਕਈ ਲੜਾਈ ਗਲ ਪਾ ਲੈਂਦੇ ਹਨ ਕਿ ਨਾਮ ਉਥੋਂ ਮਿਲੂ ਇਥੋਂ ਨਹੀਂ ਮਿਲਦਾ। ਕੋਈ ਵੀ ਗੁਰੂ, ਪੀਰ, ਆਚਾਰੀਆ ਨਾਮ ਨਹੀਂ ਦਿੰਦਾ। ਗੁਰਮੰਤ੍ਰ ਗੁਰੂ ਦਿੰਦਾ ਹੈ। ਗੁਰਮਤਿ ਦਾ ਮੰਤਰ ਹੈ 'ਵਾਹਿਗੁਰੂ।' ਗੁਰੂ ਕੀ ਹਨ ਗੁਰੂ ਹੈ ਬਾਣੀ -

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥*
*ਅੰਗ- ੯੮੨*

ਇਹ ਨਹੀਂ ਕਿ ਹੁਣ ਬਾਣੀ ਗੁਰੂ ਹੈ। ਸਦਾ ਤੋਂ ਹੀ ਬਾਣੀ ਗੁਰੂ ਹੈ। ਸਤਿਜੁਗ ਦਾ ਸਮਾਂ ਸੀ -

*ਸੁਖੁ ਰਾਜੇ ਹਰੀ ਚੰਦ ਘਰਿ ਨਾਰਿ ਸੁ ਤਾਰਾ ਲੋਚਨ ਰਾਣੀ।*
*ਸਾਧ ਸੰਗਤਿ ਮਿਲਿ ਗਾਵਦੇ*
*ਰਾਤੀ ਜਾਇ ਸੁਣੈ ਗੁਰਬਾਣੀ।* *ਭਾਈ ਗੁਰਦਾਸ ਜੀ*

ਉਸ ਸਮੇਂ ਵੀ ਗੁਰਬਾਣੀ ਗੁਰੂ ਸੀ। ਇਸ ਕਰਕੇ ਗੁਰੂ ਨੇ ਕਦੇ ਦੇਹ ਵੀ ਧਾਰੀ। ਗੁਰੂ ਕਦੇ ਦੇਹਧਾਰੀ ਤਾਂ ਹੁੰਦਾ ਨਹੀਂ। ਧਾਰਨ ਕੀਤੀ ਦੇਹ ਰਾਹੀਂ ਜਿਹੜੇ ਬਚਨ ਆਏ, ਬਾਣੀ ਆਈ ਉਹ ਗੁਰੂ ਹੈ, ਸਾਰੀ ਬਾਣੀ ਨਾਮ ਨਾਲ ਜੋੜਦੀ ਹੈ।

ਮਹਾਂਪੁਰਸ਼ਾਂ ਦਾ ਜਿੰਨਾਂ ਵੀ ਲਿਟਰੇਚਰ ਹੈ, ਆਤਮ ਮਾਰਗ ਮੈਗਜ਼ੀਨ ਹੈ। ਰਤਵਾੜਾ ਸਾਹਿਬ ਟਰੱਸਟ ਵਾਲੋਂ ਨਾਮ ਬਾਣੀ ਦੇ ਪ੍ਰਚਾਰ ਹਿਤ ਕਿਸੇ ਘਾਟੇ ਜਾਂ ਵਾਧੇ ਨੂੰ ਨਾ ਵੇਖਦੇ ਹੋਏ, ਪ੍ਰਚਾਰ ਹਿਤ ਇਹ ਛਾਪਿਆ ਜਾ ਰਿਹਾ ਹੈ। ਸਾਰੇ ਸੰਸਾਰ ਦੇ ਵਿਚ ਭੇਜਿਆ ਜਾ ਰਿਹਾ ਹੈ। ਜਿਥੋਂ ਵੀ ਬਾਣੀ ਨੂੰ ਪੜ੍ਹ ਲਓ, ਸੁਣ ਲਓ, ਵਿਚਾਰ ਲਓ ਸਾਰੀ ਨਾਮ ਨਾਲ ਜੋੜਦੀ ਹੈ। ਨਾਮ ਤਕ ਪਹੁੰਚਣ ਵਾਸਤੇ ਸਤਿਸੰਗ ਦੇ ਵਿਚੋਂ ਜੁਗਤੀਆਂ ਮਿਲ ਜਾਂਦੀਆਂ ਨੇ। ਜਿਹੜਾ ਇਹ ਗੁਰਮੰਤਰ ਹੈ, ਇਹ ਸਾਰੇ ਦੁਖਾਂ ਦਾ, ਸਾਰੇ ਰੋਗਾਂ ਦਾ ਇਲਾਜ ਹੈ। ਅੱਜ ਦੁਨੀਆਂ 'ਤੇ ਦੇਖੋ, ਹੈ ਕੋਈ ਜਿਹੜਾ ਕਹਿ ਦੇਵੇ ਕਿ ਮੈਂ ਨਿਰੋਗੀ ਹਾਂ। ਫੈਸਲਾ ਹੀ ਸਤਿਗੁਰੂ ਜੀ ਨੇ ਸੁਣਾ ਦਿਤਾ -

*ਜੋ ਜੋ ਦੀਸੈ ਸੋ ਸੋ ਰੋਗੀ ॥*
*ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥* *ਅੰਗ - ੧੧੪੦*

ਇਕ ਸਤਿਗੁਰੂ ਜੀ ਤੋਂ ਬਿਨਾਂ ਕੋਈ ਵੀ ਐਸਾ ਇਨਸਾਨ ਨਹੀਂ ਜਿਹੜਾ ਕਹਿ ਸਕੇ ਕਿ ਮੈਂ ਨਿਰੋਗੀ ਹਾਂ। ਪਾਤਸ਼ਾਹ ਨੇ ਦੂਸਰੇ ਪਾਸੇ ਫੈਸਲਾ ਸੁਣਾ ਦਿਤਾ ਕਿ ਸੰਸਾਰ ਦੁਖੀ ਵੀ ਹੈ -

*ਨਾਨਕ ਦੁਖੀਆ ਸਭ ਸੰਸਾਰ।*

ਸੁਖ-ਸ਼ਾਂਤੀ ਤਾਂ ਨਾਮ ਦੇ ਵਿਚ ਹੈ।

*ਉਮਰ ਓਹਾ ਵਿਚ ਲੇਖੇ ਜੋ ਯਾਦ ਸਾਂਈ ਵਿਚ ਗੁਜਰੇ,*
*ਪੈਂਦੀ ਮੁਜਰੇ।*
*ਨਹੀਂ ਤਾਂ ਸਾਨੂੰ ਹਾਸਲ ਕੀ ਹੈ ਇਸ ਵਿਚ ਨੀਲੇ ਹੁਜਰੇ,*
*ਸੰਝ ਤੇ ਫਜ਼ਰੇ।*

ਸੁਖ ਤਾਂ ਨਾਮ ਦੇ ਵਿਚ ਹੈ।

ਇਕ ਤਾਂ ਗਿਆਨ ਸੁਣਿਆ, ਸੁਣਾਇਆ ਸੁਣਾ ਦਿਤਾ। ਇਕ ਅੰਦਰੋਂ ਅਨੁਭਵ ਪ੍ਰਗਟ ਹੁੰਦਾ ਹੈ, ਉਹ ਆਪਣਾ ਤਜਰਬਾ ਹੁੰਦਾ ਹੈ। ਉਹ ਠੀਕ ਰਾਹ 'ਤੇ ਤੋਰਦਾ ਹੈ। ਸੋ ਮਹਾਂਪੁਰਸ਼ਾਂ ਦੇ ਇਹ ਬਚਨ -

*ਸੰਤਨ ਕੀ ਸੁਣਿ ਸਾਚੀ ਸਾਖੀ ॥*
*ਸੋ ਬੋਲਹਿ ਜੋ ਪੇਖਹਿ ਆਖੀ ॥* *ਅੰਗ- ੮੯੪*

ਸਭ ਤੋਂ ਵੱਡਾ ਰੋਗ ਹਉਮੈ ਦਾ ਹੈ। ਇਹਦਾ ਵੀ ਖਾਤਮਾ ਮੰਤਰ ਬਲ ਨਾਲ ਹੋ ਜਾਂਦਾ ਹੈ। ਧੰਨ ਗੁਰੂ ਨਾਨਕ ਸਾਹਿਬ ਜੀ 36 ਯੁੱਗ ਦੀ ਕਮਾਈ ਕਰਕੇ ਗੁਰਮੰਤਰ ਲੈ ਕੇ ਇਸ ਮਾਤ ਲੋਕ ਦੇ ਵਿਚ ਆਏ -

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*
*ਅੰਗ- ੧੩੯੫*

ਸਰਗੁਣ ਸਰੂਪ ਦੇ ਵਿਚ, ਗੁਰੂ ਨਾਨਕ ਸਰੀਰ ਦੇ ਵਿਚ ਆਏ। ਕਿੱਡੀਆਂ ਬਖਸ਼ਿਸ਼ਾਂ ਹੋਈਆਂ। ਕਲਜੁਗ ਦੇ ਵਿਚ -

*ਕਲਜੁਗ ਨਾਨਕ ਨਾਮੁ ਸੁਖਾਲਾ।*

ਕੋਈ ਵੀ ਕਿਸੇ ਨੂੰ ਮੰਤਰ ਮਿਲ ਗਿਆ, ਉਸ ਉਤੇ ਵਿਸ਼ਵਾਸ਼ ਲਿਆ ਕੇ ਜੁਗਤ ਮਿਲੇ ਤਾਂ ਉਹ ਅੱਗੇ ਚਲਦੈ ਨਹੀਂ ਤਾਂ -

*ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥*
*ਅੰਗ - ੪੯੧*

ਗੁਰੂ ਨਾਨਕ ਦੇ ਘਰ ਦਾ ਜੋ ਮੰਤਰ ਹੈ 'ਵਾਹਿਗੁਰੂ' ਇਹ ਸਵਾਸ 'ਤੇ ਆ ਜਾਂਦਾ ਹੈ ਕਿਉਂਕਿ ਸੁਰਤਿ ਤੇ ਸਬਦਿ ਦਾ ਮਾਰਗ ਹੈ। ਦੋ ਗੱਲਾਂ ਨਾਲ-ਨਾਲ ਚਲਦੀਆਂ ਨੇ। ਜਦੋਂ ਮੰਤਰ ਜਪਦੇ ਹਾਂ, ਧਿਆਨ ਨਾ ਵਿਚ ਹੋਵੇ ਤਾਂ ਉਸ ਤੋਂ ਬਿਨਾਂ ਤਾਂ ਕੋਈ ਗੱਲ ਬਣਦੀ ਨਹੀਂ। ਇਸ ਕਰਕੇ ਧਿਆਨ ਰੱਖੋ। ਧਿਆਨ ਕੀ ਹੁੰਦੈ? ਇਕ ਸੁਰਤਿ ਹੈ ਇਕ ਸਬਦਿ ਹੈ, ਸੁਰਤਿ ਨਿਰਤ 'ਚ ਬਦਲਦੀ ਹੈ, ਨਿਰਤ ਹੁੰਦੈ ਦੇਖਣਾ। ਅਸੀਂ ਦੇਖ ਤਾਂ ਰਹੇ ਹਾਂ ਨਿਰਤ ਨਾਟੈ। ਇਹਨਾਂ 'ਚ ਤਾਂ ਨਹੀਂ ਸੁਖ।

ਤੁਸੀਂ ਦੇਖ ਲਓ ਅੱਜ ਯੁੱਗ ਹੈ ਮੀਡੀਏ ਦਾ। ਮਹਾਂਪੁਰਸ਼ ਰਾੜਾ ਸਾਹਿਬ ਵਾਲਿਆਂ ਨੇ ਪਹਿਲਾਂ ਹੀ ਅਨੁਭਵ ਕਰ ਲਿਆ ਸੀ, 1973 ਵਿਚ ਆਉਣ ਵਾਲੇ ਸਮੇਂ ਨੂੰ। ਉਹਨਾਂ ਨੇ ਰਤਵਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦੀ ਡਿਊਟੀ ਲਾਈ ਕਿ ਮੀਡੀਏ ਰਾਹੀਂ ਪ੍ਰਚਾਰ ਕਰੋ। ਮੀਡੀਏ ਰਾਹੀਂ ਦੀਵਾਨਾਂ ਦੀਆਂ ਫਿਲਮਾਂ ਬਣੀਆਂ। ਇਲੈਕਟ੍ਰਾਨਿਕ ਮੀਡੀਏ ਰਾਹੀਂ ਇੰਟਰਨੈੱਟ 'ਤੇ ਪਹੁੰਚਾ ਦਿਤਾ। ਫੇਰ ਪ੍ਰਿੰਟ ਮੀਡੀਏ ਦੀ ਵਰਤੋਂ ਕੀਤੀ 'ਆਤਮ ਮਾਰਗ' ਮੈਗਜ਼ੀਨ ਛਾਪ ਦਿਤਾ, ਪੁਸਤਕਾਂ ਛਾਪ ਦਿਤੀਆਂ। ਉਹ ਸਹੀ ਵਰਤੋਂ ਹੈ। ਦੂਜੇ ਪਾਸੇ ਹੈ ਪ੍ਰਿੰਟ ਮੀਡੀਆ ਅਖਬਾਰ ਹਨ ਪੜ੍ਹ ਲਓ, ਬਲੱਡ ਪਰੈਸ਼ਰ ਹਾਈ ਹੀ ਹੋ ਜਾਵੇਗਾ ਪੜ੍ਹ-ਪੜ੍ਹ ਕੇ ਖਬਰਾਂ। ਟੈਲੀਵੀਜ਼ਨ ਹੈ ਥੋੜ੍ਹੇ ਚੈਨਲ ਹੋ ਸਕਦੇ ਨੇ ਜਿਹਨਾਂ ਉਤੇ ਕਿਸੇ ਸਾਧੂ ਸੰਤ ਦੇ ਬਚਨ ਸਤਿਸੰਗ ਵਾਲੇ ਆਉਣ। ਬਾਕੀ ਤਾਂ ਐਸੇ ਚੈਨਲ ਨੇ ਜਿਹੜੇ ਰੱਬ ਨਾਲੋਂ ਤੋੜਦੇ ਹਨ। ਵਾਸ਼ਨਾਵਾਂ ਨੂੰ ਭੜਕਾਅ ਦਿੰਦੇ ਨੇ। ਇਸੇ ਕਰਕੇ ਇਸ ਵਿਚ ਸੁਖ ਨਹੀਂ। ਸ਼ਾਂਤੀ ਤਾਂ ਉਦੋਂ ਆਉਣੀ ਹੈ ਜਦੋਂ ਅਸੀਂ ਵਾਹਿਗੁਰੂ ਮੰਤਰ ਦਾ ਜਾਪ ਕਰਾਂਗੇ। ਸ਼ੁਰੂ ਵਿਚ ਧਿਆਨ ਸਾਕਾਰ ਮੰਡਲ ਦਾ ਹੁੰਦਾ ਹੈ। ਇਕ ਬੜੀ ਹੀ ਸ਼ਾਂਤ ਸਾਮ੍ਹਣੇ ਪ੍ਰਿਤਮਾ ਹੋਵੇ। ਕੋਈ ਵੀ ਹੋਵੇ। ਉਹਦੇ ਉਤੇ ਕੋਈ ਤਰਕ ਨਹੀਂ ਆਉਂਦੀ। ਜਿਹਦੇ ਉਪਰ ਤੁਹਾਡੀ ਆਪਣੀ ਸ਼ਰਧਾ ਹੋਵੇ। ਬਾਣੀ 'ਚ ਆਇਆ ਹੈ -

*ਅਕਾਲ ਮੂਰਤਿ ਹੈ ਸਾਧ ਸੰਤਨ ਕੀ*
*ਠਾਹਰ ਨੀਕੀ ਧਿਆਨ ਕਉ॥* *ਅੰਗ - ੧੨੦੮*

ਇਹ ਇਕ ਧਿਆਨ ਠਹਿਰਾਉਣ ਵਾਸਤੇ ਹੁੰਦਾ ਹੈ। ਇਹ ਨਹੀਂ ਕਿ ਬੁੱਤ ਪ੍ਰਸਤੀ ਹੈ। ਬੁੱਤ ਪ੍ਰਸਤੀ ਤਾਂ ਅਸੀਂ ਪਹਿਲਾਂ ਹਾਂ ਹੀ। ਜਿੰਨੇ ਗ੍ਰਹਿਸਤ ਦੇ ਵਿਚ ਰਿਸ਼ਤੇ ਨਾਤੇ ਨੇ, ਕਿਸੇ ਨੂੰ ਪੁੱਤ ਭੁੱਲਦਾ ਹੈ। ਮਾਤਾ ਨੂੰ ਤਾਂ ਐਨਾ ਹਿਰਦੇ ਵਿਚ ਹੋ ਜਾਂਦੈ ਜੇ ਬੱਚੇ ਨੂੰ ਮਾੜਾ ਜਿਹਾ ਕੰਡਾ ਵੀ ਲੱਗੇ, ਮਾਤਾ ਦੇ ਹਿਰਦੇ ਵਿਚ ਪਹਿਲਾਂ ਆ ਜਾਂਦਾ ਹੈ। ਇਹ ਸਾਕਾਰ ਮੰਡਲ 'ਚੋਂ ਕੱਢਣ ਵਾਸਤੇ ਬੜੀ ਸੋਹਣੀ ਇਹ ਜੁਗਤ ਹੈ -

*ਸਫਲ ਮੂਰਤਿ ਪਰਸਉ ਸੰਤਨ ਕੀ ਇਹੈ ਧਿਆਨਾ ਧਰਨਾ॥*
*ਅੰਗ- ੫੩੧*

ਫੇਰ ਧਿਆਨ ਤੋਂ ਉਪਰ ਉਠ ਕੇ ਮਹਾਂਪੁਰਸ਼ ਨਾਮ 'ਚ ਅਸਥਿਤ ਹੋ ਕੇ, ਸਰੀਰ ਤੋਂ ਉਪਰ ਉਠ ਕੇ ਦੇਹ ਅਧਿਆਸ ਟੁੱਟ ਗਿਆ, ਆਤਮ ਦਰਸ਼ੀ ਹੋ ਗਏ, ਆਤਮ ਚਿੰਤਨ ਹੋ ਗਿਆ। ਜਪ ਕਰਦੇ-ਕਰਦੇ ਅਜਪਾ ਜਾਪ ਵਿਚ ਸਮਾਈ ਹੋ ਗਈ। ਐਸਾ ਤਦ ਰੂਪ ਬਣ ਗਏ -

*ਹਰਿ ਹਰਿ ਜਨ ਦੁਇ ਏਕ ਹੈ ਬਿਬ ਬਿਚਾਰ ਕਿਛੁ ਨਾਹਿ॥*
*ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ॥*
*ਪਾਤਿਸ਼ਾਹੀ ੧੦*

ਅਸੀਂ ਰੋਜ਼ ਅਰਦਾਸ ਕਰਦੇ ਹਾਂ ਕਿ ਉਨ੍ਹਾਂ ਪਿਆਰਿਆਂ ਦੇ ਮਿਲਾਪ ਹੋਣ ਜਿਨ੍ਹਾਂ ਦੇ ਮਿਲਣ 'ਤੇ ਤੇਰਾ ਨਾਮ ਚਿੱਤ ਆਵੇ। ਪਰ ਉਹ ਮਿਲਦੇ ਬੜੇ ਔਖੇ ਨੇ -

*ਜਗ ਮਹਿ ਉਤਮ ਕਾ ਕਾਢੀਅਹਿ ਵਿਰਲੇ ਕੇਈ ਕੇਇ॥*
*ਅੰਗ- ੫੧੨*

ਇਹ ਤਾਂ ਕੋਈ ਪੂਰਬਲਾ ਕਰਮ ਜਾਗੇ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥* *ਅੰਗ- ੨੦੪*

ਨਹੀਂ ਤਾਂ ਮਿਲਦੇ ਹੀ ਨਹੀਂ। ਇਹ ਭਾਗਾਂ ਨਾਲ ਮਿਲਦੇ ਨੇ। ਸੰਚਤ ਕਰਮ ਫਲ ਦੇਣ ਵਾਸਤੇ ਤਿਆਰ ਹੋਣ ਤਾਂ। ਇਸ ਤੋਂ ਅੱਗੇ ਫੇਰ ਉਹ ਤੋਰਦੇ ਹਨ। ਫੇਰ ਅੱਗੋਂ ਧੁਨ 'ਚ ਧਿਆਨ ਚਲਿਆ ਜਾਂਦਾ ਹੈ। ਫੇਰ ਉਹ ਗੁਣ ਵੀ ਆਉਂਦੇ ਨੇ -

*ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ ॥*
*ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥*
*ਅੰਗ- ੧੩੬੫*

ਸਾਕਾਰ ਮੰਡਲ ਤੋਂ ਆਪਾਂ ਨਿਰਾਕਾਰ ਵਲ ਵਧਣਾ ਹੈ। ਨਿਰੰਕਾਰ ਨਾਲ ਜੁੜਨਾ ਹੈ। ਅਕਾਲ ਮੂਰਤਿ ਨਾਲ ਜੁੜਨਾ ਹੈ, ਸ਼ਬਦ ਨਾਲ ਜੁੜਨਾ ਹੈ। ਫੇਰ ਇਹ ਪ੍ਰਤੀਕ ਧਿਆਨ, ਸੰਪਤ ਧਿਆਨ ਵਿਚ ਜਾ ਕੇ ਉਹਦੇ ਗੁਣ ਆਉਂਦੇ ਨੇ, ਜਿਹਦਾ ਧਿਆਨ ਧਰਦੇ ਹਾਂ। ਫੇਰ 'ਗੁਰ ਮੂਰਤਿ ਗੁਰ ਸਬਦਿ ਹੈ' ਉਹ ਤਾਂ ਧੁਨ ਹੈ। ਜਦੋਂ ਅਜਪਾ ਜਾਪ ਬਣ ਗਿਆ। ਆਤਮ ਚਿੰਤਨ ਕਰਨਾ ਸ਼ੁਰੂ ਕਰ ਦਿਤਾ, ਦੇਹ ਅਧਿਆਸ ਟੁੱਟ ਗਿਆ, ਫੇਰ ਉਥੇ ਤਾਂ ਕੋਈ ਫਰਕ ਹੀ ਨਹੀਂ ਰਹਿੰਦਾ। ਹੰਗਤਾ, ਮਮਤਾ, ਦਵੈਸ਼ ਖਤਮ ਹੋ ਗਈ। ਫੇਰ ਉਹੀ ਰੂਪ ਬਣ ਗਏ। ਫੇਰ ਉਹ ਪ੍ਰਮੇਸ਼ਰ ਸਾਰੀ ਜਗ੍ਹਾ ਦਿਸਦਾ ਹੈ -

*ਸੋ ਅੰਤਰਿ ਸੋ ਬਾਹਰਿ ਅਨੰਤ ॥*

*ਘਟਿ ਘਟਿ ਬਿਆਪਿ ਰਹਿਆ ਭਗਵੰਤ ॥ ਅੰਗ- ੨੯੩*

ਜੁਗਤ ਸਤਿਪੁਰਸ਼ ਦਸਦੇ ਨੇ ਕਿ ਪਿਆਰਿਓ! ਪਹਿਲਾਂ ਬੋਲ ਕੇ ਕਰ ਲਓ। ਬੋਲਣ ਨਾਲ ਰਸਨਾ ਸੁੱਚੀ ਹੋ ਜਾਂਦੀ ਹੈ -

*ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ ॥ ਅੰਗ- ੮੧੧*

ਹੁਣ ਜੂਠੀ ਕਿਉਂ ਹੋ ਗਈ? ਨਿੰਦਿਆ ਕਰ-ਕਰ ਕੇ। ਜਦੋਂ ਅਸੀਂ ਸਿਮਰਨ ਕਰਦੇ ਹਾਂ ਤਾਂ ਰਸਨਾ ਰਸ ਨਾਲ ਭਰਦੀ ਹੈ। ਨਾਮ ਜਪ ਕੇ ਹੀ ਸਦਾ ਸੁਖੀ ਰਹਿ ਸਕਦੇ ਹਾਂ। ਨਹੀਂ ਤਾਂ ਸਾਰਾ ਸੰਸਾਰ ਹੀ ਦੁਖੀ ਹੈ -

*ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥*
*ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥*
*ਅੰਗ- ੧੩੮੨*

ਥੋੜ੍ਹਾ ਜਿਹਾ ਉਪਰ ਉੱਚਾ ਉਠੋ ਕਿੰਨਾ ਸੰਸਾਰ ਦੁਖੀ ਹੈ, ਸਾਰੇ ਹੀ ਦੁਖ ਭੋਗ ਰਹੇ ਹਨ ਪਰ ਜੇ ਪ੍ਰਮੇਸ਼ਰ ਨੂੰ ਸਿਮਰਾਂਗੇ ਸਦਾ ਸੁਖੀ ਰਹਾਂਗੇ। ਗੁਰਮੰਤ੍ਰ ਬਲ ਨਾਲ ਸਾਰੇ ਕੰਮ ਠੀਕ ਹੋ ਜਾਂਦੇ ਹਨ। ਜੇ ਤਨ ਦੁਖੀ ਹੈ ਤਾਂ ਭਾਵੇਂ ਕਿੰਨੇ ਹੀ ਸੁਖ ਹੋਣ, ਉਹਨਾਂ 'ਚੋਂ ਕਦੇ ਵੀ ਅਨੰਦ ਨਹੀਂ ਮਿਲਦਾ। ਜਾਨ ਹੈ ਤਾਂ ਜਹਾਨ ਹੈ। ਪਰ ਪਹਿਲਾਂ ਮਨ ਨੂੰ ਪਛਾਨਣਾ ਪੈਂਦਾ ਹੈ।

ਡਾ. ਸਵਾਮੀ ਰਾਮ ਜੀ ਸੰਸਾਰ ਪ੍ਰਸਿੱਧ ਯੋਗੀ ਹੋਏ ਹਨ। ਉਹਨਾਂ ਨੇ ਰਤਵਾੜਾ ਸਾਹਿਬ ਇਕ ਗਰੰਟੀ ਲਈ ਸਮਾਗਮ ਦੇ ਵਿਚ। ਕਿਉਂਕਿ ਪਹਿਲੀ ਬਾਣੀ 'ਚ ਬੈਖਰੀ 'ਚ ਬੋਲ ਕੇ ਕਰਦੇ ਹਾਂ, ਫੇਰ ਮਧਮਾ 'ਚ, ਫੇਰ ਪਸੰਤੀ, ਫੇਰ ਪਰਾ ਬਾਣੀ 'ਚ। ਕਹਿੰਦੇ, ਚਲੋ ਤੁਸੀਂ ਥੋੜ੍ਹਾ ਜਿਹਾ ਹੀ ਕਰ ਲਓ ਡੂੰਘਾ ਸਾਹ ਲੈ ਕੇ। ਸਵਾਸ ਨਾਲ ਨਾਮ ਜਪੋ। ਉਹ ਕਹਿੰਦੇ ਕਿ ਮੈਂ ਗਰੰਟੀ ਲੈਂਦਾ ਹਾਂ ਕਿ ਜੇ ਤੁਹਾਨੂੰ ਐਨਾ ਕੁ ਵੀ ਆ ਗਿਆ ਕਿਉਂਕਿ ਸਵੇਰੇ ਸਿੱਧੇ ਬੈਠ ਕੇ ਕਰੋ। ਸਰੀਰ ਦੀ ਹਿੱਲਜੁਲ ਨਾ ਕਰੋ। ਸਰੀਰ ਨੂੰ ਸਥਿਰ ਕਰ ਲੈਣਾ, ਟਿਕਾਅ ਵਿਚ ਲੈ ਆਉਣਾ। ਸਵਾਸ ਨੂੰ ਦੇਖੋ ਸਵਾਸ ਆ ਰਿਹੈ, ਜਾ ਰਿਹੈ। ਰਾਤ ਨੂੰ ਪੈ ਕੇ ਸ਼ਵ ਆਸਣ ਵਿਚ ਦੇਖ ਲਓ। ਸਰੀਰ ਸਥਿਰ ਹੋ ਗਿਆ, ਹਿਲਜੁਲ ਨਹੀਂ ਕਰਦਾ, ਪੇਟ ਹਿਲਦਾ ਹੈ। ਕਿਉਂਕਿ ਅਸੀਂ ਸਵਾਸ ਲੈਣਾ ਵੀ ਭੁੱਲ ਗਏ। ਜੇ ਪੇਟ ਤੋਂ ਸਵਾਸ ਦੇਖੋ ਬੱਚਾ ਲੈਂਦਾ ਹੈ ਕਿਉਂਕਿ ਉਹਦੇ ਉਤੇ ਮਾਇਆ ਹਾਲੇ ਐਨੀ ਨਹੀਂ ਪ੍ਰਬਲ ਹੋ ਸਕੀ। ਸਵਾਸ ਦੀ ਮੰਤਰ ਚਕਿਤਸਾ ਹੈ ਇਸ ਨੂੰ ਅਪਣਾਓ ਇਹਦੇ ਨਾਲ ਸਾਰੇ ਦੁਖ, ਸਾਰੇ ਰੋਗ ਦੂਰ ਹੋ ਜਾਣਗੇ।

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥ ਅੰਗ- ੨੯੫*

*ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।*

*(ਪੰਨਾ 9 ਦੀ ਬਾਕੀ)*

ਗਏ ਹਾਂ। ਤੂੰ ਘਟ-ਘਟ ਵਿਚ ਵਿਆਪਕ ਹੈਂ, ਮੈਂ ਆਪਣੀ ਹਉਂ ਦੀ ਕੰਧ ਓਹਲੇ ਰਹਿ ਕੇ ਇਸ ਮਹਾਨ ਠੰਢੇ ਪ੍ਰਕਾਸ਼ ਤੋਂ ਹੀਣਾ ਰਹਿ ਜਾਂਦਾ ਹਾਂ। ਮੇਰੇ ਅੰਦਰ ਭੀ ਹਨ੍ਹੇਰਾ ਹੈ, ਬਾਹਰ ਭੀ ਹਨ੍ਹੇਰਾ ਹੈ। ਮੇਰੀਆਂ ਅੱਖੀਆਂ ਨੂੰ ਮੋਤੀਆ ਬਿੰਦ ਹੋ ਗਿਆ ਹੈ। ਅੱਖਾਂ ਵਾਲੇ ਦੱਸ ਰਹੇ ਹਨ ਤੇਰਾ ਪ੍ਰਕਾਸ਼ ਕਣ-ਕਣ ਤੇ ਨੂਰ ਝਲਕਾਰੇ ਮਾਰਦਾ ਹੈ। ਉਹ ਕਹਿੰਦੇ ਹਨ ਤੇਰੀਆਂ ਅੱਖੀਆਂ ਅੰਨ੍ਹੀਆਂ ਹਨ, ਗੁਰੂ ਡਾਕਟਰ ਪਾਸ ਜਾਣਾ ਮੰਨ ਲੈ। ਉਨ੍ਹਾਂ ਦਾ ਕਹਿਣਾ ਹੈ ਕਿ ਜਿਸ ਨੂੰ ਤੂੰ ਟੋਲ੍ਹ ਰਿਹਾ ਹੈਂ, ਉਹ ਤਾਂ ਤੂੰ ਆਪ ਹੀ ਹੈਂ, "ਮੈਂ ਕਿਵੇਂ ਮੰਨਾਂ?" ਤੇਰੀ 'ਮੈਂ' ਹੀ ਇਸ ਵਿਚ ਪੜਦਾ ਹੈ, ਪੜਦੇ ਨਾਲ ਨਾ ਚਿੰਬੜ। ਗੁਰੂ ਸ਼ਬਦ ਤੇ ਈਮਾਨ ਲਿਆ ਜੋ ਫੁਰਮਾਅ ਰਿਹਾ ਹੈ -

***ਆਪੇ ਪਟੀ ਕਲਮ ਆਪਿ***
***ਉਪਰਿ ਲੇਖੁ ਭਿ ਤੂੰ।।***
***ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ।।***
***ਅੰਗ - ੧੨੯੧***

***ਪਸਰਿਓ ਆਪਿ ਹੋਇ ਅਨਤ ਤਰੰਗ।।***
***ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ।।***
***ਅੰਗ - ੨੭੫***

---

*(ਪੰਨਾ 32 ਦੀ ਬਾਕੀ)*

ਭਰੋਸਾ ਹੁੰਦੈ ਮੈਂ ਬਾਣੀ ਦਾ ਸ਼ਬਦ ਦਸ ਦਿੰਦਾ। ਜਪੁਜੀ ਸਾਹਿਬ ਦੇ ਕਹਿ ਦਿੰਦਾ ਕਿ 5000 ਪਾਠ ਕਰ ਲੈ। ਮੈਨੂੰ ਪਤਾ ਹੈ ਕਿ ਐਨੀ ਐਨਰਜੀ ਇਹਦੇ ਅੰਦਰ ਹੋ ਜਾਣੀ ਹੈ ਕਿ ਇਹ ਤਾਂ ਆਪ ਰਾਜ਼ੀ ਹੋਣੈ, ਜਿਹਦੇ ਸਿਰ 'ਤੇ ਹੱਥ ਰਖ ਦਏਗਾ ਉਹ ਵੀ ਰਾਜ਼ੀ ਹੋ ਜਾਣੈ। ਐਨੀ ਐਨਰਜੀ ਦਾ ਬਹਾਅ ਇਹਦੇ ਅੰਦਰ ਹੋ ਜਾਣੈ। ਤੀਜਾ ਹੁੰਦੈ ਦ੍ਰਿੜ੍ਹ ਇਰਾਦਾ, ਜੇ ਤਾਂ ਉਹ ਕਹੇ ਕਿ ਹਾਂ ਜੀ, ਮੈਂ ਕਰ ਲੈਣੈ ਤਾਂ, ਤਾਂ ਪਾਰ। ਜੇ ਕਹੇ ਕਿ ਜੀ ਮੇਰੇ ਤੋਂ ਤਾਂ ਐਨੇ ਹੋਣੇ ਨਹੀਂ, ਮੈਨੂੰ ਕੰਮ ਹੈ ਜੀ। ਫੇਰ ਨਹੀਂ ਉਹ ਰਾਜ਼ੀ ਹੁੰਦਾ। ਡਾਕਟਰ ਪਾਠਕ ਸੁਣਦਾ ਸੀ ਉਥੇ ਪੀ.ਜੀ.ਆਈ ਦਾ। ਉਹ ਕਹਿਣ ਲੱਗਿਆ ਕਿ ਅੱਜ ਤਕ ਤਾਂ ਸਾਡੇ ਇਹ ਗੱਲ ਸਮਝ ਨਹੀਂ ਸੀ ਆਈ। ਅੱਜ ਪੂਰੀ ਤਰ੍ਹਾਂ ਸਮਝ ਆ ਗਈ ਕਿ ਨਾਮ ਦੀ ਦਾਰੂ ਕਿਵੇਂ ਲਗਦੀ ਹੁੰਦੀ ਹੈ। ਸੋ ਇਹਦੇ ਵਿਚ ਤਿੰਨ ਗੱਲਾਂ ਕੰਮ ਕਰਦੀਆਂ ਨੇ। ਤੁਹਾਡਾ ਭਰੋਸਾ, ਮੇਰਾ ਭਰੋਸਾ ਤੇ ਬਾਣੀ ਦੀ ਸੱਤਾ। ਸੋ ਇਸ ਕਰਕੇ ਸਾਧਸੰਗਤ ਜੀ ਜਿਹੜਾ ਅੱਜ ਦਾ ਵਿਸ਼ਾ ਰੱਖਿਆ ਸੀ, 'ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ ਸੇਵਾ ਕਰਕੇ ਮਾਣ ਪਾਈਦਾ।'

ਕਿਉਂਕਿ ਹੁਣ ਸਮਾਂ ਕਾਫੀ ਹੋ ਗਿਆ। ਇਥੇ ਹੀ ਸਮਾਪਤੀ ਹੈ।

*ਅਨੰਦ ਸਾਹਿਬ, ਗੁਰ ਸਤੋਤਰ, ਹੁਕਮਨਾਮਾ, ਅਰਦਾਸ।*

*(ਵੀਡੀਓ ਫਿਲਮ ਦੀਵਾਨ ਨੰ: 719)*

# ਸ਼ਹੀਦ ਭਾਈ ਤਾਰੂ ਸਿੰਘ ਜੀ

*ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ*

ਅੱਜ ਅਸੀਂ ਉਹਨਾਂ ਮਹਾਂਪੁਰਸ਼ਾਂ ਨੂੰ ਯਾਦ ਕਰਨਾ ਹੈ ਜਿਨ੍ਹਾਂ ਨੇ ਪੂਰਨ ਸਿਦਕ ਵਿਚ ਰਹਿ ਕੇ ਆਪਣੀਆਂ ਖੋਪਰੀਆਂ ਲੁਹਾਈਆਂ। ਆਪਣੇ ਸਿੱਖੀ ਧਰਮ ਵਿਚ ਦ੍ਰਿੜ੍ਹ ਰਹਿਣ ਵਾਲਿਆਂ ਵਿਚ ਸਤਿਕਾਰਯੋਗ ਨਾਮ ਹੈ ਭਾਈ ਸਾਹਿਬ ਭਾਈ ਤਾਰੂ ਸਿੰਘ ਜੀ ਦਾ, ਜਿਨ੍ਹਾਂ ਬਾਰੇ ਅੱਜ ਆਪਾਂ ਵਿਚਾਰ ਕਰਨੀ ਹੈ।

ਜਿਸ ਮਹਾਨ ਸ਼ਹੀਦ ਨੂੰ ਅਸੀਂ ਯਾਦ ਕਰਨ ਜਾ ਰਹੇ ਹਾਂ, ਉਸ ਨੇ ਜਾਬਰ ਹਾਕਮ ਦੀ ਈਨ ਨਾ ਮੰਨਦਿਆਂ ਹੋਇਆਂ ਇਸ ਲਈ ਖੋਪਰੀ ਲੁਹਾ ਦਿਤੀ ਤਾਕਿ ਉਸ ਦੇ ਪਵਿੱਤਰ ਕੰਮਾਂ ਨੂੰ ਕੋਈ ਹੱਥ ਨਾ ਪਾਵੇ।

ਭਾਈ ਤਾਰੂ ਸਿੰਘ ਜੀ ਦਾ ਜਨਮ ਪਿੰਡ ਪੂਹਲੇ ਵਿਚ ਹੋਇਆ ਹੈ, ਜਿਹੜਾ ਜ਼ਿਲ੍ਹਾ ਲਾਹੌਰ ਵਿਚ ਸੀ ਤੇ ਹੁਣ ਜ਼ਿਲ੍ਹਾ ਅੰਮ੍ਰਿਤਸਰ ਵਿਚ ਆਉਂਦਾ ਹੈ। ਭਾਈ ਤਾਰੂ ਸਿੰਘ ਜੀ ਦੇ ਪਰਿਵਾਰ ਵਿਚ ਇਕ ਉਹਨਾਂ ਦੀ ਮਾਤਾ ਤੇ ਇਕ ਭੈਣ ਹੈ। ਕਹਿੰਦੇ ਹਨ ਕਿ ਭਾਈ ਤਾਰੂ ਸਿੰਘ ਜੀ ਦੇ ਪਿਤਾ ਜੀ ਜਦੋਂ ਚਲਾਣਾ ਕਰ ਗਏ ਸਨ ਤਾਂ ਉਹਨਾਂ ਦੀ ਉਮਰ ਛੋਟੀ ਸੀ। ਮਾਂ ਨੇ ਭਾਈ ਤਾਰੂ ਸਿੰਘ ਜੀ ਨੂੰ ਤੇ ਇਹਨਾਂ ਦੀ ਭੈਣ ਨੂੰ ਬੜੇ ਲਾਡਾਂ ਨਾਲ ਪਾਲਿਆ। ਭਾਈ ਤਾਰੂ ਸਿੰਘ ਜੀ ਦੀ ਮਾਤਾ ਆਪਣੇ ਮਾਪਿਆਂ ਦੇ ਘਰੋਂ ਗੁਰਬਾਣੀ ਦੀ ਦਾਤ ਲੈ ਕੇ ਆਈ ਸੀ, ਇਸ ਲਈ ਉਸ ਨੇ ਆਪਣੇ ਬੱਚਿਆਂ ਨੂੰ ਲੋਰੀ ਵੀ ਗੁਰੂ ਦੀ ਬਾਣੀ ਦੀ ਹੀ ਦਿਤੀ। ਮਾਂ ਦੇ ਸ਼ਬਦ ਸਨ –

*ਪੂਤਾ ਮਾਤਾ ਕੀ ਆਸੀਸ ॥* *ਅੰਗ – ੪੯੬*

ਅਸੀਂ ਸਮਝਦੇ ਹਾਂ ਕਿ ਮਾਂ ਅਸੀਸ ਦੇ ਰਹੀ ਹੈ, ਪਰ ਕਦੀ ਇਸ ਵਲ ਧਿਆਨ ਦਿਉ। ਹਰ ਮਾਂ ਆਪਣੇ ਪੁੱਤਰ ਦੀਆਂ ਦੋ ਚੀਜ਼ਾਂ ਦਾ ਖਿਆਲ ਰੱਖਦੀ ਹੈ – ਇਕ ਉਸ ਦੀ ਖੁਰਾਕ ਦਾ ਤੇ ਦੂਜਾ ਉਸ ਦੀ ਪੁਸ਼ਾਕ ਦਾ। ਹਰ ਮਾਂ ਯਤਨ ਕਰਦੀ ਹੈ ਕਿ ਮੇਰੇ ਬੱਚੇ ਨੂੰ ਤਾਕਤ ਵਾਲੀ ਖੁਰਾਕ ਮਿਲੇ। ਉਸ ਦੇ ਕੱਪੜਿਆਂ ਦੀ ਵੀ ਉਸ ਨੂੰ ਬੜੀ ਚਿੰਤਾ ਰਹਿੰਦੀ ਹੈ। ਆਪਣੇ ਤਨ ਉਪਰ ਉਹ ਭਾਵੇਂ ਲੀਰਾਂ ਹੰਢਾਉਂਦੀ ਰਹੇ, ਪਰੰਤੂ ਉਸ ਨੂੰ ਹਰ ਵੇਲੇ ਇਹ ਚਿੰਤਾ ਰਹਿੰਦੀ ਹੈ ਕਿ ਮੇਰੇ ਪੁੱਤਰ ਦੀ ਪੁਸ਼ਾਕ ਬੜੀ ਸੁੰਦਰ ਹੋਵੇ। ਜਦੋਂ ਇਸ ਸ਼ਬਦ ਨੂੰ ਪੜ੍ਹਦੇ ਹਾਂ ਤਾਂ ਮਾਂ ਨੇ ਇਕ ਅਸੀਸ ਆਪਣੇ ਬੱਚੇ ਨੂੰ ਗੋਦੀ ਵਿਚ ਬਿਠਾ ਕੇ ਦਿਤੀ।

ਭਾਈ ਤਾਰੂ ਸਿੰਘ ਜੀ ਦੀ ਮਾਂ ਹਮੇਸ਼ਾਂ ਦੋ ਸ਼ਬਦ ਉਹਨਾਂ ਨੂੰ ਸੁਣਾਉਂਦੀ ਸੀ। ਪਹਿਲਾਂ ਸ਼ਬਦ ਕਿ ਬੇਟਾ! ਮੈਂ ਚਾਹੁੰਦੀ ਹਾਂ ਕਿ ਤੂੰ ਸੋਹਣੀ ਪੁਸ਼ਾਕ ਪਾਵੇਂ, ਪਰ ਕੋਈ ਰੇਸ਼ਮ ਦੀ ਨਹੀਂ, ਕੋਈ ਕੀਮਤੀ ਬਸਤਰ ਨਹੀਂ। ਹੇ ਮੇਰੇ ਬੱਚੇ! ਤੇਰੀ ਪੁਸ਼ਾਕ ਹੋਵੇ ਗੁਰੂ ਦਾ ਦਿਤਾ ਹੋਇਆ ਨਾਮ ਦਾ ਕੱਪੜਾ ਤੇ ਤੇਰੀ ਖੁਰਾਕ ਹੋਵੇ ਗੁਰੂ ਦੇ ਸ਼ਬਦ ਦਾ ਕੀਰਤਨ। ਤੂੰ ਜਦੋਂ ਗੁਰੂ ਦੇ ਦਿਤੇ ਹੋਏ ਨਾਮ ਦਾ ਕੱਪੜਾ ਪਹਿਨੇਗਾ ਤੇ ਗੁਰੂ ਦੇ ਸ਼ਬਦ ਦੇ ਕੀਰਤਨ ਦੀ ਖੁਰਾਕ ਖਾਵੇਂਗਾ ਤਾਂ ਬੇਟਾ! ਬੰਦ-ਬੰਦ ਕਟੇ ਜਾਣ 'ਤੇ ਵੀ ਤੂੰ ਡੋਲੇਂਗਾ ਨਹੀਂ ਅਤੇ ਲੋਕ ਤੇ ਪਰਲੋਕ ਵਿਚ ਤੇਰੀ ਪੱਤ ਢੱਕੀ ਰਹੇਗੀ। ਮਾਂ ਇਸ ਸ਼ਬਦ ਰਾਹੀਂ ਬੇਟੇ ਨੂੰ ਲੋਰੀ ਦੇਂਦੀ ਹੈ –

*ਪੂਤਾ ਮਾਤਾ ਕੀ ਆਸੀਸ॥*

ਮਾਂ ਇਸ ਅਸੀਸ ਰਾਹੀਂ ਆਪਣੇ ਬੇਟੇ ਨੂੰ ਕਹਿ ਰਹੀ ਹੈ ਕਿ ਬੇਟਾ! ਕਦੀ ਅੱਖ ਝਮਕਣ ਜਿੰਨਾਂ ਸਮਾਂ ਵੀ ਤੈਨੂੰ ਸਾਈਂ ਭੁੱਲੇ ਨਾ। ਜੇ ਸਾਈ ਨਹੀਂ ਭੁੱਲੇਗਾ ਤਾਂ ਆਪਣਾ ਤਾਂ ਤੇਰਾ ਭਲਾ ਹੋਣਾ ਹੀ ਹੇ, ਜਾ ਚੁੱਕੇ ਪਿਤਰਾਂ ਦਾ ਵੀ ਭਲਾ ਹੁੰਦਾ ਹੈ। ਸ਼ਬਦ ਅਸੀਂ ਇਹ ਪੜ੍ਹਦੇ ਹਾਂ –

*ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ*
*ਪਿਤਰੀ ਹੋਇ ਉਧਾਰੋ ॥*
*ਸੋ ਹਰਿ ਹਰਿ ਤੁਮ੍ ਸਦ ਹੀ ਜਾਪਹੁ*
*ਜਾ ਕਾ ਅੰਤੁ ਨ ਪਾਰੋ ॥ ੧ ॥*
*ਪੂਤਾ ਮਾਤਾ ਕੀ ਆਸੀਸ ॥*
*ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ*
*ਸਦਾ ਭਜਹੁ ਜਗਦੀਸ ॥ ੧ ॥ ਰਹਾਉ ॥*

*ਅੰਗ – ੪੯੬*

ਅਗਲੀ ਜਿਹੜੀ ਤੁੱਕ ਹੈ, ਉਹ ਦਸਦੀ ਹੈ ਕਿ ਜਿਸ ਮਾਂ ਨੇ ਪੁੱਤਰ ਨੂੰ ਭਾਈ ਤਾਰੂ ਸਿੰਘ ਵਰਗਾ ਬਣਾਉਣਾ ਹੈ, ਉਹ ਇਹ ਗੱਲ ਭੁੱਲੇ ਨਾ ਅਤੇ ਕਹੇ, ਬੇਟਾ! ਤੂੰ ਆਪਣੇ ਮਿੱਤਰ ਵੀ ਬਣਾਈਂ, ਤੂੰ ਪੁਸ਼ਾਕ ਵੀ ਸੋਹਣੀ ਪਾਈਂ, ਤੂੰ ਖੁਰਾਕ ਵੀ ਸੋਹਣੀ ਖਾਈਂ, ਪਰ ਤਿੰਨ ਗੱਲਾਂ ਚੇਤੇਂ ਰੱਖੀਂ –

*ਸਤਿਗੁਰੁ ਤੁਮ੍ ਕਉ ਹੋਇ ਦਇਆਲਾ....॥ ਅੰਗ – ੪੯੬*

ਮੇਰੇ ਬੇਟੇ! ਤੇਰੇ ਉਪਰ ਸਤਿਗੁਰੂ ਏਨਾ ਦਇਆਲੂ ਹੋਵੇ ਕਿ ਤੇਰੀ ਮਿੱਤਰਤਾ ਬਣੇ ਸੰਸਾਰ ਨਾਲ, ਪਰ ਕਿੰਨ੍ਹਾਂ ਨਾਲ –

*.......ਸੰਤ ਸੰਗਿ ਤੇਰੀ ਪ੍ਰੀਤਿ ॥*

*ਕਾਪੜੁ ਪਤਿ ਪਰਮੇਸਰੁ ਰਾਖੀ ਭੋਜਨੁ ਕੀਰਤਨੁ ਨੀਤਿ ॥*
*ਅੰਗ- ੪੯੬*

ਜੇਕਰ ਤੇਰਾ ਪਿਆਰ ਬਣੇ ਤਾਂ ਨਾਮ ਜਪਣ ਵਾਲਿਆਂ ਦੇ ਨਾਲ।

ਦੇਖੋ, ਮਿੱਤਰਤਾ ਜ਼ਿੰਦਗੀ ਵਿਚ ਬਹੁਤ ਵੱਡਾ ਕਾਰਜ ਅਦਾ ਕਰਦੀ ਹੈ। ਮਾੜੇ ਬੰਦੇ ਦੀ ਮਿਤਰਤਾ ਮਿਲ ਜਾਏ ਤਾਂ ਇਨਸਾਨ ਮਾੜਾ ਬਣ ਜਾਂਦਾ ਹੈ। ਮਾਂ ਨੇ ਕਿਹਾ, ਬੇਟਾ! ਸਾਰੀ ਜ਼ਿੰਦਗੀ ਕਰਨੀ ਵਾਲਿਆਂ ਦੀ ਸੇਵਾ ਕਰੀਂ। ਅਸੀਂ ਕਈ ਵਾਰ ਕਹਿੰਦੇ ਹਾਂ ਕਿ ਸਾਕਤ ਬੰਦੇ ਕੋਲ ਬੈਠਣ ਨਾਲ ਕੀ ਹੁੰਦਾ ਹੈ? ਜੇ ਕਹੀਏ ਕਿ ਕੁਝ ਹੁੰਦਾ ਨਹੀਂ ਤਾਂ ਕਬੀਰ ਜੀ ਨੂੰ ਇਹ ਸ਼ਬਦ ਕਿਉਂ ਕਹਿੰਦੇ ਪਏ ਕਿ ਬੰਦਿਆ, ਇਕ ਗੱਲ ਚੇਤੇ ਰੱਖੀਂ -

*ਕਬੀਰ ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ ॥*
*ਸੰਗਿ ਕੁਸੰਗੀ ਬੈਸਤੇ ਤਬ ਪੂਛੇ ਧਰਮ ਰਾਇ ॥*
*ਅੰਗ - ੯੬੫*

ਚੇਤੇ ਰੱਖੋ, ਭੈੜੇ ਬੰਦੇ ਦੇ ਬੋਲ ਕਈ ਦਿਨ ਅੰਦਰ ਗੂੰਜਦੇ ਰਹਿੰਦੇ ਹਨ। ਜਿਸ ਦਿਨ ਗੁਰੂ ਦਇਆਲੂ ਹੋਵੇ ਤਾਂ ਪਹਿਲੀ ਨਿਸ਼ਾਨੀ ਇਹ ਹੈ ਕਿ ਜਪਣ ਵਾਲਿਆਂ ਨਾਲ ਸਾਂਝ ਪੈ ਜਾਂਦੀ ਹੈ। ਮਾਂ ਕਹਿਣ ਲੱਗੀ -

*.......ਸੰਤਸੰਗਿ ਤੇਰੀ ਪ੍ਰੀਤਿ ॥*
*ਕਾਪੜੁ ਪਤਿ ਪਰਮੇਸਰੁ ਰਾਖੀ*
*ਭੋਜਨੁ ਕੀਰਤਨੁ ਨੀਤਿ ॥* *ਅੰਗ- ੪੯੬*

ਇਹ ਸ਼ਬਦ ਮਾਤਾ ਰੋਜ਼ ਸੁਣਾਉਂਦੀ ਸੀ। ਕਹਿੰਦੇ ਹਨ ਕਿ ਮਾਂ ਦੀ ਦਿਤੀ ਹੋਈ ਲੋਰੀ, ਪੜ੍ਹੀ ਹੋਈ ਬਾਣੀ ਦੋਹਾਂ ਭੈਣ ਭਰਾਵਾਂ ਉਪਰ ਇੰਨੀ ਕੁ ਅਸਰ ਕਰ ਗਈ ਕਿ ਜਦੋਂ ਭਾਈ ਤਾਰੂ ਸਿੰਘ ਜੀ 25 ਸਾਲ ਦੇ ਹੋਏ ਤਾਂ ਉਸ ਵੇਲੇ ਸਿੱਖਾਂ ਉਪਰ ਜ਼ੁਲਮ ਦਾ ਝੱਖੜ ਝੁਲਿਆ ਹੋਇਆ ਸੀ। ਇਕ ਵਿਦਵਾਨ ਕਹਿੰਦਾ ਹੈ ਕਿ ਉਸ ਸਮੇਂ ਸਿੱਖਾਂ ਕੋਲ ਕੇਵਲ ਰਹਿਣੀ ਹੀ ਸੀ। ਸਾਨੂੰ ਤਾਂ ਰੱਬ ਨੇ ਸਭ ਕੁਝ ਦਿਤਾ ਹੋਇਆ ਹੈ, ਪਰ ਸਿੱਖਾਂ ਕੋਲ ਉਸ ਵੇਲੇ ਛੱਤ ਹੀ ਰਹਿ ਗਈ ਸੀ ਤੇ ਛੱਤ ਵੀ ਕਿਹੜੀ? ਨੀਲਾ ਅਸਮਾਨ।

ਸਿੱਖਾਂ ਕੋਲ ਉਸ ਵੇਲੇ ਕੋਈ ਘਰ ਨਹੀਂ, ਕੋਈ ਘਾਟ ਨਹੀਂ ਸੀ। ਕੇਵਲ ਇਕੋ ਚੀਜ਼ ਸੀ ਸਿਦਕ, ਜਿਹੜਾ ਮਰਨ ਤਕ ਨਾਲ ਨਿਭਦਾ ਹੈ। ਸਭ ਕੁਝ ਚਲਾ ਗਿਆ, ਘੋੜੇ ਵੀ ਚਲੇ ਗਏ। ਪੈਰਾਂ ਨੂੰ ਘੋੜੇ ਬਣਾ ਕੇ ਇਹਨਾਂ ਤੋਂ ਕੰਮ ਲੈ ਲਿਆ। ਪੁੱਤਰ ਕਿਤੇ ਚਲੇ ਗਏ, ਮਾਂ ਕਿਤੇ ਚਲੀ ਗਈ। ਕੋਈ ਵੀ ਜੀਅ ਨਾਲ ਨਹੀਂ ਮਿਲਿਆ। ਜੇਕਰ ਸਿੱਖਾਂ ਕੋਲ ਕੁਝ ਰਹਿ ਗਿਆ ਸੀ ਤਾਂ ਉਹ ਸੀ ਸਿਦਕ।

ਅੱਜ ਭਾਈ ਤਾਰੂ ਸਿੰਘ ਜੀ ਘਰ ਆਏ। ਇਹਨਾਂ ਦੇ ਪਿੰਡ ਦਾ ਕੀ ਹਿੰਦੂ, ਕੀ ਮੁਸਲਮਾਨ ਸਾਰੇ ਹੀ ਭਾਈ ਤਾਰੂ ਸਿੰਘ ਦਾ ਬੜਾ ਅਦਬ ਕਰਦੇ ਸਨ। ਕਹਿੰਦੇ ਹਨ ਕਿ ਮਾਂ, ਧੀ ਤੇ ਪੁੱਤਰ ਦਾ ਇਕ ਨਿਯਮ ਸੀ। ਸਵੇਰੇ ਅੰਮ੍ਰਿਤ ਵੇਲੇ ਮਾਂ ਨੇ ਉਠਣਾ ਤੇ ਦੋਹਾਂ ਭੈਣ ਭਰਾ ਨੂੰ ਜਗਾਉਣਾ। ਦੋਹਾਂ ਨੂੰ ਸਾਹਮਣੇ ਬਿਠਾ ਕੇ ਨਿਤਨੇਮ ਕਰਨਾ। ਰੋਜ਼ਾਨਾ ਘਰ ਵਿਚ ਦੇਗ਼ ਬਣਾ ਕੇ ਗੁਰੂ-ਚਰਨਾਂ ਵਿਚ ਮਾਂ ਨੇ ਅਰਦਾਸ ਕਰਨੀ ਤੇ ਦੇਗ਼ ਵਰਤਾਉਣੀ। ਪੁੱਤਰ ਨੇ ਸਾਰਾ ਦਿਨ ਖੇਤਾਂ ਵਿਚ ਹਲ ਵਾਹੁਣਾ ਤੇ ਸ਼ਾਮ ਨੂੰ ਇਕੱਠਿਆਂ ਸੋ ਦਰੁ ਦਾ ਪਾਠ ਰਲ ਕੇ ਕਰਨਾ। ਭੋਜਨ ਛਕ ਕੇ ਸੋਹਿਲਾ ਸਾਹਿਬ ਦਾ ਪਾਠ ਕਰਨਾ ਤੇ ਸੌਂ ਜਾਣਾ।

ਅੱਜ ਭਾਈ ਤਾਰੂ ਸਿੰਘ ਘਰ ਆਇਆ। ਉਸ ਨੂੰ ਪਤਾ ਲੱਗਾ ਸੀ ਕਿ ਸਿੱਖਾਂ ਨੂੰ ਰੋਟੀ ਨਹੀਂ ਸੀ ਮਿਲ ਰਹੀ। ਆ ਕੇ ਮਾਂ ਨੂੰ ਕਹਿੰਦਾ ਹੈ ਕਿ ਮਾਂ। ਅੱਜ ਫਿਰ ਅਨੰਦਪੁਰ ਵਾਲਾ ਸਮਾਂ ਆ ਗਿਆ ਹੈ। ਬੇਟਾ! ਕਿਹੜਾ? ਕਹਿਣ ਲੱਗਾ, ਮਾਂ! ਸਿੱਖ ਜੰਗਲਾਂ ਵਿਚ ਹਨ ਤੇ ਖਾਣ ਲਈ ਉਹਨਾਂ ਪਾਸ ਰੋਟੀ ਨਹੀਂ। ਮਾਂ! ਸਰਦੀ ਆ ਰਹੀ ਹੈ ਤੇ ਉਹਨਾਂ ਪਾਸ ਕੋਈ ਗਰਮ ਕੱਪੜਾ ਨਹੀਂ। ਪੈਰਾਂ ਵਿਚ ਪਾਉਣ ਲਈ ਜੁੱਤੀ ਨਹੀਂ। ਮਾਂ ਕਹਿੰਦੀ ਹੈ ਕਿ ਬੇਟਾ! ਤੂੰ ਫਿਰ ਕੀ ਸੋਚਿਆ ਹੈ? ਮਾਂ! ਇਕ ਕੰਮ ਕਰੀਏ, ਜਿੰਨਾਂ ਅੰਨ ਸਾਡੇ ਪਾਸ ਹੈ, ਉਸ ਦੇ ਪਰਸ਼ਾਦੇ ਪਕਾ ਕੇ ਤੇ ਚੰਗੇਰ ਵਿਚ ਪਾ ਕੇ ਮੈਨੂੰ ਦੇ ਦਿਆ ਕਰ, ਮੈਂ ਉਹਨਾਂ ਪਾਸ ਪੁਚਾ ਆਇਆ ਕਰਾਂਗਾ। ਆਪ ਅਸੀਂ ਰੋਟੀ ਦੀ ਥਾਂ 'ਤੇ ਚਣੇ ਚਬ ਲਈਏ, ਭੁੱਖੇ ਰਹਿ ਲਈਏ, ਪਰ ਇਹ ਸੋਚੋ ਕਿ ਉਹ ਕਿਸ ਲਈ ਲੜ ਰਹੇ ਹਨ? ਉਹ ਆਪਣੇ ਸੁਆਰਥ ਲਈ ਨਹੀਂ ਲੜ ਰਹੇ, ਉਹ ਕੇਵਲ ਝੂਠੀ ਸ਼ੋਹਰਤ ਲਈ ਨਹੀਂ ਲੜ ਰਹੇ। ਉਹ ਇਕ ਨਿਸ਼ਚਾ ਲੈ ਕੇ ਤੁਰੇ ਹਨ ਕਿ ਇਸ ਪਾਪ ਦੀ ਜੰਞ ਦਾ ਖਾਤਮਾ ਕਰਨਾ ਹੈ।

ਮਾਂ ਨੇ ਇਹ ਸਾਰਾ ਕੁਝ ਸੁਣ ਕੇ ਬੇਟੇ ਨੂੰ ਘੁਟ ਕੇ ਆਪਣੇ ਸੀਨੇ ਨਾਲ ਲਾ ਕੇ ਕਿਹਾ, ਮੇਰੇ ਲਾਲ ਜੀ! ਅੱਜ ਮੈਨੂੰ ਇੰਝ ਲਗਦਾ ਹੈ ਕਿ ਮੇਰੀ ਮਿਹਨਤ ਸਫਲ ਹੋ ਗਈ ਹੈ। ਬੇਟਾ! ਮੈਂ ਚੱਕੀ ਪੀਹ ਕੇ ਪ੍ਰਸ਼ਾਦੇ ਤਿਆਰ ਕਰਾਂਗੀ, ਦਾਲ ਬਣਾਵਾਂਗੀ ਤੇ ਤੂੰ ਜੰਗਲ ਵਿਚ ਜਾ ਕੇ ਗੁਰੂ ਦੇ ਸਿੱਖਾਂ ਨੂੰ ਲੰਗਰ ਛਕਾ ਕੇ ਆਇਆ ਕਰ।

ਕਹਿੰਦੇ ਹਨ, ਪਹਿਲੇ ਦਿਨ ਭੈਣ ਨੇ ਆਟਾ ਗੁੰਨ੍ਹਿਆ। ਭਾਈ ਤਾਰੂ ਸਿੰਘ ਜੀ ਨੇ ਲੱਕੜਾਂ ਬਾਲੀਆਂ। ਕੁਝ ਪ੍ਰਸ਼ਾਦੇ ਤਿਆਰ ਹੋਏ। ਦਾਲਾ ਬਣਾ ਕੇ ਬਰਤਨ ਵਿਚ ਪਾਇਆ ਤੇ ਪ੍ਰਸ਼ਾਦੇ ਚੰਗੇਰ ਵਿਚ ਪਾ ਕੇ ਦੋਨੋਂ ਭੈਣ ਭਰਾ ਜਦੋਂ ਤੁਰੇ ਹਨ ਤਾਂ ਮਾਂ ਨੇ ਕਿਹਾ, ਬੱਚਿਓ! ਸ਼ਬਦ ਦੀ ਟੇਕ ਨਾ ਛੱਡਿਉ। ਗੁਰੂ ਦਾ ਸ਼ਬਦ ਸਿੱਖ ਦਾ ਕਵਚ ਬਣ ਜਾਂਦਾ ਹੈ।

ਉਸ ਮਾਂ ਦਾ ਕਿਹੋ ਜਿਹਾ ਵਿਸ਼ਾਲ ਹਿਰਦਾ ਹੋਵੇਗਾ ਜਿਸ ਨੇ ਜਵਾਨ ਧੀ ਤੇ ਪੁੱਤਰ ਨੂੰ ਰਾਤ ਨੂੰ ਜੰਗਲ

ਵਿਚ ਤੋਰ ਦਿਤਾ ਕਿ ਜਾ ਕੇ ਭੁੱਖੇ ਸਿੰਘਾਂ ਨੂੰ ਪ੍ਰਸ਼ਾਦਾ ਛਕਾ ਕੇ ਆਉ। ਭਾਈ ਤਾਰੂ ਸਿੰਘ ਜੀ ਅੱਜ ਪਹਿਲੇ ਦਿਨ ਭੋਜਨ ਲੈ ਕੇ ਗਏ। ਸਿੰਘਾਂ ਨੂੰ ਮਿਲੇ। ਭਾਈ ਤਾਰੂ ਸਿੰਘ ਜੀ ਨੇ ਉਹਨਾਂ ਗੁਰਸਿੱਖਾਂ ਦੀ ਚਰਨ-ਧੂੜ ਆਪਣੇ ਮਸਤਕ 'ਤੇ ਲਗਾਈ। ਸਿੰਘਾਂ ਨੇ ਕਈ ਦਿਨਾਂ ਬਾਅਦ ਲੰਗਰ ਛਕਿਆ। ਅੰਮ੍ਰਿਤ ਵੇਲੇ ਭਾਈ ਤਾਰੂ ਸਿੰਘ ਜੀ ਘਰ ਆਏ। ਮਾਂ ਨਿਤਨੇਮ ਕਰ ਰਹੀ ਸੀ। ਭਾਈ ਤਾਰੂ ਜੀ ਸਿੰਘ ਬੜੇ ਖੁਸ਼ ਸਨ। ਮਾਂ ਨੂੰ ਕਹਿੰਦੇ ਹਨ ਮਾਂ! ਅੱਜ ਜਦੋਂ ਲੰਗਰ ਛਕਾ ਰਹੇ ਸਾਂ ਤਾਂ ਅੰਦਰ ਨੂੰ ਬੜਾ ਸਕੂਨ ਮਿਲਿਆ ਹੈ।

ਇਸ ਤਰ੍ਹਾਂ ਇਹ ਰੋਜ਼ ਦਾ ਨਿਯਮ ਬਣ ਗਿਆ। ਛੋਟਾ ਚੁਲ੍ਹਾ ਵੱਡਾ ਚੁੱਲ੍ਹਾ ਬਣ ਗਿਆ। ਘਰ ਅੰਦਰ ਭੋਰਾ ਬਣਾਇਆ। ਭੋਜਨ ਤਿਆਰ ਕਰਕੇ ਅੰਦਰ ਰਖੀ ਜਾਣਾ। ਭਰਾ ਨੇ ਰੋਟੀਆਂ ਦੀ ਟੋਕਰੀ ਤੇ ਭੈਣ ਨੇ ਦਾਲ ਦੀ ਬਾਲਟੀ ਉਠਾ ਕੇ ਰੋਜ਼ਾਨਾ ਭਰਾ ਨੇ ਲੰਗਰ ਛਕਾਣਾ। ਭਾਵਨਾ ਵਾਲੇ ਵੇਖਦੇ ਹਨ ਕਿ ਸਿੱਖ ਦੇ ਘਰ ਲੰਗਰ ਪੱਕਣ ਲਗ ਪਿਆ ਹੈ। ਪਰ ਜਿਥੇ ਭਾਵਨਾ ਵਾਲੇ ਪੈਦਾ ਹੁੰਦੇ ਹਨ, ਉਥੇ ਦੁਸ਼ਟਾਂ ਦਾ ਵੀ ਕੋਈ ਘਾਟਾ ਨਹੀਂ ਹੁੰਦਾ।

ਜ਼ਕਰੀਆ ਖ਼ਾਂ ਬਹੁਤ ਦੁਖੀ ਹੈ ਕਿ ਮੈਂ ਸਿੱਖਾਂ ਨੂੰ ਮਾਰਦੇ-ਮਾਰਦੇ ਥੱਕ ਗਿਆ ਹਾਂ, ਪਰ ਇਹ ਮਰਦੇ ਹੀ ਨਹੀਂ। ਗੁਰਮੁਖੋ! ਫਿਰ ਇਥੋਂ ਇਕ ਗ਼ੱਦਾਰ ਲਾਹੌਰ ਗਿਆ, ਜਿਸ ਦਾ ਨਾਮ ਸੀ ਹਰਭਗਤ ਨਿਰੰਜਨੀਆਂ। ਅਸਲ ਵਿਚ ਇਸ ਦਾ ਨਾਮ ਮਹੰਤ ਆਕਲ ਦਾਸ ਸੀ। ਜਦੋਂ ਇਸ ਨੂੰ ਪਤਾ ਲੱਗਾ ਕਿ ਪੂਹਲੇ ਪਿੰਡ ਦਾ ਭਾਈ ਤਾਰੂ ਸਿੰਘ, ਜਿਸ ਦਾ ਸਾਰਾ ਪਿੰਡ ਬੜਾ ਅਦਬ ਕਰਦਾ ਹੈ ਤਾਂ ਉਸ ਦੇ ਅੰਦਰ ਈਰਖਾ ਦੀ ਅੱਗ ਭੜਕ ਉਠੀ ਕਿ ਮੇਰੇ ਹੁੰਦਿਆਂ ਲੋਕ ਕਿਸੇ ਦਾ ਇੰਨਾ ਅਦਬ ਕਿਉਂ ਕਰਨ।

ਹਰਭਗਤ ਲਾਹੌਰ ਜਾ ਕੇ ਜ਼ਕਰੀਏ ਨੂੰ ਮਿਲਿਆ ਤੇ ਸਾਰੀ ਗੱਲ ਦੱਸੀ। ਜ਼ਕਰੀਆ ਕਹਿਣ ਲੱਗਾ ਕਿ ਮੈਂ ਤਾਂ ਥੱਕ ਗਿਆ ਹਾਂ, ਪਰ ਸਿੱਖ ਖ਼ਤਮ ਹੀ ਨਹੀਂ ਹੁੰਦੇ। ਹਰਭਗਤ ਨੇ ਕਿਹਾ ਕਿ ਜਿਵੇਂ ਪੱਤਝੜ ਆਉਂਦੀ ਹੈ ਤੇ ਫਿਰ ਬਸੰਤ ਆਉਂਦੀ ਹੈ, ਉਸੇ ਤਰ੍ਹਾਂ ਜਿੰਨੇ ਸਿੱਖ ਤੂੰ ਮਾਰਦਾ ਹੈਂ, ਉਹ ਪੱਤਝੜ ਦੀ ਤਰ੍ਹਾਂ ਇਕ ਪੱਤਾ ਡਿੱਗਦਾ ਹੈ ਤੇ ਉਸ ਦੀ ਥਾਂ ਚਾਰ ਪੱਤੇ ਹੋਰ ਉੱਗ ਪੈਂਦੇ ਹਨ। ਤੂੰ ਕੇਵਲ ਸੱਪ ਦੀ ਲੀਕ ਨੂੰ ਹੀ ਕੁੱਟੀ ਜਾਂਦਾ ਹੈਂ, ਸੱਪ ਨੂੰ ਤਾਂ ਤੂੰ ਮਾਰਦਾ ਹੀ ਨਹੀਂ। ਜ਼ਕਰੀਆ ਕਹਿਣ ਲੱਗਾ, ਕਿਹੜਾ ਸੱਪ? ਹਰਭਗਤ ਕਹਿਣ ਲੱਗਾ ਕਿ ਪਿੰਡ ਪੂਹਲੇ ਵਿਚ ਤਾਰੂ ਸਿੰਘ ਰਹਿੰਦਾ ਹੈ। ਮਾਂ ਉਸ ਦੀ ਵਿਧਵਾ ਹੈ। ਆਪਣੀ ਭੈਣ ਨਾਲ ਰਲ ਕੇ ਤਿੰਨੇ ਗੁਰੂ ਦੇ ਸਿੱਖਾਂ ਨੂੰ ਲੰਗਰ ਛਕਾਉਂਦੇ ਹਨ। ਪਿੰਡ ਵਿਚ ਕੋਈ ਹਿੰਦੂ ਵਾਣ ਵਟਦਾ ਹੋਵੇ, ਮੁਸਲਮਾਨ ਮਜ਼ਦੂਰੀ ਕਰਦਾ ਹੋਵੇ, ਉਹਨਾਂ ਦੀ ਕਮਾਈ ਤਾਂ ਹੀ ਸਫਲ ਹੁੰਦੀ ਹੈ ਜਦੋਂ ਤਾਰੂ ਸਿੰਘ ਦੇ ਚਲਾਏ ਹੋਏ ਲੰਗਰ ਵਿਚ ਰਸਦ ਪਾਉਂਦੇ ਹਨ। ਜ਼ਕਰੀਏ ਨੇ ਇਹ ਸੁਣ ਕੇ ਹੁਕਮ ਕੀਤਾ ਕਿ ਫੌਰਨ ਤਾਰੂ ਸਿੰਘ, ਉਸ ਦੀ ਮਾਂ ਤੇ ਭੈਣ ਨੂੰ ਗ੍ਰਿਫ਼ਤਾਰ ਕਰਕੇ ਮੇਰੇ ਸਾਹਮਣੇ ਲਿਆਂਦਾ ਜਾਵੇ।

ਗੁਰਮੁਖੋ! 20 ਸਿਪਾਹੀ ਭਾਈ ਤਾਰੂ ਸਿੰਘ ਜੀ, ਉਨ੍ਹਾਂ ਦੀ ਮਾਤਾ ਤੇ ਭੈਣ ਨੂੰ ਗ੍ਰਿਫ਼ਤਾਰ ਕਰਨ ਲਈ ਤੁਰ ਪਏ। ਜਦੋਂ ਉਥੇ ਪਹੁੰਚੇ ਤਾਂ ਭਾਈ ਤਾਰੂ ਸਿੰਘ ਉਸ ਸਮੇਂ ਘਰ ਨਹੀਂ ਸੀ। ਮਾਂ ਲੋਹ ਦੇ ਅੱਗੇ ਬੈਠੀ ਹੈ ਤੇ ਭੈਣ ਅੱਗ ਪਈ ਬਾਲਦੀ ਹੈ।

ਜਦੋਂ ਪਿੰਡ ਵਾਲਿਆਂ ਨੂੰ ਪਤਾ ਲੱਗਾ ਕਿ 20 ਸਿਪਾਹੀ ਭਾਈ ਤਾਰੂ ਸਿੰਘ, ਉਸ ਦੀ ਮਾਂ ਤੇ ਭੈਣ ਨੂੰ ਗ੍ਰਿਫ਼ਤਾਰ ਕਰਨ ਲਈ ਆਏ ਹਨ ਤਾਂ ਇਕ ਦਮ ਸਾਰਾ ਪਿੰਡ ਇਕੱਠਾ ਹੋ ਗਿਆ। ਸਿਪਾਹੀਆਂ ਨੇ ਮਾਂ ਨੂੰ ਪੁੱਛਿਆ ਕਿ ਮਾਈ! ਤਾਰੂ ਸਿੰਘ ਕਿਥੇ ਹੈ? ਤਾਂ ਮਾਂ ਨੇ ਕਿਹਾ, ਬੇਟਾ! ਆਏ ਹੋ ਤਾਂ ਜਲ ਪਾਣੀ ਦੀ ਕੋਈ ਸੇਵਾ ਦੱਸੋ। ਸਿਪਾਹੀ ਕਹਿਣ ਲੱਗੇ ਕਿ ਭਾਈ ਤਾਰੂ ਸਿੰਘ ਨੂੰ ਫੜਨ ਆਏ ਹਾਂ। ਇਕ ਸਿਪਾਹੀ ਕਹਿਣ ਲੱਗਾ ਕਿ ਮਾਈ ਦੀਆਂ ਗੱਲਾਂ ਵਿਚ ਨਾ ਆਇਉ, ਕਿਤੇ ਤਾਰੂ ਸਿੰਘ ਦੌੜ ਨਾ ਜਾਏ।

ਮਾਂ ਨੂੰ ਇਹ ਸੁਣ ਕੇ ਬੜਾ ਗੁੱਸਾ ਆਇਆ ਤੇ ਕਹਿਣ ਲੱਗੀ ਕਿ ਮੇਰਾ ਪੁੱਤਰ ਚੋਰ ਨਹੀਂ। ਚੋਰ ਦੌੜਦੇ ਹਨ। ਬਾਹਰ ਖੇਤਾਂ ਨੂੰ ਗਿਆ ਹੈ, ਹੁਣੇ ਆ ਜਾਏਗਾ। ਜਦੋਂ ਖੇਤਾਂ ਵਿਚ ਭਾਈ ਤਾਰੂ ਸਿੰਘ ਨੂੰ ਖ਼ਬਰ ਮਿਲੀ ਤਾਂ ਉਹ ਉਸੇ ਸਮੇਂ ਘਰ ਆ ਗਿਆ। ਸਿਪਾਹੀ ਕਹਿਣ ਲੱਗੇ ਕਿ ਸਾਨੂੰ ਸਰਕਾਰ ਵਲੋਂ ਹੁਕਮ ਹੈ ਕਿ ਇਹਨਾਂ ਤਿੰਨਾਂ ਨੂੰ ਫੜ ਕੇ ਲਿਆਉ।

ਲੰਬੜਦਾਰ ਨੇ ਸਾਹਮਣੇ ਹੋ ਕੇ ਕਿਹਾ ਕਿ ਇਸ ਪਿੰਡ ਵਿਚ ਸਾਡਾ ਖ਼ੂਨ ਇਕ ਹੈ। ਇਹ ਭਾਈ ਤਾਰੂ ਸਿੰਘ ਦੀ ਮਾਂ ਨਹੀਂ, ਇਹ ਸਾਰੇ ਪਿੰਡ ਦੀ ਮਾਂ ਹੈ। ਇਹ ਭਾਈ ਤਾਰੂ ਸਿੰਘ ਦੀ ਭੈਣ ਨਹੀਂ, ਸਾਰੇ ਪਿੰਡ ਦੀ ਭੈਣ ਹੈ। ਤੁਸੀਂ ਅਦਬ ਨਾਲ ਇਸ ਮਾਂ ਤੇ ਭੈਣ ਦੇ ਚਰਨਾਂ ਵਿਚ ਮੱਥਾ ਟੇਕ ਸਕਦੇ ਹੋ, ਪਰੰਤੂ ਸਾਡੇ ਜੀਉਂਦਿਆਂ ਤੁਸੀਂ ਇਸ ਮਾਂ ਨੂੰ ਤੇ ਭੈਣ ਨੂੰ ਨਹੀਂ ਲਿਜਾ ਸਕਦੇ। ਉਸ ਨੇ ਪੁੱਛਿਆ ਕਿ ਤਾਰੂ ਸਿੰਘ ਦਾ ਦੋਸ਼ ਕੀ ਹੈ ਜਿਹੜਾ ਤੁਸੀਂ ਉਸ ਨੂੰ ਫੜਨ ਆਏ ਹੋ?

ਸਿਪਾਹੀਆਂ ਨੇ ਉਤਰ ਦਿਤਾ ਕਿ ਸਾਨੂੰ ਕੁਝ ਪਤਾ ਨਹੀਂ। ਸਰਕਾਰ ਨੇ ਸਾਨੂੰ ਭੇਜਿਆ ਹੈ ਤੇ ਅਸੀਂ ਆ ਗਏ। ਉਸ ਵੇਲੇ ਕਹਿੰਦੇ ਹਨ ਕਿ ਰੁਪਈਏ ਦੇ ਕੇ ਮਾਂ ਅਤੇ ਭੈਣ ਨੂੰ ਛੁਡਾ ਲਿਆ ਤੇ ਭਾਈ ਤਾਰੂ ਸਿੰਘ ਨੂੰ ਸਿਪਾਹੀ ਫੜ ਕੇ ਲੈ ਗਏ।

ਜਦੋਂ ਭਾਈ ਤਾਰੂ ਸਿੰਘ ਆਏ ਤਾਂ ਉਸ ਵੇਲੇ ਉਨ੍ਹਾਂ

ਨੇ ਮਾਂ ਦੇ ਚਰਨਾਂ ਵਿਚ ਨਮਸ਼ਕਾਰ ਕੀਤੀ। ਆਪਣੀ ਭੈਣ ਨੂੰ ਗਲ੍ਹ ਨਾਲ ਲਾ ਕੇ ਪਿਆਰ ਕੀਤਾ। ਮਾਂ ਨੇ ਮੱਥਾ ਚੁੰਮਿਆ ਤੇ ਸਿਰ 'ਤੇ ਹੱਥ ਰੱਖ ਕੇ ਕਿਹਾ, ਲਾਲ ਜੀ! ਬੜੀ ਮੁਸ਼ਕਿਲ ਨਾਲ ਦਹੀਂ ਨਾਲ ਮੈਂ ਤੇਰੇ ਕੇਸਾਂ ਨੂੰ ਸਾਂਭਿਆ ਹੈ। ਮੇਰੇ ਬੱਚਿਆ! ਸਿਰ ਭਾਵੇਂ ਲਹਿ ਜਾਏ, ਪਰ ਗੁਰੂ ਦੇ ਕੇਸਾਂ ਦੀ ਬੇਅਦਬੀ ਨਾ ਹੋਣ ਦੇਈਂ।

ਭਾਈ ਤਾਰੂ ਸਿੰਘ ਜੀ ਨੇ ਆਪਣੀ ਭੈਣ ਨੂੰ ਕਿਹਾ, ਦੇਖ ਭੈਣੇ! ਅੱਜ ਤਕ ਤੂੰ ਕੇਵਲ ਮੇਰੀ ਭੈਣ ਸੀ। ਜੇ ਮੈਂ ਸ਼ਹਾਦਤ ਦਾ ਜਾਮ ਪੀ ਲਿਆ ਤਾਂ ਸਾਰੇ ਪੰਥ ਦੀ ਤੂੰ ਭੈਣ ਬਣ ਜਾਏਂਗੀ। ਚੇਤੇ ਰੱਖੀਂ, ਇਹ ਲੰਗਰ ਕਦੀ ਬੰਦ ਨਹੀਂ ਹੋਣਾ ਚਾਹੀਦਾ।

ਭਾਈ ਤਾਰੂ ਸਿੰਘ ਤੁਰਿਆ ਤਾਂ ਸਾਰਾ ਪਿੰਡ ਵਿਦਿਆ ਕਰਨ ਆਇਆ। ਅਗਲੇ ਪਿੰਡ ਉਸ ਨੇ ਪੜਾਅ ਕੀਤਾ ਤਾਂ ਮਨ ਵਿਚ ਆਇਆ ਕਿ ਸ਼ਾਇਦ ਸਰੀਰਕ ਤੌਰ 'ਤੇ ਇਸ ਪਿੰਡ ਵਿਚ ਫੇਰਾ ਨਾ ਪਵੇ। ਇਸ ਪਿੰਡ ਦੇ ਲੋਕਾਂ ਨੂੰ ਪਤਾ ਲੱਗਾ ਤਾਂ ਉਹਨਾਂ ਦੇ ਮਨ ਵਿਚ ਆਇਆ ਕਿ ਇਕੱਠੇ ਹੋ ਕੇ ਇਸ ਫੌਜੀ ਦਸਤੇ ਨੂੰ ਖਤਮ ਕਰਕੇ ਭਾਈ ਤਾਰੂ ਸਿੰਘ ਨੂੰ ਆਪਾਂ ਛੁਡਾ ਲਈਏ। ਜਦੋਂ ਉਹਨਾਂ ਨੇ ਭਾਈ ਤਾਰੂ ਸਿੰਘ ਜੀ ਨੂੰ ਇਸ ਸਕੀਮ ਬਾਰੇ ਦੱਸਿਆ ਤਾਂ ਭਾਈ ਸਾਹਿਬ ਨੇ ਕਿਹਾ ਕਿ ਮੈਨੂੰ ਛੁਡਾ ਲਉਗੇ ਤਾਂ ਸਾਰੇ ਪਿੰਡ ਨੂੰ ਨਵਾਬ ਉਜਾੜ ਦੇਵੇਗਾ। ਪਰ ਉਹ ਕਹਿਣ ਲੱਗੇ ਕਿ ਇਹ ਅਸੀਂ ਨਹੀਂ ਬਰਦਾਸ਼ਤ ਕਰ ਸਕਦੇ ਕਿ ਸਾਡੇ ਹੁੰਦਿਆਂ ਤੁਹਾਨੂੰ ਕੋਈ ਫੜ ਕੇ ਲੈ ਜਾਏ।

ਭਾਈ ਤਾਰੂ ਸਿੰਘ ਜੀ ਨੇ ਰੁਕ ਕੇ ਕਿਹਾ ਕਿ ਤੁਸੀਂ ਮੈਨੂੰ ਪਿਆਰ ਕਰਦੇ ਹੋ? ਕਹਿਣ ਲੱਗੇ, ਦਿਲੋਂ! ਜੇ ਦਿਲੋਂ ਪਿਆਰ ਕਰਦੇ ਹੋ ਤਾਂ ਘਰ-ਘਰ ਵਿਚ ਲੋਹਾਂ ਰੱਖ ਕੇ ਲੰਗਰ ਪਕਾਉ ਤੇ ਉਹਨਾਂ ਭੁੱਖੇ ਸਿੱਖਾਂ ਨੂੰ, ਜਿਹੜੇ ਜੂਝਦੇ ਪਏ ਹਨ, ਉਹਨਾਂ ਨੂੰ ਲੰਗਰ ਛਕਾਉ। ਬਸਤਰ ਜਾ ਕੇ ਦਿਉ। ਜੇਕਰ ਉਹਨਾਂ ਦੀ ਸੇਵਾ ਕਰੋਗੇ ਤਾਂ ਮੈਂ ਇਹ ਸਮਝਾਂਗਾ ਕਿ ਤੁਸੀਂ ਮੈਨੂੰ ਦਿਲੋਂ ਪਿਆਰ ਕਰਦੇ ਹੋ।

ਭਾਈ ਤਾਰੂ ਸਿੰਘ ਜੀ ਨੂੰ ਲਾਹੌਰ ਲਿਆਂਦਾ ਗਿਆ ਤੇ ਜ਼ਕਰੀਆ ਖ਼ਾਂ ਦੇ ਸਾਹਮਣੇ ਪੇਸ਼ ਕੀਤਾ ਗਿਆ। ਸਿੱਖ ਨੇ ਬੜੀ ਗੂੰਜਵੀਂ ਆਵਾਜ਼ ਵਿਚ ਅਕਾਲ ਅਕਾਲ ਦਾ ਨਾਹਰਾ ਬੁਲੰਦ ਕੀਤਾ ਤਾਂ ਜ਼ਕਰੀਆ ਖ਼ਾਂ ਇਕ ਦਮ ਤੜਫ਼ ਉਠਿਆ। ਇਥੇ ਸਵਾਲ ਜਵਾਬ ਹੋਏ ਹਨ। ਜ਼ਕਰੀਏ ਨੇ ਕਿਹਾ ਕਿ ਤੂੰ ਬਾਗ਼ੀਆਂ ਨੂੰ ਰੋਟੀ ਖਵਾਉਂਦਾ ਹੈਂ? ਭਾਈ ਸਾਹਿਬ ਦਾ ਉੱਤਰ ਸੀ ਕਿ ਮੈਂ ਗੁਰੂ ਦੇ ਬਚਨ ਨੂੰ ਪਾਲਦਾ ਹਾਂ। ਕਿਹੜਾ ਬਚਨ ਪਾਲਦਾ ਹੈਂ? ਭਾਈ ਤਾਰੂ ਸਿੰਘ ਕਹਿਣ ਲੱਗਾ, ਮੇਰਾ ਗੁਰੂ ਕਹਿੰਦਾ ਹੈ -

*ਘਾਲਿ ਖਾਇ ਕਿਛੁ ਹਥਹੁ ਦੇਇ ॥*

*ਨਾਨਕ ਰਾਹੁ ਪਛਾਣਹਿ ਸੇਇ ॥* *ਅੰਗ- ੧੨੪੫*

ਜ਼ਕਰੀਏ ਨੇ ਅਗਲੀ ਗੱਲ ਕਹੀ ਕਿ ਦੇਖ, ਤੂੰ ਚੜ੍ਹਦੀ ਜਵਾਨੀ ਵਿਚ ਹੈਂ। ਕਿੰਨਾ ਸੋਹਣਾ ਤੇਰਾ ਚਿਹਰਾ ਦਗ-ਦਗ ਕਰਦਾ ਹੈ, ਤੂੰ ਇਸਲਾਮ ਨੂੰ ਕਬੂਲ ਕਰ ਲੈ। ਭਾਈ ਸਾਹਿਬ ਕਹਿਣ ਲੱਗੇ ਕਿ ਸਵਾਲ ਹੀ ਪੈਦਾ ਨਹੀਂ ਹੁੰਦਾ। ਮੇਰੀ ਸਿੱਖੀ ਕੇਸਾਂ ਸੁਆਸਾਂ ਨਾਲ ਹੀ ਨਿਭੇਗੀ। ਤਾਂ ਖ਼ਾਨ ਦੇ ਸ਼ਬਦ ਸਨ ਕਿ ਮੈਂ ਜੁੱਤੀਆਂ ਮਾਰ-ਮਾਰ ਤੇਰੇ ਕੇਸ ਉਤਾਰਾਂਗਾ। ਭਾਈ ਤਾਰੂ ਸਿੰਘ ਕਹਿਣ ਲੱਗਾ, ਓਏ ਖਾਨੂ! ਤੂੰ ਕਹਿੰਦਾ ਹੈਂ ਜੁੱਤੀ ਨਾਲ ਉਤਾਰਾਂਗਾ ਪਰ ਮੇਰੇ ਕੇਸ ਤਾਂ ਕੈਂਚੀ ਨਾਲ ਵੀ ਨਹੀਂ ਉਤਰਨੇ। ਕੋਈ ਮੇਰੇ ਕੇਸਾਂ ਬਾਰੇ ਜ਼ਬਾਨ ਨਾਲ ਵੀ ਭੱਦੇ ਸ਼ਬਦ ਨਹੀਂ ਬੋਲ ਸਕਦਾ। ਇਕ ਗੱਲ ਚੇਤੇ ਰੱਖੀਂ, ਤੈਨੂੰ ਜੁੱਤੀ ਨਾਲ ਮੈਂ ਹੀ ਅੱਗੇ ਲੈ ਕੇ ਜਾਵਾਂਗਾ। ਸਿੱਖ ਨੂੰ ਮੌਤ ਤੋਂ ਵਧ ਉਦੋਂ ਦੁੱਖ ਲਗਦਾ ਹੈ ਜਦੋਂ ਇਸ ਦੇ ਕੇਸ ਕੱਟੇ ਜਾਣ।

ਭਾਈ ਸਾਹਿਬ ਨੂੰ ਕੈਦ ਕੀਤਾ ਗਿਆ ਤੇ ਕਸ਼ਟ ਦਿਤੇ ਗਏ। ਉਸ ਵੇਲੇ ਸਲਾਹ ਕੀਤੀ ਗਈ ਕਿ ਇਸ ਦਾ ਕੇਸਾਂ ਦਾ ਜੂੜਾ ਕੈਂਚੀ ਨਾਲ ਕੱਟ ਦਿਉ। ਇਹ ਸੁਣ ਕੇ ਭਾਈ ਸਾਹਿਬ ਨੇ ਅਰਦਾਸ ਕੀਤੀ, ਦਾਤਾ! ਕ੍ਰਿਪਾ ਕਰੀਂ, ਮੇਰੀ ਸਿੱਖੀ ਕੇਸਾਂ ਸੁਆਸਾਂ ਨਾਲ ਨਿਭ ਜਾਏ।

ਭਾਈ ਸਾਹਿਬ ਦੇ ਕੇਸਾਂ ਵਿਚ ਏਨੀ ਕੁ ਰਹਿਮਤ ਪਈ ਵਰਤਦੀ ਸੀ ਕਿ ਕੱਟਣ ਆਏ ਜੱਲਾਦ ਕੇਸਾਂ ਨੂੰ ਹੱਥ ਨਹੀਂ ਸੀ ਪਾ ਸਕੇ। ਕਹਿੰਦੇ ਹਨ ਕਿ ਇੰਝ ਲੱਗਦਾ ਸੀ ਜਿਵੇਂ ਭਾਈ ਸਾਹਿਬ ਦੇ ਕੇਸ ਦੇਖ ਕੇ ਉਹ ਬੇਹੋਸ਼ ਹੁੰਦੇ ਹੋਣ। ਉਸ ਸਮੇਂ ਭਾਈ ਸਾਹਿਬ ਨੇ ਬਚਨ ਕਹੇ ਸਨ ਕਿ ਸਿੱਖ ਨੂੰ ਜੁੱਤੀ ਦਿਖਾਉਣ ਵਾਲਿਆਂ! ਤੂੰ ਤਰਲੇ ਲਏਂਗਾ ਕਿ ਸਿੱਖ ਦੀ ਜੁੱਤੀ ਮੇਰੇ ਸਿਰ ਵਿਚ ਵੱਜੇ।

ਹਾਰ ਕੇ ਇਹਨਾਂ ਨੇ ਮੋਚੀ ਬੁਲਾਇਆ। ਜਿਵੇਂ ਚਮੜਾ ਕੱਟਿਆ ਜਾਂਦਾ ਹੈ, ਉਵੇਂ ਜ਼ਮੀਨ 'ਤੇ ਬਿਠਾ ਕੇ ਰਤਨ ਸਿੰਘ ਭੰਗੂ ਕਹਿੰਦੇ ਹਨ ਕਿ ਛੁਰੀ ਤਿੱਖੀ ਕੀਤੀ ਤੇ ਮੱਥੇ ਦੇ ਹੇਠੋਂ ਕੱਟਣ ਲੱਗੇ। ਖੋਪਰੀ ਨੂੰ ਕੱਟਦਿਆਂ-ਕੱਟਦਿਆਂ ਇਹ ਕੰਨਾਂ ਵਾਲੇ ਪਾਸੇ ਆਏ। ਉਥੋਂ ਕੱਟ ਕੇ ਗਿੱਚੀ ਵਾਲੇ ਪਾਸਿਉਂ ਇਕ ਠੋਕਰ ਮਾਰ ਕੇ ਭਾਈ ਸਾਹਿਬ ਦੀ ਖੋਪਰੀ ਕੇਸਾਂ ਸਣੇ ਉਤਾਰ ਦਿਤੀ। ਜਦੋਂ ਖੋਪਰੀ ਲਾਹੀ ਤਾਂ ਭਾਈ ਸਾਹਿਬ ਦਾ ਪੂਰੇ ਦਾ ਪੂਰਾ ਦਾਹੜਾ ਇਸ ਤਰ੍ਹਾਂ ਖੂਨ ਨਾਲ ਨੁੱਚੜਦਾ ਪਿਆ ਸੀ ਜਿਵੇਂ ਕੋਈ ਖੂਨ ਦੇ ਦਰਿਆ ਵਿਚੋਂ ਇਸ਼ਨਾਨ ਕਰਕੇ ਨਿਕਲਿਆ ਹੋਵੇ।

ਭਾਈ ਸਾਹਿਬ ਦੇ ਸਾਰੇ ਬਸਤਰ ਖ਼ੂਨ ਨਾਲ ਭਿੱਜ ਗਏ। ਨਾ ਮੂੰਹੋਂ ਸੀਅ ਕਹੀ, ਨਾ ਹਾਏ ਕਹੀ, ਨਾ ਕੋਈ ਤਰਲਾ ਲਿਆ, ਬੱਸ ਮੂੰਹ ਵਿਚੋਂ ਜਪੁ ਜੀ ਸਾਹਿਬ ਦਾ ਪਾਠ ਸ਼ੁਰੂ ਕਰ ਦਿਤਾ। ਜ਼ਕਰੀਆ ਖ਼ਾਨ ਕਹਿੰਦਾ ਹੈ ਕਿ ਤੂੰ ਤਾਂ ਕਹਿੰਦਾ ਸੀ ਕਿ ਮੇਰੇ ਕੇਸ ਸੁਆਸਾਂ ਨਾਲ ਨਿਭਣਗੇ। ਕੇਸ ਤਾਂ ਤੇਰੇ ਲਹਿ ਗਏ ਪਰ ਸੁਆਸ ਤੇਰੇ

ਅਜੇ ਵੀ ਕਾਇਮ ਹਨ, ਤੂੰ ਮਰਿਆ ਕਿਉਂ ਨਹੀਂ? ਤਾਰੂ ਸਿੰਘ ਜੀ ਕਹਿਣ ਲੱਗੇ ਕਿ ਕੇਸ ਨਹੀਂ ਲੱਥੇ, ਖੋਪਰੀ ਲੱਥੀ ਹੈ। ਤੇ ਦੂਜੀ ਗੱਲ, ਮੈਂ ਚਲੇ ਜਾਣਾ ਹੈ, ਪਰ ਮੈਂ ਜੀਉਂਦਾ ਇਸ ਕਰਕੇ ਹਾਂ ਕਿ ਮੈਂ ਬਚਨ ਕੀਤਾ ਸੀ ਕਿ ਤੈਨੂੰ ਜੁੱਤੀ ਥੱਲੇ ਲਾ ਕੇ ਹੀ ਜਾਣਾ ਹੈ। ਜਿੰਨੀ ਦੇਰ ਤੂੰ ਨਹੀਂ ਜਾਂਦਾ, ਉੱਨੀ ਦੇਰ ਮੈਂ ਵੀ ਨਹੀਂ ਜਾਣਾ।

ਭਾਈ ਸਾਹਿਬ ਨੇ ਅੱਠੇ ਪਹਿਰ ਬਾਣੀ ਪੜ੍ਹਨੀ ਸ਼ੁਰੂ ਕਰ ਦਿਤੀ। ਜਦੋਂ ਜ਼ਕਰੀਆਂ ਖਾਂ ਘਰ ਗਿਆ ਤਾਂ ਉਸੇ ਵੇਲੇ ਉਸ ਨੂੰ ਪੇਸ਼ਾਬ ਦਾ ਬੰਦ ਪੈ ਗਿਆ। ਤਰਲੇ ਲੈ ਰਿਹਾ ਹੈ। ਤੜਫ਼ ਰਿਹਾ ਹੈ। ਉਸ ਵੇਲੇ ਕਿਸੇ ਨੇ ਜ਼ਕਰੀਏ ਨੂੰ ਕਿਹਾ ਕਿ ਜਿਸ ਦਾ ਤੂੰ ਸਿਰ ਲਾਹਿਆ ਹੈ, ਉਹ ਅਟੱਲ ਬਚਨ ਕਹਿਣ ਵਾਲਾ ਹੈ। ਜ਼ਕਰੀਏ ਦੇ ਕੰਨਾਂ ਵਿਚ ਆਵਾਜ਼ ਗੂੰਜੀ - ਮੈਂ ਤੈਨੂੰ ਆਪਣੀ ਜੁੱਤੀ ਅੱਗੇ ਲਾ ਕੇ ਲਿਜਾਣਾ ਹੈ। ਉਸੇ ਵੇਲੇ ਸ: ਸੁਬੇਗ ਸਿੰਘ ਜੋ ਕੈਦ ਵਿਚ ਸੀ ਨੂੰ ਲੱਗਾ ਕਿ ਤੁਹਾਡੇ ਗੁਰੂ ਦੀ ਬਾਣੀ ਸੁਖਮਨੀ ਸਾਹਿਬ ਵਿਚ ਲਿਖਿਆ ਹੈ -

*ਸੰਤ ਕ੍ਰਿਪਾਲ ਕ੍ਰਿਪਾ ਜੇ ਕਰੈ ॥*
*ਨਾਨਕ ਸੰਤਸੰਗਿ ਨਿੰਦਕੁ ਭੀ ਤਰੈ ॥..... ਅੰਗ- ੨੭੯*

*ਸੰਤ ਕਾ ਦੋਖੀ ਅਧ ਬੀਚ ਤੇ ਟੂਟੈ ॥*
*ਸੰਤ ਕਾ ਦੋਖੀ ਕਿਤੈ ਕਾਜਿ ਨ ਪਹੂਚੈ ॥.....*
*ਅੰਗ- ੨੮੦*

*ਸੰਤ ਕਾ ਦੋਖੀ ਇਉ ਬਿਲਲਾਇ ॥*
*ਜਿਉ ਜਲ ਬਿਹੂਨ ਮਛੁਲੀ ਤੜਫੜਾਇ ॥*
*ਸੰਤ ਕਾ ਦੋਖੀ ਭੂਖਾ ਨਹੀ ਰਾਜੈ ॥*
*ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ॥ ਅੰਗ- ੨੮੦*

ਉਸ ਸੰਤ ਨੂੰ ਜਾ ਕੇ ਕਹਿ ਕਿ ਇਕ ਵਾਰੀ ਬਚਨ ਕਰ ਦੇਵੇ ਤੇ ਮੇਰਾ ਪਾਰ ਉਤਾਰਾ ਹੋ ਜਾਏ। ਭਾਈ ਸੁਬੇਗ ਸਿੰਘ ਜਦੋਂ ਗਏ ਤਾਂ ਭਾਈ ਤਾਰੂ ਸਿੰਘ ਜੀ ਖੋਪਰੀ ਤੋਂ ਬਿਨਾਂ ਚੌਂਕੜੀ ਮਾਰ ਕੇ ਜਪੁ ਜੀ ਸਾਹਿਬ ਪੜ੍ਹਦੇ ਪਏ ਸਨ। ਹੱਥ ਜੋੜ ਕੇ ਕਹਿਣ ਲੱਗਾ, ਗੁਰਮੁਖੋ! ਜਿਸ ਦੁਸ਼ਟ ਨੇ ਤੁਹਾਡੀ ਖੋਪਰੀ ਲਾਹੀ ਹੇ, ਉਹ ਤਰਲੇ ਲੈ ਰਿਹਾ ਹੈ, ਤੜਫ ਰਿਹਾ ਹੈ। ਤੁਸੀਂ ਉਸ ਨੂੰ ਬਖਸ਼ ਦਿਉ।

ਭਾਈ ਤਾਰੂ ਸਿੰਘ ਜੀ ਦੇ ਬਚਨ ਸਨ - ਸਿੰਘਾ! ਸਿੱਖ ਦੀ ਖ਼ਾਤਰ ਆਵੇਂ ਤਾਂ ਮੈਂ ਖੋਪਰੀ ਲੁਹਾ ਕੇ, ਧਰਤੀ 'ਤੇ ਲਕੀਰਾਂ ਕੱਢ ਕੇ ਵੀ ਸੰਗਤ ਲਈ ਜਾਵਾਂਗਾ, ਪਰ ਇਸ ਦੁਸ਼ਟ ਦੀ ਮੇਰੇ ਕੋਲ ਗੱਲ ਨਾ ਕਰੀਂ। ਮੈਂ ਇਸ ਨੂੰ ਜੁੱਤੀ ਅੱਗੇ ਲੈ ਕੇ ਜਾਵਾਂਗਾ। ਉਸ ਵੇਲੇ ਉਹ ਕਹਿੰਦਾ ਹੈ ਕਿ ਉਹ ਗੁਰੂ ਦਾ ਵਾਸਤਾ ਪਾ ਰਿਹਾ ਹੈ। ਭਾਈ ਸਾਹਿਬ ਕਹਿਣ ਲੱਗੇ ਕਿ ਇਕ ਕੰਮ ਕਰ, ਤੂੰ ਖਾਲਸਾ ਪੰਥ ਕੋਲ ਚਲਾ ਜਾ। ਜਿਨ੍ਹਾਂ ਜੰਗਲ ਵਿਚ ਰਹਿਣ ਵਾਲਿਆਂ ਨੂੰ ਇਹ ਭਿਖਾਰੀ ਸਮਝਦਾ ਹੈ, ਪਾਟੇ ਕਪੜਿਆਂ ਵਾਲੇ ਹਨ, ਉਹ ਜੋ ਕਹਿ ਦੇਣਗੇ, ਮੈਨੂੰ ਮਨਜ਼ੂਰ ਹੋਵੇਗਾ।

ਭਾਈ ਸੁਬੇਗ ਸਿੰਘ ਜ਼ਕਰੀਏ ਕੋਲ ਵਾਪਸ ਆਇਆ ਤੇ ਉਸ ਨੂੰ ਕਿਹਾ ਕਿ ਉਹ ਨਹੀਂ ਮੰਨਦਾ। ਉਸ ਨੇ ਖ਼ਾਲਸਾ ਪੰਥ ਉਪਰ ਸਾਰੀ ਗੱਲ ਛੱਡ ਦਿਤੀ ਹੈ। ਜ਼ਕਰੀਆ ਕਹਿੰਦਾ ਹੈ ਕਿ ਇਕ ਵਾਰ ਮੈਨੂੰ ਬਚਾ ਦਿਉ, ਜੋ ਉਹ ਚਾਹੁੰਣਗੇ, ਮੈਂ ਉਹੋ ਕਰਾਂਗਾ। ਭਾਈ ਸੁਬੇਗ ਸਿੰਘ ਸਿੱਖਾਂ ਕੋਲ ਗਿਆ ਤੇ ਉਹਨਾਂ ਨੂੰ ਕਿਹਾ ਕਿ ਮੈਨੂੰ ਤਾਰੂ ਸਿੰਘ ਨੇ ਭੇਜਿਆ ਹੈ। ਸੂਬਾ ਤੜਫਦਾ ਪਿਆ ਹੈ। ਉਹ ਕਹਿੰਦਾ ਹੈ ਕਿ ਮੈਂ ਖ਼ਾਲਸੇ ਦੇ ਦਰ 'ਤੇ ਪੁਕਾਰ ਕਰਦਾ ਹਾਂ, ਮੈਨੂੰ ਬਖਸ਼ ਦਿਉ।

ਇਹ ਸੁਣ ਕੇ ਪੰਜਾਂ ਸਿੰਘਾਂ ਨੇ ਅਰਦਾਸ ਕੀਤੀ ਤੇ ਕਿਹਾ ਕਿ ਭਾਈ ਤਾਰੂ ਸਿੰਘ ਦੀ ਜੁੱਤੀ ਜ਼ਕਰੀਏ ਦੇ ਸਿਰ 'ਤੇ ਵਜੇ। ਜਿਉਂ-ਜਿਉਂ ਜੁੱਤੀ ਵਜੇਗੀ, ਤਿਉਂ-ਤਿਉਂ ਉਸ ਨੂੰ ਰਾਹਤ ਮਿਲੇਗੀ। ਪਰ ਮੌਤ ਉਸ ਦੀ ਜੁੱਤੀ ਨਾਲ ਹੀ ਹੋਵੇਗੀ। ਜੁੱਤੀ ਬਜ਼ਾਰੋਂ ਲਿਆ ਕੇ ਕੁਝ ਸਮਾਂ ਭਾਈ ਤਾਰੂ ਸਿੰਘ ਜੀ ਦੇ ਪੈਰਾਂ ਵਿਚ ਰਹੀ। ਜ਼ਕਰੀਏ ਦੇ ਸਿਰ 'ਤੇ ਜਾ ਕੇ ਸੁਬੇਗ ਸਿੰਘ ਨੇ ਜਦੋਂ ਜੁੱਤੀਆਂ ਮਾਰੀਆਂ ਤਾਂ ਉਸ ਨੂੰ ਥੋੜ੍ਹੀ ਜਿਹੀ ਰਾਹਤ ਮਿਲੀ।

ਲਗਾਤਾਰ 22 ਦਿਨ ਭਾਈ ਤਾਰੂ ਸਿੰਘ ਜੀ ਖੋਪਰੀ ਤੋਂ ਬਿਨਾਂ ਰਹੇ ਹਨ। ਜ਼ਕਰੀਏ ਦੀ ਮੌਤ ਭਾਈ ਤਾਰੂ ਸਿੰਘ ਜੀ ਦੀਆਂ ਜੁੱਤੀਆਂ ਨਾਲ ਹੋਈ। ਜਦੋਂ ਆ ਕੇ ਭਾਈ ਤਾਰੂ ਸਿੰਘ ਜੀ ਨੂੰ ਦੱਸਿਆ ਕਿ ਜ਼ਕਰੀਆ ਮਰ ਗਿਆ ਹੈ ਤਾਂ ਉਹਨਾਂ ਦੇ ਹੱਥ ਜੁੜ ਗਏ ਤੇ ਕਹਿਣ ਲੱਗੇ -

*ਗੁਰਿ ਪੂਰੈ ਮੇਰੀ ਰਾਖਿ ਲਈ ॥*
*ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ*
*ਜਨਮ ਜਨਮ ਕੀ ਮੈਲੁ ਗਈ ॥ ੧ ॥ ਰਹਾਉ ॥*
*ਨਿਵਰੇ ਦੂਤ ਦੁਸਟ ਬੈਰਾਈ*
*ਗੁਰ ਪੂਰੇ ਕਾ ਜਪਿਆ ਜਾਪੁ ॥*
*ਕਹਾ ਕਰੈ ਕੋਈ ਬੇਚਾਰਾ ਪ੍ਰਭ ਮੇਰੇ ਕਾ ਬਡ ਪਰਤਾਪੁ ॥*
*ਅੰਗ- ੮੨੩*

ਭਾਈ ਸਾਹਿਬ ਨੇ ਅਰਦਾਸ ਕੀਤੀ ਤਾਂ ਉਸੇ ਸਮੇਂ ਭਾਈ ਤਾਰੂ ਸਿੰਘ ਜੀ ਗੁਰੂ ਕਲਗ਼ੀਧਰ ਜੀ ਦੇ ਚਰਨਾਂ ਵਿਚ ਚਲੇ ਗਏ। ਗੁਰਮੁਖੋ! ਭਾਈ ਤਾਰੂ ਸਿੰਘ ਜੀ ਨੂੰ ਅਰਦਾਸ ਵਿਚ ਅਸੀਂ ਰੋਜ਼ ਯਾਦ ਕਰਦੇ ਹਾਂ। ਇਸ ਲਈ ਸਾਨੂੰ ਵੀ ਉਹਨਾਂ ਦੇ ਨਕਸ਼ੇ-ਕਦਮ 'ਤੇ ਚਲਦਿਆਂ ਸਿੱਖੀ ਸਿਦਕ 'ਤੇ ਕਾਇਮ ਰਹਿਣਾ ਚਾਹੀਦਾ ਹੈ। ਏਨੀਆਂ ਬੇਨਤੀਆਂ ਪ੍ਰਵਾਨ ਕਰਨੀਆਂ। ਭੁੱਲਾਂ ਚੁੱਕਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖ਼ਾਲਸਾ।

ਵਾਹਿਗੁਰੂ ਜੀ ਕੀ ਫ਼ਤਹਿ।

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ-48)*

ਸਤਿਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਰਾਵੀ ਦੇ ਕਿਨਾਰੇ ਬੈਠੇ ਸਨ। ਗੁਰਾਂ ਨੇ ਕ੍ਰਿਪਾ ਦ੍ਰਿਸ਼ਟੀ ਕਰਕੇ ਜੀਵਾਂ ਦੀ ਕਲਿਆਣ ਕਰਨ ਲਈ ਹਜ਼ਾਰਾਂ ਸਿੱਖ ਸੰਗਤਾਂ ਨੂੰ ਪਰਮੇਸ਼ਰ ਦੇ ਨਾਮ ਵਿਚ ਰੰਗੇ ਜਾਣ ਦਾ ਉਪਦੇਸ਼ ਬਖਸ਼ਿਸ਼ ਕਰਦਿਆਂ ਇਹ ਸ਼ਬਦ ਉਚਾਰਨ ਕੀਤਾ।

**ਸਿਰੀਰਾਗੁ ਮਹਲਾ ੧ ॥**
**ਰਾਮ ਨਾਮਿ ਮਨੁ ਬੇਧਿਆ**
**ਅਵਰੁ ਕਿ ਕਰੀ ਵੀਚਾਰੁ ॥**

ਹੇ ਭਾਈ ਰਾਮ=ਜੋ ਸਾਰਿਆਂ ਵਿਚ ਰਮਿਆ ਹੋਇਆ ਹੈ, ਉਸ ਪਰਮੇਸ਼ਰ ਦੇ ਨਾਮ ਵਿਚ ਜਿਸ ਦਾ ਮਨ ਬੇਧਿਆ=ਵਿੰਨ੍ਹਿਆ ਗਿਆ ਹੈ, ਉਨਹਾਂ ਦੀ ਬਾਬਤ ਅਵਰੁ=ਹੋਰ ਕਿ=ਕਿਹੜੀ ਵੀਚਾਰ ਕਰੀ=ਕਰੀਏ। ਉਨ੍ਹਾਂ ਨੇ ਧੂਣੀਆਂ ਤਪਾਉਣੀਆਂ, ਜਲਧਾਰੇ ਕਰਨੇ, ਪੁੱਠੇ ਲਮਕਣਾ ਐਸੇ ਸਾਧਨਾਂ ਨੂੰ ਛੱਡ ਕੇ ਸਤਿਗੁਰੂ ਪਾਸੋਂ ਸਾਰਿਆਂ ਤੋਂ ਸ਼ਿਰੋਮਣੀ ਅੰਮ੍ਰਿਤ ਨਾਮ, ਜੋ ਸਾਰਿਆਂ ਤੋਂ ਵੱਡੀ ਦਾਤ ਹੈ, ਉਹ ਪ੍ਰਾਪਤ ਕਰਨਾ ਕੀਤੀ ਹੈ। ਇਸ ਕਰਕੇ ਉਨ੍ਹਾਂ ਦੀ ਬਾਬਤ ਹੋਰ ਕੀ ਵਿਚਾਰ ਕਰਨਾ ਕਰੀਏ?

**ਸਬਦ ਸੁਰਤਿ ਸੁਖੁ ਊਪਜੈ**
**ਪ੍ਰਭ ਰਾਤਉ ਸੁਖ ਸਾਰੁ ॥**

ਜਿਨ੍ਹਾਂ ਦੀ ਸੁਰਤਿ=ਵਿਚ ਦੀ ਬਿਰਤੀ ਸ਼ਬਦ ਵਿਚ ਲਗ ਗਈ ਹੈ, ਉਨ੍ਹਾਂ ਦੇ ਹਿਰਦੇ ਵਿਚ ਆਤਮਾ ਅਨੰਦ ਰੂਪ ਸੁਖ ਊਪਜੈ=ਪ੍ਰਗਟ ਹੋ ਜਾਂਦਾ ਹੈ। ਜੋ ਪ੍ਰਭ=ਅਕਾਲਪੁਰਖ ਦੇ ਵਿਚ ਰਾਤਉ=ਰੰਗੇ ਹਨ, ਉਨ੍ਹਾਂ ਨੂੰ ਸਾਰੇ=ਅਸਲੀ ਬ੍ਰਹਮ ਰੂਪ ਸੁਖ ਪ੍ਰਾਪਤ ਹੋਇਆ ਹੈ।

**ਜਿਉ ਭਾਵੈ ਤਿਉ ਰਾਖੁ ਤੂੰ**
**ਮੈ ਹਰਿ ਨਾਮੁ ਅਧਾਰੁ ॥ ੧ ॥**

ਐਸੇ ਭਾਣੇ ਵਿਚ ਅਤੇ ਦੁਖ-ਸੁਖ ਵਿਚ ਇਕੋ ਜਿਹੀ ਬਿਰਤੀ ਵਾਲੇ ਜੀਵ ਪ੍ਰਭੂ ਅੱਗੇ ਇਸ ਤਰ੍ਹਾਂ ਅਰਦਾਸ ਕਰਦੇ ਹਨ ਕਿ ਜਿਉ=ਜਿਸ ਤਰ੍ਹਾਂ ਤੈਨੂੰ ਭਾਵੈ=ਭਾਉਂਦਾ ਹੈ, ਤਿਉ=ਉਸੇ ਤਰ੍ਹਾਂ ਸਾਨੂੰ ਤੂੰ ਰਾਖੁ=ਰੱਖਣਾ ਕਰ, ਕਿਉਂਕਿ ਸਾਨੂੰ ਹਰਿ=ਪ੍ਰਭੂ ਜੀ ਆਪ ਦੇ ਨਾਮ ਦਾ ਹੀ ਅਧਾਰੁ=ਆਸਰਾ ਹੈ।

**ਮਨ ਰੇ ਸਾਚੀ ਖਸਮ ਰਜਾਇ ॥**

ਰੇ=ਹੇ ਮਨਾਂ! ਖਸਮ=ਪਰਮੇਸ਼ਰ ਵਾਹਿਗੁਰੂ ਦੀ ਸਿਫ਼ਤ ਕਰਨੀ, ਕੀਰਤਨ ਭਗਤੀ ਕਰਨੀ, ਇਹੋ ਹੀ ਰਜਾਇ=ਆਗਿਆ ਮੰਨ ਲੈਣੀ, ਸਾਚੀ=ਸੱਚੀ ਭਗਤੀ ਹੈ ਵਾ: ਇਸ ਕਰਕੇ ਹੇ ਮਨਾਂ! ਨਿਸਚੇ ਕਰ ਲੈ ਖਸਮ=ਅਕਾਲ ਪੁਰਖ ਦੀ ਜਿਹੜੀ ਰਜਾਇ=ਆਗਿਆ ਮੰਨਣੀ ਹੈ, ਇਹੋ ਹੀ ਸਾਚੀ=ਸੱਚੀ ਹੈ।

**ਜਿਨਿ ਤਨੁ ਮਨੁ ਸਾਜਿ ਸੀਗਾਰਿਆ**
**ਤਿਸੁ ਸੇਤੀ ਲਿਵ ਲਾਇ ॥ ੧ ॥ ਰਹਾਉ ॥**

ਜਿਨਿ=ਜਿਸ ਵਾਹਿਗੁਰੂ ਨੇ ਤਨੁ=ਅਸਥੂਲ ਸਰੀਰ ਤੇ ਮਨੁ=ਸੂਖਮ ਸਰੀਰ ਸਾਜਿ=ਬਣਾ ਕੇ ਸਤਾਰਾਂ ਤੱਤਾਂ ਦੀ ਬਣਤਰ ਨਾਲ ਬਣਾਇਆ ਹੈ ਅਤੇ ਤਨੁ=ਸਰੀਰ ਪੰਜ ਤੱਤ ਅਤੇ ਪੱਚੀ ਪ੍ਰਕਿਰਤੀਆਂ ਦਾ ਬਣਾ ਕੇ ਤਨ ਵਿਚ ਸੂਖਮ ਸਰੀਰ ਸਾਜਿਆ ਅਤੇ ਇਸ ਵਿਚ ਕਾਰਨ ਸਰੀਰ ਜਿਸ ਵਿਚ ਕੇਵਲ ਅਵਿਦਿਆ ਦਾ ਪੜਦਾ ਹੈ ਅਥਵਾ ਕਾਰਨ ਸਰੀਰ ਤੋਂ ਸਤਾਰਾਂ ਤੱਤਾਂ ਵਾਲਾ ਸੂਖਮ ਸਰੀਰ ਅਤੇ ਇਸ ਤੋਂ 5 ਤੱਤ, 25 ਪ੍ਰਕਿਰਤੀਆਂ ਵਾਲਾ ਸਥੂਲ ਸਰੀਰ ਸਾਜਿ=ਬਣਾ ਕੇ ਸੀਗਾਰਿਆ=ਸੁਹੱਪਣ ਦੇਣਾ ਕੀਤਾ ਹੈ ਭਾਵ ਨੱਕ, ਕੰਨ, ਮੂੰਹ, ਅੱਖਾਂ ਆਦਿ ਯੋਗ ਥਾਂ 'ਤੇ ਲਗਾ ਕੇ ਮਾਨੋ ਦੇਹ ਨੂੰ ਇੰਦਰਿਆਂ ਰੂਪ ਗਹਿਣਿਆਂ ਨਾਲ ਸੀਗਾਰਿਆ=ਸ਼ਿੰਗਾਰਨਾ ਕੀਤਾ ਹੈ। ਤਿਸੁ=ਉਸ ਵਾਹਿਗੁਰੂ ਸੇਤੀ=ਨਾਲ ਲਿਵ=ਬਿਰਤੀ ਨੂੰ ਲਾਇ=ਲਾਉਣਾ ਕਰ।

**ਤਨੁ ਬੈਸੰਤਰਿ ਹੋਮੀਐ**
**ਇਕ ਰਤੀ ਤੋਲਿ ਕਟਾਇ ॥**

ਪਰਮੇਸ਼ਰ ਦੇ ਨਾਮ ਤੋਂ ਬਗ਼ੈਰ ਭਾਵੇਂ ਇਕ ਰੱਤੀ-ਰੱਤੀ ਦੇ ਤੋਲਿ=ਵਜ਼ਨ ਦਾ ਕਟਾਇ=ਕਟਾ ਕਰਕੇ ਤਨੁ=ਸਰੀਰ ਨੂੰ ਬੈਸੰਤਰਿ=ਅੱਗ ਵਿਚ ਹੋਮੀਐ=ਹੋਮ ਕਰ ਦੇਣਾ ਕਰੈ। ਜਿਸ ਤਰ੍ਹਾਂ ਅੱਗ ਦੇ ਉਪਰ ਘੀ ਪਾ ਕੇ ਹਵਨ ਕਰਦੇ ਹਨ, ਜਿਸ ਨੂੰ ਕਰਨ ਨਾਲ ਦੇਵਤਾ ਪ੍ਰਸੰਨ ਹੁੰਦਾ ਹੈ। ਗੁਰਮਤਿ ਵਿਚ ਇਸ ਦਾ ਖੰਡਨ ਹੈ। ਅਗਰ ਕੋਈ ਪਰਮਾਤਮਾ ਦਾ ਸਿਮਰਨ ਛੱਡ ਕੇ ਐਸਾ ਕਰਮ-ਕਾਂਡ ਕਰਨਾ ਕਰੇ ਕਿ ਘੀ ਦੀ ਥਾਂ 'ਤੇ ਸਰੀਰ ਦਾ ਹੋਮ ਕਰ ਦੇਵੇ। ਇਸੇ ਤਰ੍ਹਾਂ ਇਸੇ ਕਰਮ-ਕਾਂਡ ਦੀ ਲੜੀ ਵਿਚ ਇਕ ਹੋਰ ਕਰਮ ਦਸਣਾ ਕਰਦੇ ਹਨ।

**ਤਨੁ ਮਨੁ ਸਮਧਾ ਜੇ ਕਰੀ**
**ਅਨਦਿਨੁ ਅਗਨਿ ਜਲਾਇ ॥**

ਤਨ ਤੇ ਮਨ ਨੂੰ ਸਮਧਾ=ਲੱਕੜਾਂ ਦੀ ਨਿਆਈ ਬਣਾ ਲੈਣਾ ਕਰੇ ਅਥਵਾ ਤਨ ਨੂੰ ਧੂਣੀਆਂ ਦੇ ਨਾਲ ਤਪਾ ਲੈਣਾ ਕਰੇ ਅਤੇ ਮਨ ਨੂੰ ਵਰਤ ਆਦਿ ਨਾਲ ਭੁੱਖਾ ਤਿਹਾਇਆ ਰੱਖ ਕੇ ਇਸ ਪ੍ਰਕਾਰ ਦੀ ਅਗਨੀ ਨਾਲ ਅਨਦਿਨੁ=ਰਾਤ ਦਿਨ ਇਉਂ ਤਨ ਮਨ ਨੂੰ ਲੱਕੜਾਂ ਦੀ ਨਿਆਈਂ ਸਾੜ ਲਵੇ, ਜਿਸ ਤਰ੍ਹਾਂ ਧੂਣੀਆਂ ਤਾਪਣ ਵਾਲੇ ਜੇਠ ਹਾੜ ਦੇ ਮਹੀਨੇ ਹਠ ਕਰਕੇ ਤਨ ਨੂੰ ਸਾੜਦੇ ਹਨ, ਪਰੰਤੂ ਉਪਰੋਕਤ ਹਠ ਯੋਗ ਦੇ ਪਾਖੰਡ ਰੂਪ ਸਾਧਨ ਹਨ।

**ਹਰਿ ਨਾਮੈ ਤੁਲਿ ਨ ਪੁਜਈ**
**ਜੇ ਲਖ ਕੋਟੀ ਕਰਮ ਕਮਾਇ ॥ ੨ ॥**

ਨਾਮ ਜਪਣ ਵਾਲੇ ਸਤਿਪੁਰਸ਼ਾਂ ਦੇ ਤੁਲਿ=ਬਰਾਬਰ ਨ ਪੁਜਈ=ਪੁੱਜ ਨਹੀਂ ਸਕਦਾ, ਕਿਉਂਕਿ ਨਾਮ ਸਾਰਿਆਂ ਸਾਧਨਾਂ ਦਾ ਸ਼ਿਰੋਮਣੀ ਹੈ। ਇਹ ਤਾਂ ਦੋ-ਚਾਰ ਸਾਧਨ ਹੀ ਦੱਸੇ ਹਨ, ਇਹੋ ਜਿਹੇ ਜੇ ਲਖ=ਲੱਖਾਂ ਕੋਟੀ=ਕਰੋੜਾਂ ਕਰਮ ਭੀ ਕਮਾਉਣ ਵਾਲਾ ਹੋਵੇ ਤਾਂ ਭੀ ਨਾਮ ਜਪਣ ਵਾਲੇ ਦੇ ਬਰਾਬਰ ਨਹੀਂ ਹੋ ਸਕਦਾ।

**ਅਰਧ ਸਰੀਰੁ ਕਟਾਈਐ**
**ਸਿਰਿ ਕਰਵਤੁ ਧਰਾਇ ॥**

ਜੇਕਰ ਕਾਂਸੀ ਵਿਚੋਂ ਸਿਰ 'ਤੇ ਕਰਵਤੁ=ਆਰਾ ਧਰਾ ਕੇ ਅਰਧ=ਅੱਧਾ ਸਰੀਰੁ=ਤਨ ਕਟਾਈਐ=ਚਰਵਾ ਲਵੇ।

**ਤਨੁ ਹੈਮੰਚਲਿ ਗਾਲੀਐ**
**ਭੀ ਮਨ ਤੇ ਰੋਗੁ ਨ ਜਾਇ ॥**

ਜੇਕਰ ਤਨੁ=ਸਰੀਰ ਨੂੰ ਹੈਮੰਚਲਿ=ਹਿਮਾਲਿਆ ਭਾਵ ਬਰਫ਼ ਦੇ ਪਹਾੜਾਂ ਵਿਚ ਗਾਲੀਐ=ਗਾਲ ਲੈਣਾ ਕਰੀਏ, ਜਿਸ ਪ੍ਰਕਾਰ ਪੰਜੇ ਪਾਂਡਵ ਬਰਫ਼ ਦੇ ਪਹਾੜਾਂ ਵਿਚ ਰਹੇ, ਇਸ ਤਰ੍ਹਾਂ ਕਰਨ ਦੇ ਨਾਲ ਫੇਰ ਭੀ=ਵੀ ਮਨ ਤੇ=ਤੋਂ ਹਉਮੈ ਆਦਿ ਦੇ ਰੋਗ ਨ ਜਾਇ=ਨਹੀਂ ਜਾਂਦੇ। ਐਸੇ ਰੋਗਾਂ ਦੇ ਸਹਿਤ ਹੋ ਕੇ ਵਾਰ-ਵਾਰ ਜਨਮ ਧਾਰਨਾ ਅਤੇ ਵਾਰ-ਵਾਰ ਮਰਨਾ ਪੈਂਦਾ ਹੈ।

**ਹਰਿ ਨਾਮੈ ਤੁਲਿ ਨ ਪੁਜਈ**
**ਸਭ ਡਿਠੀ ਠੋਕਿ ਵਜਾਇ ॥ ੩ ॥**

ਹਰਿ=ਪਰਮੇਸ਼ਰ ਦੇ ਨਾਮੈ=ਨਾਮ ਦੇ ਤੁਲਿ=ਬਰਾਬਰ ਕੋਈ ਵੀ ਸਾਧਨ ਨ ਪੁਜਈ=ਪੁੱਜ ਨਹੀਂ ਸਕਦਾ। ਬਾਕੀ ਸਭ=ਸਾਰੇ ਸਾਧਨ ਇਸ ਤਰ੍ਹਾਂ ਠੋਕਿ=ਅਜ਼ਮਾਇਸ਼ ਭਾਵ ਪਰਖ ਕੇ ਡਿਠੀ=ਦੇਖੇ ਹਨ। ਜਿਸ ਤਰ੍ਹਾਂ ਘੜੇ ਨੂੰ ਠੋਕਰ ਨਾਲ ਵਜਾਇ=ਵਜਾ ਵਜਾ ਕੇ ਭਾਵ ਠੋਲੇ ਮਾਰ ਕੇ ਦੇਖਣਾ ਕਰੀਦਾ ਹੈ ਕਿ ਘੜਾ ਤਿੜਕਿਆ ਤਾਂ ਨਹੀਂ ਹੋਇਆ, ਇਸ ਤਰ੍ਹਾਂ ਸਾਰੀ ਸ੍ਰਿਸ਼ਟੀ ਵਜਾ-ਵਜਾ ਕੇ ਅਜ਼ਮਾਇਸ਼ ਕਰਕੇ ਵੇਖਣੀ ਕੀਤੀ ਹੈ।

**ਕੰਚਨ ਕੇ ਕੋਟ ਦਤੁ ਕਰੀ**
**ਬਹੁ ਹੈਵਰ ਗੈਵਰ ਦਾਨੁ ॥**

ਭਾਵੇਂ ਕੰਚਨ=ਸੋਨੇ ਦੇ ਕੋਟ=ਕ੍ਰੋੜਾਂ ਮੋਹਰਾਂ ਦਤੁ=ਦਾਨ ਕਰੀ=ਕਰੇ ਅਥਵਾ ਕੰਚਨ=ਸੋਨੇ ਦੇ ਕੋਟ=ਕਿਲ੍ਹੇ ਬਣਾ ਕੇ ਦਾਨ ਕਰੇ। ਬਹੁ=ਬਹੁਤ ਸਾਰੇ ਹੈ=ਘੋੜੇ ਵਰ=ਸ੍ਰੇਸ਼ਟ ਦਰਿਆਈ ਘੋੜੇ, ਗੈ=ਹਾਥੀ ਵਰ=ਸ੍ਰੇਸ਼ਟ ਐਰਾਵਤ ਹਾਥੀ ਆਦਿ ਇਹਨਾਂ ਸਾਰਿਆਂ ਨੂੰ ਦਾਨ ਕਰੇ।

**ਭੂਮਿ ਦਾਨੁ ਗਊਆ ਘਣੀ**
**ਭੀ ਅੰਤਰਿ ਗਰਬੁ ਗੁਮਾਨੁ ॥**

ਭੂਮਿ=ਜ਼ਮੀਨ ਧਰਤੀ ਦਾ ਦਾਨ ਭੀ ਕਰ ਦੇਵੇ ਤੇ ਘਣੀ=ਬਹੁਤੀਆਂ ਗਊਆਂ ਦਾ ਦਾਨ ਕਰ ਦੇਵੇ, ਤਦ ਭੀ=ਵੀ ਗੁਮਾਨੁ=ਹੰਕਾਰੀ ਪੁਰਖ ਦੇ ਹਿਰਦੇ ਅੰਤਰਿ=ਅੰਦਰ ਗਰਬੁ=ਹੰਕਾਰ ਰਹਿੰਦਾ ਹੈ ਕਿ ਮੈਂ ਦਾਨ ਕੀਤਾ ਹੈ, ਗਰਬੁ ਤੇ ਗੁਮਾਨੁ ਦੋ ਪਦ ਹਨ। ਇਕ ਭੂਮ ਦਾਨ 'ਤੇ ਲਾਉਣਾ ਕਿ ਜ਼ਮੀਨਾਂ ਦਾਨ ਕਰਕੇ ਗਰਬ ਕਰਦਾ ਹੈ। ਦੂਸਰਾ ਗਊਆਂ ਦਾਨ ਕਰਕੇ ਗੁਮਾਨ ਕਰਦਾ ਹੈ ਭਾਵ ਹੰਕਾਰ ਕਰਦਾ ਹੈ ਕਿ ਮੈਂ ਦਾਨ ਕੀਤਾ ਹੈ।

**ਰਾਮ ਨਾਮਿ ਮਨੁ ਬੇਧਿਆ**
**ਗੁਰਿ ਦੀਆ ਸਚੁ ਦਾਨੁ ॥ ੪ ॥**

ਜਿਨ੍ਹਾਂ ਦਾ ਮਨ ਰਾਮ=ਪਰਮੇਸ਼ਰ ਦੇ ਨਾਮ ਵਿਚ ਬੇਧਿਆ=ਵਿੰਨ੍ਹਿਆ ਗਿਆ ਹੈ, ਉਹਨਾਂ ਦੇ ਅੰਦਰੋਂ ਹੰਕਾਰ ਤੋੜ ਦਿਤਾ ਹੈ। ਇਹ ਸਤਿਗੁਰੂ ਜੀ ਨੇ ਸੱਚੇ ਨਾਮ ਦਾ ਦਾਨ ਦੀਆ=ਦਿਤਾ ਹੈ, ਉਹ ਭਾਗਾਂ ਵਾਲੇ ਹਨ ਜਿਨ੍ਹਾਂ ਨੂੰ ਸੱਚੇ ਨਾਮ ਦਾ ਦਾਨ ਪ੍ਰਾਪਤ ਹੋਇਆ ਹੈ।

**ਮਨਹਠ ਬੁਧੀ ਕੇਤੀਆ**
**ਕੇਤੇ ਬੇਦ ਬੀਚਾਰ ॥**

ਹੋਰ ਮਨ ਦੇ ਹਠ ਕਰਕੇ ਕੇਤੀਆਂ=ਕਿਤਨੀਆਂ ਹੀ ਬੁੱਧੀ=ਅਕਲਾਂ ਲੋਕ ਵਰਤਦੇ ਹਨ, ਕੇਤੇ=ਕਿਤਨੇ ਹੀ ਲੋਕ ਵੇਦ ਪੜ੍ਹ ਕੇ ਕਰਮ ਉਪਾਸਨਾ ਗਿਆਨ ਦੀ ਵੀਚਾਰ ਕਰਦੇ ਹਨ।

**ਕੇਤੇ ਬੰਧਨ ਜੀਅ ਕੇ**
**ਗੁਰਮੁਖਿ ਮੋਖ ਦੁਆਰ ॥**

ਕੇਤੇ=ਕਿਤਨੇ ਹੀ ਜੀਅ=ਜੀਵਾਂ ਕੇ=ਦੇ ਅਗਿਆਨ ਕਰਕੇ ਹੰਗਤਾ ਦੇ ਬੰਧਨ ਪਏ ਹੋਏ ਹਨ ਕਿ ਮੈਂ ਕਰਤਾ ਹਾਂ, ਭੋਗਤਾ ਹਾਂ, ਪਰੰਤੂ ਜਿਹੜੇ ਗੁਰਮੁਖ ਹਨ ਉਹ ਸੰਸਾਰ ਰੂਪੀ ਦੁਆਰ=ਦਰਵਾਜ਼ੇ ਤੋਂ ਮੋਖ=ਮੁਕਤ ਹਨ ਵਾ: ਗੁਰਮੁਖਾਂ ਨੂ ਗੁਰਾਂ ਦੁਆਰਾ ਮੁਕਤੀ ਦਾ ਦੁਆਰਾ ਗਿਆਨ ਪ੍ਰਾਪਤ ਹੋਇਆ ਹੈ।

**ਸਚਹੁ ਓਰੈ ਸਭੁ ਕੋ**
**ਉਪਰਿ ਸਚੁ ਆਚਾਰੁ ॥ ੫ ॥**

ਹੇ ਭਾਈ! ਸੱਚ ਨਾਮ ਤੋਂ ਸਭ ਕੁਝ ਓਰੈ=ਉਰ੍ਹੇ ਹੀ ਹੈ, ਭਾਵ ਸਭ ਸਾਧਨ ਨਾਮ ਤੋਂ ਨੀਵੇਂ ਹਨ, ਸਤਿਨਾਮ ਸਰੂਪ ਲੱਖਣ ਦੇ ਬਰਾਬਰ ਨਹੀਂ ਹੋ ਸਕਦੇ। ਸਾਰਿਆਂ ਦੇ ਉਪਰ ਸੱਚੇ ਨਾਮ ਦਾ ਆਚਾਰੁ=ਕਰਤੱਵ ਹੈ।

**ਸਭੁ ਕੋ ਊਚਾ ਆਖੀਐ
ਨੀਚੁ ਨ ਦੀਸੈ ਕੋਇ ॥**

ਹੰਕਾਰ ਛੱਡ ਕੇ ਆਪਣੇ ਆਪ ਤੋਂ ਸਾਰਿਆਂ ਨੂੰ ਉੱਚਾ ਆਖੀਐ=ਕਹੀਏ, ਇਉਂ ਮਨ ਵਿਚ ਗਰੀਬੀ ਆ ਜਾਂਦੀ ਹੈ ਭਾਵ ਨਿਮਰਤਾ ਆ ਜਾਂਦੀ ਹੈ। ਗੁਰਮੁਖ ਆਪ ਨੀਵੇਂ ਬਣਦੇ ਹਨ ਤੇ ਉਹਨਾਂ ਦੀ ਨਿਗ੍ਹਾ ਵਿਚ ਆਪ ਤੋਂ ਨੀਚੁ=ਨੀਵਾਂ ਕੋਇ=ਕੋਈ ਨਹੀਂ ਦੀਸੈ=ਦਿਸਦਾ, ਸਾਰਿਆਂ ਵਿਚ ਪਰਮਾਤਮਾ ਦੀ ਜੋਤ ਹੋਣ ਕਰਕੇ ਉੱਚੇ ਹੀ ਦਿਖਦੇ ਹਨ।

**ਇਕਨੈ ਭਾਂਡੇ ਸਾਜਿਐ
ਇਕੁ ਚਾਨਣੁ ਤਿਹੁ ਲੋਇ ॥**

ਇਕ ਵਾਹਿਗੁਰੂ ਨੇ ਪੰਜਾਂ ਤੱਤਾਂ ਦੇ ਸਰੀਰ ਰੂਪੀ ਭਾਂਡੇ ਸਾਜਿਐ=ਬਣਾਉਣਾ ਕੀਤੇ ਹਨ ਅਥਵਾ ਕਾਰਨ, ਸੂਖਮ, ਸਥੂਲ, ਤਿੰਨ ਪ੍ਰਕਾਰ ਦੇ ਭਾਂਡੇ ਬਣਾਉਣਾ ਕੀਤੇ ਹਨ। ਇਕ ਗਿਆਨਵਾਨ ਨੂੰ ਤਿੰਨਾਂ ਲੋਕਾਂ ਦਾ ਚਾਨਣੁ=ਗਿਆਨ ਬਖਸ਼ਿਸ਼ ਕੀਤਾ ਹੈ। ਸਰੀਰ ਰੂਪੀ ਭਾਂਡੇ ਤਾਂ ਸਭਨਾਂ ਦੇ ਹੀ ਵਾਹਿਗੁਰੂ ਨੇ ਸਾਜੇ ਹਨ, ਪਰ ਤਿੰਨਾਂ ਲੋਕਾਂ ਵਿਚ ਚਾਨਣ ਦੇਣ ਵਾਲਾ ਗਿਆਨ ਦਾ ਪ੍ਰਕਾਸ਼ ਕਿਸੇ ਇਕ ਅੱਧੇ ਨੂੰ ਹੀ ਦਿਤਾ ਹੈ ਅਥਵਾ ਜਾਗਰਤ, ਸੁਪਨ, ਸੁਖੋਪਤ ਦਾ ਸਾਖੀ ਰੂਪ ਆਪ ਹੈ। ਸਵਰਗ ਲੋਕ, ਮਾਤ ਲੋਕ, ਪਾਤਾਲ ਲੋਕ ਤਿੰਨ ਤਿੰਨ ਲੋਇ=ਲੋਕਾਂ ਵਿਚ ਚਾਨਣਾ ਕਰਨ ਵਾਲਾ ਵੀ ਇਕ ਆਪ ਹੈ। ਤਿਹੁ=ਤਿੰਨ ਪ੍ਰਕਾਰ ਦੇ ਲੋਇ=ਲੋਕ ਰਾਜਸੀ, ਤਾਮਸੀ, ਸਾਤਕੀ ਵਿਚ ਇਕ ਆਪ ਦਾ ਹੀ ਚਾਨਣੁ=ਪ੍ਰਕਾਸ਼ ਹੈ।

**ਕਰਮਿ ਮਿਲੈ ਸਚੁ ਪਾਈਐ
ਧੁਰਿ ਬਖਸ ਨ ਮੇਟੈ ਕੋਇ ॥ ੬ ॥**

ਜੇ ਚੰਗੇ ਕਰਮ ਕੀਤੇ ਹੋਣ ਤਾਂ ਸਚੁ=ਸੱਚ ਸਰੂਪ ਪਰਮੇਸ਼ਰ ਦਾ ਨਾਮ ਗੁਰੂ ਤੋਂ ਹੀ ਪਾਈਐ=ਪ੍ਰਾਪਤ ਹੁੰਦਾ ਹੈ। ਧੁਰਿ=ਆਦਿ ਤੋਂ ਵਾ: ਆਦਿ ਰੂਪ ਪਰਮੇਸ਼ਰ ਦਾ ਗੁਰੂ ਸਾਹਿਬ ਜੀ ਸਰੂਪ ਹਨ ਜਿਸ ਨੂੰ ਬਖਸ਼=ਬਖਸ਼ੀਸ਼ ਦੇ ਦੇਣ, ਉਸ ਬਖਸ਼ਿਸ਼ ਨੂੰ ਕੋਇ=ਕੋਈ ਮੇਟੈ=ਮਿਟਾ ਨ=ਨਹੀਂ ਸਕਦਾ ਭਾਵ ਨਾਸ਼ ਨਹੀਂ ਕਰ ਸਕਦਾ।

**ਸਾਧੁ ਮਿਲੈ ਸਾਧੂ ਜਨੈ
ਸੰਤੋਖੁ ਵਸੈ ਗੁਰ ਭਾਇ ॥**

ਸਾਧੁ=ਸਾਧਨਾ ਕਰਨ ਵਾਲਾ ਜਗਿਆਸੂ ਜੇ ਸਾਧੂ=ਤੱਤ ਬੇਤੇ ਮਹਾਤਮਾ ਜਨਾਂ ਦੇ ਨਾਲ ਮਿਲ ਜਾਵੇ, ਉਸ ਦੇ ਅੰਦਰ ਸੰਤੋਖ ਆਦਿ ਸਾਰੇ ਗੁਣ ਆ ਕਰਕੇ ਵਸ ਜਾਂਦੇ ਹਨ ਤੇ ਗੁਣਾਂ ਕਰਕੇ ਸਤਿਗੁਰਾਂ ਨੂੰ ਭਾਇ=ਭਾ ਜਾਂਦਾ ਭਾਵ ਚੰਗਾ ਲਗਦਾ ਹੈ ਵਾ: ਜੇ ਸਿੱਖ ਗੁਰੂ ਸਾਹਿਬ ਜੀ ਨੂੰ ਭਾਇ=ਭਾਅ ਜਾਵੇ ਤਾਂ ਉਹਦੇ ਅੰਦਰ ਤ੍ਰਿਸ਼ਨਾ ਆਦਿ ਦੀ ਭੁੱਖ ਮਿਟ ਜਾਂਦੀ ਹੈ

**ਅਕਥ ਕਥਾ ਵੀਚਾਰੀਐ
ਜੇ ਸਤਿਗੁਰ ਮਾਹਿ ਸਮਾਇ ॥**

ਜੇ=ਜੇਕਰ ਗੁਰੂ ਸਾਹਿਬ ਜੀ ਦੀ ਆਗਿਆ ਵਾ: ਧਿਆਨ ਤੇ ਪਿਆਰ ਮਾਹਿ=ਵਿਚ ਜਗਿਆਸੂ ਸਮਾਇ=ਸਮਾਅ ਜਾਵੇ ਤਾਂ ਬ੍ਰਹਮ ਦੀ ਅਕਥ=ਕਥਨ ਤੋਂ ਰਹਿਤ ਸਰੂਪ ਲੱਖਣਾ ਵਾਲੀ ਕਥਾ ਦੀ ਲੱਖਣਾ ਬਿਰਤੀ ਦੁਆਰਾ ਵੀਚਾਰੀਐ=ਵੀਚਾਰ ਪ੍ਰਾਪਤ ਹੁੰਦੀ ਹੈ।

**ਪੀ ਅੰਮ੍ਰਿਤੁ ਸੰਤੋਖਿਆ
ਦਰਗਹਿ ਪੈਧਾ ਜਾਇ ॥ ੭ ॥**

ਜੋ ਪੁਰਖ ਅੰਮ੍ਰਿਤ ਨਾਮ ਨੂੰ ਪੀ ਕੇ ਸੰਤੋਖਿਆ=ਸੰਤੁਸ਼ਟ ਹੋ ਜਾਂਦਾ ਹੈ, ਭਾਵ ਜਿਸ ਦੀ ਰਸਾਂ ਕਸਾਂ ਦੀ ਤ੍ਰਿਸ਼ਨਾ ਮਿਟ ਜਾਂਦੀ ਹੈ। ਉਹ ਫੇਰ ਸੱਚੀ ਦਰਗਾਹ ਵਿਚ ਜਸ ਰੂਪੀ ਪੁਸ਼ਾਕ ਪੈਧਾ=ਪਹਿਨ ਕੇ ਜਾਇ=ਜਾਂਦਾ ਹੈ ਵਾ: ਉਸ ਨੂੰ ਭਗਤੀ ਰੂਪ ਸਿਰੋਪਾਉ ਪਹਿਨਾਇਆ ਜਾਂਦਾ ਹੈ।

**ਘਟਿ ਘਟਿ ਵਾਜੈ ਕਿੰਗੁਰੀ
ਅਨਦਿਨੁ ਸਬਦਿ ਸੁਭਾਇ ॥**

ਉਸ ਗੁਰਮੁਖ ਦੀ ਐਸੀ ਦ੍ਰਿਸ਼ਟੀ ਖੁਲ੍ਹ ਜਾਂਦੀ ਹੈ ਕਿ ਚਾਰੇ ਖਾਣੀਆਂ ਦੇ ਘਟਿ-ਘਟਿ=ਘਟਾਂ-ਘਟਾਂ ਵਿਚ ਉਸ ਪਰਮੇਸ਼ਰ ਦੀ ਚੇਤਨ ਸੱਤਾ ਰੂਪੀ ਕਿੰਗੁਰੀ=ਬੀਣਾ ਵਾਜੈ=ਵੱਜ ਰਹੀ ਪ੍ਰਤੀਤ ਹੁੰਦੀ ਹੈ ਵਾ: ਅਨਹਦ ਸ਼ਬਦ ਰੂਪੀ ਬੀਣਾ ਵਜਦੀ ਹੈ ਵਾ: ਜਿਹੜੀ ਚੇਤਨ ਸੱਤਾ ਰੂਪ ਘਟਿ ਘਟਿ=ਸਰੀਰਾਂ ਸਰੀਰਾਂ ਵਿਚ ਕਿੰਗੁਰੀ ਵੱਜ ਰਹੀ ਹੈ, ਉਹ ਅਜਪਾ ਜਾਪ ਰੂਪ ਹੋ ਕਰਕੇ ਵਾਜੈ=ਪ੍ਰਗਟ ਹੋ ਜਾਂਦੀ ਹੈ, ਜੋ ਅਨਦਿਨੁ=ਰਾਤ ਦਿਨੇ ਸੁਭਾਇ=ਸੁਭਾਵਿਕ ਹੀ ਸ਼ਬਦ ਦੀ ਕਮਾਈ ਕਰਦਾ ਹੈ ਵਾ: ਰਾਤ ਦਿਨੇ ਗੁਰਾਂ ਦੇ ਸਬਦਿ=ਉਪਦੇਸ਼ ਵਿਚ ਸੁਭਾਇ (ਸੁ+ਭਾਇ) ਸੁ=ਸ੍ਰੇਸ਼ਟ ਭਾਇ=ਪ੍ਰੇਮ ਕਰਦਾ ਹੈ।

**ਵਿਰਲੇ ਕਉ ਸੋਝੀ ਪਈ
ਗੁਰਮੁਖਿ ਮਨੁ ਸਮਝਾਇ ॥**

ਪਰ ਕਿਸੇ ਵਿਰਲੇ ਨੂੰ ਹੀ ਇਸ ਪ੍ਰਕਾਰ ਦੀ ਸੋਝੀ=ਸੂਝ ਪਈ=ਪੈਂਦੀ ਹੈ, ਜਿਸ ਗੁਰਮੁਖ ਨੇ ਆਪਣਾ ਮਨ ਗੁਰੂ ਸਾਹਿਬ ਜੀ ਦੇ ਸ਼ਬਦ ਨਾਲ ਸਮਝਾਇ=ਸਮਝਾ ਲਿਆ ਹੈ।

**ਨਾਨਕ ਨਾਮੁ ਨ ਵੀਸਰੈ
ਛੂਟੈ ਸਬਦੁ ਕਮਾਇ ॥ ੮ ॥ ੧੪ ॥**

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਗੁਰਮੁਖ ਨੂੰ ਇਕ ਪਲ ਵੀ ਨਾਮ ਨਹੀਂ ਵੀਸਰੈ=ਭੁੱਲਦਾ, ਕਿਉਂਕਿ ਉਹ ਸ਼ਬਦ ਦੀ ਕਮਾਇ=ਕਮਾਈ ਕਰਕੇ ਛੂਟੈ=ਮੁਕਤ ਹੋ ਜਾਂਦਾ ਹੈ।

*'ਚਲਦਾ..........।''*

# ਸ੍ਰੀ ਗੁਰੂ ਹਰਿਕ੍ਰਿਸ਼ਨ ਜੀ

**(ਅਵਤਾਰ ਪੁਰਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ - 11 ਜੁਲਾਈ, 2023)**

*ਡਾ. ਸਰਬਜਿੰਦਰ ਸਿੰਘ*

*ਹਰਿ ਕ੍ਰਿਸ਼ਨ ਭਯੋ ਅਸ਼ਟਮ ਬਲਬੀਰਾ।*
*ਬਾਲ ਰੂਪ ਧਰਿਓ ਸਵਾਂਗ ਰਚਾਇ।*
*ਤਬ ਸਹਜੇ ਤਨ ਕੋ ਛੋਡਿ ਸਿਧਾਇ।*
*ਇਉ ਮੁਗ਼ਲ ਸੀਸ ਪਰੀ ਬਹੁ ਛਾਰਾ।*
*ਵੈ ਖੁਦ ਪਤ ਸੋ ਪਹੁਚੈ ਦਰਬਾਰਾ।*

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਸਿੱਖ ਧਰਮ ਦੇ ਅੱਠਵੇਂ ਗੁਰੂ ਪਾਤਸ਼ਾਹ ਹਨ। 1656 ਈਸਵੀ ਨੂੰ ਕੀਰਤਪੁਰ ਸਾਹਿਬ ਦੀ ਪਵਿੱਤਰ ਨਗਰੀ ਜੋ ਦਰਿਆਵਾਂ, ਜੰਗਲਾਂ ਅਤੇ ਪਹਾੜਾਂ ਦੇ ਅਨੋਖੇ ਸੰਗਮ ਦੀ ਧਰਤੀ ਹੈ ਵਿਖੇ, ਆਪ ਜੀ ਦਾ ਜਨਮ ਹੋਇਆ। ਆਪ ਜੀ ਦੇ ਪਿਤਾ ਗੁਰੂ ਹਰਿ ਰਾਇ ਜੀ ਸਨ ਜੋ ਬਾਬਾ ਗੁਰਦਿੱਤਾ ਜੀ ਦੇ ਬੇਟੇ ਅਤੇ ਸਿੱਖ ਧਰਮ ਦੇ ਸੱਤਵੇਂ ਗੁਰੂ ਸਾਹਿਬ ਸਨ। ਆਪ ਜੀ ਦੇ ਵੱਡੇ ਭਰਾ ਦਾ ਨਾਂ ਭਾਈ ਰਾਮ ਰਾਇ ਜੀ ਸੀ।

ਸੱਤਵੇਂ ਪਾਤਸ਼ਾਹ ਨੇ ਆਪਣੇ ਵੱਡੇ ਬੇਟੇ ਨੂੰ ਔਰੰਗਜ਼ੇਬ ਦੇ ਦਰਬਾਰ ਵਿਚ ਗੁਰੂ ਨਾਨਕ ਪਾਤਸ਼ਾਹ ਦੀ ਰੀਤ ਨੂੰ ਦੱਸਣ ਹਿਤ ਭੇਜਿਆ ਸੀ। ਇਹ ਉਸੇ ਤਰ੍ਹਾਂ ਦੀਆਂ ਨਿਰਖ ਪਰਖਾਂ ਦਾ ਹਿੱਸਾ ਹੀ ਸੀ ਜੋ ਗੁਰਗੱਦੀ ਦੇਣ ਤੋਂ ਪਹਿਲਾਂ ਕੀਤੀਆਂ ਜਾਂਦੀਆਂ ਸਨ ਅਤੇ ਇਸ ਦੀ ਸ਼ੁਰੂਆਤ ਗੁਰੂ ਨਾਨਕ ਜੋਤਿ ਵਲੋਂ ਹੀ ਕੀਤੀ ਹੋਈ ਸੀ। ਰਾਮ ਰਾਇ ਨਿਰਖਾਂ ਪੁਰਖਾਂ ਦੇ ਇਸ ਪ੍ਰਸੰਗ ਵਿਚ ਪੂਰੀ ਤਰ੍ਹਾਂ ਅਸਫ਼ਲ ਰਿਹਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਗੁਰੂ ਨਾਨਕ ਪਾਤਸ਼ਾਹ ਦਾ ਸ਼ਬਦ ਸਿਰਫ ਔਰੰਗਜ਼ੇਬ ਦੇ ਜਲੌਅ ਨੂੰ ਵੇਖ ਕੇ ਬਦਲਣ ਦੀ ਕੁਤਾਹੀ ਕਰ ਬੈਠਾ। ਉਹ ਇਹ ਭੁੱਲ ਗਿਆ ਸੀ ਕਿ ਸਿੱਖੀ ਦੇ ਘਰ ਵਿਚ ਡਰ ਅਤੇ ਦੁਨਿਆਵੀ ਸ਼ਾਨੋ ਸ਼ੌਕਤ ਲਈ ਕੋਈ ਥਾਂ ਹੀ ਨਹੀਂ ਹੈ। ਬਾਬੇ ਨਾਨਕ ਦੀਆਂ ਬਾਬਰ ਨੂੰ ਖਰੀਆਂ-ਖਰੀਆਂ ਸੁਨਾਉਣੀਆਂ, ਸ੍ਰੀ ਗੁਰੂ ਅਰਜਨ ਪਾਤਸ਼ਾਹ ਦੀ ਸ਼ਹਾਦਤ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਚੁੱਕੀ ਤਲਵਾਰ ਉਸ ਦੀ ਯਾਦ ਦਾ ਹਿੱਸਾ ਨਾ ਰਹੀ। ਇਸ ਗੱਲ ਦੀ ਖਬਰ ਜਦ ਗੁਰੂ ਦਰਬਾਰ ਵਿਚ ਪਹੁੰਚੀ ਤਾਂ ਸਦਾ-ਸਦਾ ਲਈ ਸਿੱਖ ਧਰਮ ਵਿਚੋਂ ਛੇਕਿਆ ਗਿਆ। ਗੁਰਗੱਦੀ ਬਾਲ ਹਰਿਕ੍ਰਿਸ਼ਨ ਜੀ ਨੂੰ 1661 ਈਸਵੀ ਨੂੰ ਸੌਂਪ ਗੁਰੂ ਪਾਤਸ਼ਾਹ ਜੋਤੀ ਜੋਤਿ ਸਮਾ ਗਏ।

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਗੁਰਗੱਦੀ ਧਾਰਨ ਵੇਲੇ ਬੇਸ਼ਕ ਬਾਲ ਉਮਰ ਸਨ, ਪਰ ਜਦੋਂ ਗੁਰੂ ਜੋਤਿ ਦਾ ਪ੍ਰਕਾਸ਼ ਹਿਰਦੇ ਵਿਚ ਹੋ ਜਾਵੇ ਤਾਂ ਬਾਲ ਉਮਰ ਜਾਂ ਪ੍ਰੋਢ ਉਮਰ ਦਾ ਪ੍ਰਸ਼ਨ ਹੀ ਖਤਮ ਹੋ ਜਾਂਦਾ ਹੈ। ਇਸ ਲਈ ਜਦ ਨਾਨਕ ਜੋਤਿ ਦਾ ਪ੍ਰਕਾਸ਼ ਬਾਲ ਹਰਿਕ੍ਰਿਸ਼ਨ ਜੀ ਦੇ ਸਰੀਰ ਵਿਚ ਹੋ ਗਿਆ ਤਾਂ ਉਹ ਨਾਨਕ ਜੋਤਿ ਹੋ ਗਏ। ਨਾਨਕ ਜੋਤਿ ਦੇ ਆਗਮਨ ਦੇ ਨਾਲ ਹੀ ਨਿਰਭਉ ਅਤੇ ਨਿਰਵੈਰੀ ਕੀਮਤਾਂ ਦਾ ਪ੍ਰਗਟਾ ਉਨ੍ਹਾਂ ਦੀ ਜ਼ਿੰਦਗੀ ਦਾ ਹਿੱਸਾ ਬਣ ਗਿਆ। ਸਿੱਖ ਧਰਮ ਦੀ ਅੰਮ੍ਰਿਤ ਵੇਲੇ ਉਠ ਹਰਿ ਹਰਿ ਨਾਮ ਧਿਆਉਣ ਦੀ ਪਰੰਪਰਾ ਤੋਂ ਲੈ ਕੇ ਸੰਧਿਆ ਦੀ ਅਰਦਾਸ ਤਕ ਹਰ ਮਰਿਆਦਾ ਤਨ ਦੇਹੀ ਨਾਲ ਨਿਭਾਈ ਜਾਂਦੀ। ਗੁਰੂ ਪਾਤਸ਼ਾਹ ਦੇ ਪਹਾੜ ਦੇ ਇਸ ਇਲਾਕੇ ਵਿਚ ਜੂਆ, ਸ਼ਰਾਬ ਤੇ ਕੁੜੀ ਮਾਰਨ ਦੀ ਕੋਹਜ਼ੀ ਰੀਤ ਦਾ ਸਖ਼ਤੀ ਨਾਲ ਵਿਰੋਧ ਕੀਤਾ ਅਤੇ ਇਸ ਸਬੰਧੀ ਸਿੱਖਾਂ ਨੂੰ ਵੱਖ-ਵੱਖ ਥਾਵਾਂ 'ਤੇ ਜਾ ਕੇ ਪ੍ਰਚਾਰ ਕਰਨ ਦੇ ਹੁਕਮ ਵੀ ਜਾਰੀ ਕਰ ਦਿਤੇ। ਇਸੇ ਸਮੇਂ ਵਿਚ ਔਰੰਗਜ਼ੇਬ ਸਖਤ ਬਿਮਾਰ ਹੋ ਗਿਆ ਅਤੇ ਹਕੀਮਾਂ ਦੀ ਸਲਾਹ ਨਾਲ ਉਸ ਨੇ ਕੁਝ ਸਮਾਂ ਕਸ਼ਮੀਰ ਬਿਤਾਉਣ ਦਾ ਮਨ ਬਣਾਇਆ।

ਕਸ਼ਮੀਰ ਜਾਂਦੇ ਉਸ ਨੇ ਲਾਹੌਰ ਵਿਚ ਪੜਾਅ ਕੀਤਾ ਅਤੇ ਕੁਝ ਸਮਾਂ ਇਥੇ ਰੁਕਿਆ। ਉਸ ਨੇ ਬਹੁਤ ਗਹੁ ਨਾਲ ਤਕਿਆ ਕਿ ਸਿੱਖ ਧਰਮ ਦੇ ਪ੍ਰਚਾਰ ਅਤੇ ਪਸਾਰ ਵਿਚ ਕੋਈ ਫਰਕ ਨਹੀਂ ਪਿਆ ਹੈ। ਲੋਕ ਲਗਾਤਾਰ ਗੁਰੂ ਪਾਤਸ਼ਾਹ ਦੀ ਸ਼ਰਨ ਵਿਚ ਜਾ ਰਹੇ ਸਨ ਸਗੋਂ ਉਨ੍ਹਾਂ ਨੇ ਹਰ ਹੁਕਮ ਤੋਂ ਆਪਾ ਨਿਛਾਵਰ ਕਰਨ ਲਈ ਵੀ ਤਿਆਰ-ਬਰ-ਤਿਆਰ ਰਹਿੰਦੇ ਹਨ। ਇਹ ਉਸ ਲਈ ਬਹੁਤ ਪਰੇਸ਼ਾਨੀ ਵਾਲੀ ਗੱਲ ਸੀ। ਜਦੋਂ ਉਹ ਕਸ਼ਮੀਰ ਤੋਂ ਵਾਪਸ ਪਰਤਿਆ ਤੇ ਰਾਜਾ ਜੈ ਸਿੰਘ ਨੂੰ ਹੁਕਮ ਦਿਤਾ ਕਿ ਸਿੱਖਾਂ ਦੇ ਇਸ ਗੁਰੂ ਨੂੰ ਦਿੱਲੀ ਬੁਲਾ ਲਿਆ ਜਾਵੇ। ਗੁਰੂ ਜੀ ਨੂੰ ਜਦ ਸੁਨੇਹਾ ਭੇਜਿਆ ਗਿਆ ਤਾਂ ਉਨ੍ਹਾਂ ਨੇ ਆਉਣ ਤੋਂ ਸਾਫ ਇਨਕਾਰ ਕਰ ਦਿਤਾ। ਰਾਜਾ ਜੈ ਸਿੰਘ ਨੇ ਆਪਣੇ ਪੰਜਾਹ ਬੰਦਿਆਂ ਦਾ ਇਕ ਵਫ਼ਦ ਭੇਜਿਆ ਅਤੇ ਨਿਮਰਤਾ ਸਹਿਤ ਪੱਤਰ ਲਿਖ ਕੇ ਬੇਨਤੀ ਕੀਤੀ ਕਿ ਉਹ ਕੁਝ ਸਮਾਂ ਉਨ੍ਹਾਂ ਦੇ ਘਰ ਆ ਕੇ ਰਹਿਣ। ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੇ ਉਨ੍ਹਾਂ ਦੀ ਬੇਨਤੀ ਪ੍ਰਵਾਨ ਕਰ ਲਈ ਅਤੇ ਦਿੱਲੀ ਵਲ ਰਵਾਨਾ ਹੋ ਗਏ। ਰਾਜਾ ਜੈ ਸਿੰਘ ਨੇ ਗੁਰੂ ਪਾਤਸ਼ਾਹ ਦੀ ਪਰਖ ਕਰਨ ਹਿਤ ਬਹੁਤ ਸਾਰੀਆਂ ਔਰਤਾਂ ਨੂੰ ਸੁੰਦਰ ਲਿਬਾਸ ਪੁਆ ਕੇ ਆਪਣੇ ਗ੍ਰਿਹਿ ਵਿਖੇ ਬੈਠਾ ਦਿਤਾ ਅਤੇ ਗੁਰੂ ਜੀ ਨੂੰ ਕਿਹਾ ਕਿ ਉਨ੍ਹਾਂ ਦੀ ਰਾਣੀ ਦੀ ਇੱਛਾ ਹੈ ਕਿ ਤੁਸੀਂ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਮਿਲੋ। ਗੁਰੂ ਪਾਤਸ਼ਾਹ ਅੰਦਰ

*(ਬਾਕੀ ਪੰਨਾ 55 'ਤੇ)*

# ਜਨ ਪਰਉਪਕਾਰੀ ਆਏ
# (ਭਾਗ - 3)

*ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ-51)*

## 12. ਮਾਤਾ ਜੀਤ ਕੌਰ ਜੀ

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਮਹਿਲ ਧੰਨ ਧੰਨ ਮਾਤਾ ਜੀਤ ਕੌਰ ਜੀ ਦਾ ਜਨਮ ਲਹੌਰ ਨਿਵਾਸੀ ਸੁਭੀਖੀ ਖੱਤ੍ਰੀ ਬਾਬਾ ਹਰਿ ਜਸ ਜੀ ਦੇ ਗ੍ਰਿਹ ਵਿਖੇ ਹੋਇਆ। ਆਪ ਜੀ ਦਾ ਪੇਕੇ ਘਰ ਦਾ ਨਾਮ ਜੀਤੋ ਜੀ ਸੀ। ਇਸੇ ਕਰਕੇ ਸਾਰਾ ਸਿੱਖ ਜਗਤ ਆਪ ਜੀ ਨੂੰ ਇਸ ਨਾਮ ਨਾਲ ਹੀ ਯਾਦ ਕਰਦਾ ਹੈ। 1699 ਦੀ ਵੈਸਾਖੀ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਣ ਉਪਰੰਤ ਆਪ ਜੀ ਦਾ ਨਾਮ ਅਜੀਤ ਕੌਰ ਹੋਇਆ। ਆਪ ਦੇ ਪਿਤਾ ਜੀ ਗੁਰੂ ਘਰ ਦੇ ਨੇਮੀ-ਸਿੱਖ ਸਨ ਜਿਸ ਕਰਕੇ ਆਪ ਜੀ ਗੁਰਸਿੱਖੀ ਦੀਆਂ ਰਹੁਰੀਤਾਂ ਤੋਂ ਭਲੀਭਾਂਤ ਜਾਣੂੰ ਸਨ। ਅੰਮ੍ਰਿਤ ਵੇਲੇ ਜਾਗ ਕੇ ਇਸ਼ਨਾਨ ਕਰਨਾ, ਗੁਰਬਾਣੀ ਪੜ੍ਹਨੀ ਫੇਰ ਘਰ ਦੇ ਕੰਮਾਂ ਵਿਚ ਮਾਤਾ ਜੀ ਦਾ ਹੱਥ ਵਟਾਉਣਾ, ਆਏ ਗਏ ਸਿੱਖ ਮਹਿਮਾਨਾਂ ਲਈ ਰਸੋਈ ਵਿਚ ਲੰਗਰ-ਪ੍ਰਸ਼ਾਦਾ ਆਦਿ ਤਿਆਰ ਕਰਕੇ ਸੇਵਾ ਕਰਨੀ। ਇਕ ਦਿਨ ਲਹੌਰ ਦੀ ਸੰਗਤ ਨਾਲ ਭਾਈ ਹਰਿ ਜਸ ਸੁਭਿਖੀ ਜੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਅਨੰਦਪੁਰ ਸਾਹਿਬ ਆਏ। ਉਨ੍ਹਾਂ ਨੇ ਮਾਤਾ ਗੁਜਰ ਕੌਰ ਜੀ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਕਿ ਮੈਂ ਆਪਣੀ ਪੁੱਤਰੀ ਨੂੰ ਆਪ ਦੇ ਪੁੱਤਰ ਦੀ ਸੇਵਾ ਵਿਚ ਭੇਟ ਕਰਨਾ ਚਾਹੁੰਦਾ ਹਾਂ ਭਾਵ ਰਿਸ਼ਤਾ ਕਰਨਾ ਲੋੜਦਾ ਹਾਂ, ਕਿਰਪਾ ਕਰਕੇ ਮੇਰੇ ਗਰੀਬ ਦੀ ਬੇਨਤੀ ਸਵੀਕਾਰ ਕਰੋ।

*ਗੋਤ ਸੁੱਭਿਖੀ ਛੱਤ੍ਰੀ ਏਕ।*
*ਸੋ ਦਰਸ਼ਨ ਕਰਿ ਜਲਧਿ ਬਿਬੇਕ।*
*ਚਹਿਤ ਸੁਤਾ ਕੋ ਅਰਪਨ ਕਰਯੋ।*
*ਹਿਤ ਕਲਯਾਨ ਮਨੋਰਥ ਧਰਯੋ।*
*ਇਮ ਮਨ ਚਿਤਵਤ ਮਾਤਾ ਪਾਸ।*
*ਕਰਿ ਬੰਦਨ ਅਰਦਾਸ ਉਚਾਰੀ।*
*ਤਨੁਜਾ ਮੁਹਿ ਨਿਕੇਤ ਮਝਾਰੀ।*
*ਚਾਹਿਤ ਕਰਯੋ ਗੁਰੂ ਕੀ ਦਾਸੀ।*
*ਦੀਨ ਜਾਨਿ ਜਿਨ ਠਾਨਹੁ ਹਾਸੀ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਗੁਰੂ ਸਾਹਿਬ ਜੀ ਦੇ ਮਾਮਾ ਕ੍ਰਿਪਾਲ ਚੰਦ ਜੀ ਨੇ ਵੀ ਮਾਤਾ ਜੀ ਨੂੰ ਸਲਾਹ ਦਿਤੀ ਕਿ ਸਮਾਂ ਠੀਕ ਹੈ, ਕਾਰਜ ਕਰ ਦੇਣਾ ਚਾਹੀਦਾ ਹੈ। ਇਸ ਕਰਕੇ ਮਾਤਾ ਜੀਤੋ ਜੀ ਦੀ ਸਗਾਈ ਗੁਰੂ ਗੋਬਿੰਦ ਸਿੰਘ ਜੀ ਨਾਲ ਕਰ ਦਿਤੀ ਗਈ। ਭਾਈ ਹਰਿ ਜਸ ਸੁਭਿੱਖੀ ਜੀ ਨੇ ਬੜੀ ਖੁਸ਼ੀ ਪ੍ਰਗਟ ਕੀਤੀ ਅਤੇ ਨਗਰ ਦੀਆਂ ਸੰਗਤਾਂ ਨੇ ਮਾਤਾ ਗੁਜਰ ਕੌਰ ਜੀ ਨੂੰ ਵਧਾਈਆਂ ਦਿਤੀਆਂ।

*ਅੰਗੀਕਾਰ ਜਬਹੁੰ ਕਰ ਲਯੋ।*
*ਰਿਦੇ ਸੁਭਿੱਖੀ ਬਹੁ ਹਰਖਯੋ।*
*ਨਿਕਟ ਮਾਤਾ ਕੇ ਅਧਿਕ ਬਧਾਈ।*
*ਦੇਤਿ ਤ੍ਰਿਯਾ ਪੁਰਿ ਕੀ ਸਮੁਦਾਈ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਨਵੰਬਰ, 1675 ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਦਿਲੀ ਵਿਖੇ ਧਰਮ ਹੇਤ ਸ਼ਹਾਦਤ ਹੋਣ ਕਰਕੇ ਇਹ ਸ਼ਾਦੀ ਅੱਗੇ ਪੈ ਗਈ। ਸ੍ਰੀ ਹਰਿ ਜਸ ਜੀ ਦੀ ਤਮੰਨਾ ਸੀ ਕਿ ਗੁਰੂ ਸਾਹਿਬ ਜੀ ਦੀ ਬਰਾਤ ਬੜੀ ਸ਼ਾਨ ਨਾਲ ਲਾਹੌਰ ਆਵੇ ਅਤੇ ਸ਼ਾਦੀ ਦੀ ਰਸਮ ਉਥੇ ਸੰਪੰਨ ਕੀਤੀ ਜਾਵੇ। ਉਸ ਵੇਲੇ ਲਹੌਰ ਦੀ ਰਾਜਸੀ ਸਥਿਤੀ ਠੀਕ ਨਾ ਹੋਣ ਕਰਕੇ ਇਹ ਸੰਭਵ ਨਹੀਂ ਸੀ। ਸਤਿਗੁਰੂ ਜੀ ਨੇ ਆਪਣੇ ਸਹੁਰੇ ਪਰਿਵਾਰ ਦੀ ਖੁਸ਼ੀ ਵਾਸਤੇ ਇਥੇ ਹੀ ਜ਼ਮੀਨ ਲੈ ਕੇ ਲਹੌਰ ਵਰਗਾ ਸ਼ਹਿਰ ਵਸਾਇਆ ਜਿਸ ਨੂੰ 'ਗੁਰੂ ਕੀ ਲਾਹੌਰ' ਕਹਿੰਦੇ ਹਨ।

*ਗੁਰ ਕੋ ਲਵਪੁਰ ਬਸਯੋ ਮਹਾਨਾ।*
*ਜਹਿ ਕਹਿ ਲੈ ਬੈਠੇ ਧਨ ਥਾਨਾ।*
*ਭਰਿ ਬਾਜ਼ਾਰ ਵਿਖੇ ਬਹੁ ਹੋਈ।*
*ਬਿਯਾਹ ਪ੍ਰਤੀਪਤਿ ਭੇ ਸਭ ਕੋਈ।*
*ਨਰ ਨਾਰਨਿ ਕੇ ਅਤਿ ਚਿਤ ਚਾਊ।*
*ਪਿਖਨ ਬਰਾਤ ਨਰਨਿ ਸਮਦਾਊ।*
*ਕਹਯੋ ਨ ਜਾਇ ਕਰੀ ਬਹੁ ਤਿਆਰੀ।*
*ਭਯੋ ਬਾਸ ਤਹਿ ਅਨੰਦ ਭਾਰੀ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਗੁਰੂ ਜੀ ਨੇ ਮਸੰਦਾਂ ਤੇ ਕਿਰਤੀਆਂ ਨੂੰ ਹੁਕਮ ਕਰਕੇ ਇਥੇ ਲਹੌਰ ਸ਼ਹਿਰ ਵਰਗੀਆਂ ਦੁਕਾਨਾਂ, ਮਕਾਨ ਤੇ ਸਹੂਲਤਾਂ ਉਪਲਬਧ ਕਰਵਾਈਆਂ। ਬਾਬਾ ਹਰਿ ਜਸ ਜੀ ਸਾਰੇ ਪਰਵਾਰ ਤੇ ਸੰਬੰਧੀਆਂ ਸਮੇਤ ਇਥੇ ਪਹੁੰਚ ਗਏ। ਇਧਰੋਂ ਸਤਿਗੁਰੂ ਜੀ ਵੀ ਅਨੰਦਪੁਰ ਸਾਹਿਬ ਤੋਂ ਬਰਾਤ ਲੈ ਕੇ ਪਹੁੰਚ ਗਏ ਤੇ ਇਸ ਤਰ੍ਹਾਂ ਨਾਲ ਬੜੇ ਚਾਉ-ਪਿਆਰ ਤੇ ਸ਼ਾਨੋ-ਸ਼ੌਕਤ ਨਾਲ ਮਾਤਾ ਅਜੀਤ ਕੌਰ ਜੀ ਨਾਲ ਵਿਆਹ ਦਾ ਕਾਰਜ ਸੰਪੰਨ ਹੋਇਆ (ਇਸ ਥਾਂ ਉਤੇ 'ਗੁਰਦੁਆਰਾ ਗੁਰੂ ਕਾ ਲਾਹੌਰ' ਸ਼ਸ਼ੋਭਿਤ ਹੈ)।

ਸਤਿਗੁਰੂ ਜੀ ਤੇ ਮਾਤਾ ਜੀਤੋ ਜੀ ਦੀ ਸੁਭਾਗ ਜੋੜੀ ਬਹੁਤ ਸੋਭਦੀ ਹੈ ਤੇ ਚਾਰੇ ਪਾਸਿਓਂ ਸੰਗਤਾਂ ਸੀਸ ਨਿਵਾ ਕੇ ਮੱਥਾ ਟੇਕ ਰਹੀਆਂ ਹਨ। ਗੁਰੂ ਜੀ ਦੀ ਸੱਸ ਮਾਤਾ ਬਡਭਾਗ ਭਰੀ ਜੀ ਵੀ ਮਾਨੋਂ ਖੁਸ਼ੀ ਵਿਚ ਫੂਲੇ ਨਹੀਂ ਸਮਾਉਂਦੇ, ਬੜੇ ਸਨੇਹ ਨਾਲ ਦੋਵਾਂ ਨੂੰ ਗਲਵਕੜੀ ਵਿਚ ਲੈ ਕੇ ਸਿਰ ਤੇ ਹੱਥ ਰੱਖ ਕੇ, ਪਿਆਰ ਦੇ ਕੇ ਨਿਹਾਰ ਰਹੇ ਹਨ –

*ਗੁਰ ਪੂਰਨ ਸੋਂ ਤਿਮ ਜੀਤੋ।*
*ਬਹੁ ਸ਼ੋਭਿਹ ਆਨੰਦ ਚੀਤੋ।*
*ਸਾਸ ਤਬੈ ਬਡਭਾਗ ਭਰੀ*
*ਨਿਜ ਅੰਕ ਬਿਠਾਏ ਸਨੇਹ ਮਹਾਨਾ।*
*ਸੀਸ ਪੈ ਹਾਥ ਕੋ ਫੇਰਿ ਸਹਾਰਤਿ*
*ਡੀਠ ਲਗੈ ਨਹਿਂ ਭੈ ਮਨ ਮਾਨਾ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਸਮਾਂ ਬੀਤਦਾ ਗਿਆ ਤੇ ਸ਼ਾਦੀ ਨੂੰ 7 ਸਾਲ ਦੇ ਕਰੀਬ ਗੁਜ਼ਰ ਗਏ ਆਪ ਜੀ ਦੇ ਘਰ ਕੋਈ ਔਲਾਦ ਨਹੀਂ ਸੀ। ਇਕ ਦਿਨ ਭਰੇ ਦਰਬਾਰ ਵਿਚ ਭਾਈ ਰਾਮ ਸਰਨ ਜੀ ਬਿਜਵਾੜਾ (ਜ਼ਿਲਾ ਹੁਸ਼ਿਆਰਪੁਰ) ਨਿਵਾਸੀ ਨੇ ਆ ਕੇ ਬੇਨਤੀ ਕੀਤੀ, ਸੱਚੇ ਪਾਤਸ਼ਾਹ ਜੀ! ਮੈਂ ਆਪਣੀ ਬੇਟੀ (ਸੁੰਦਰੀ ਜੀ) ਜਨਮ ਤੋਂ ਹੀ ਤੁਹਾਡੇ ਅਰਪਨ ਕੀਤੀ ਹੋਈ ਹੈ, ਕਿਰਪਾ ਕਰਕੇ ਸਵੀਕਾਰ ਕਰੋ। ਸਤਿਗੁਰੂ ਜੀ ਕਹਿਣ ਲੱਗੇ, ਇਹ ਮੁੰਮਕਿਨ ਨਹੀਂ, ਮੇਰੀ ਸ਼ਾਦੀ ਹੋ ਚੁੱਕੀ ਹੈ ਪਰ ਮਾਤਾ ਗੁਜਰ ਕੌਰ ਜੀ ਹੁਕਮ ਮੰਨ ਕੇ, ਉਨ੍ਹਾਂ ਦੇ ਜ਼ੋਰ ਦੇਣ ਤੇ ਗੁਰੂ ਜੀ ਨੇ ਸ਼ਾਦੀ ਲਈ ਹਾਂ ਕਰ ਦਿਤੀ। ਭਾਈ ਕਾਹਨ ਸਿੰਘ ਜੀ ਨਾਭਾ ਨੇ 'ਮਹਾਨ ਕੋਸ਼' ਵਿਚ ਲਿਖਿਆ ਹੈ " ਲਾਹੌਰ ਨਿਵਾਸੀ ਭਾਈ ਹਰਿਜਸ ਭਿਖੀਏ ਖੱਤਰੀ ਨੇ ਆਪਣੀ ਸਪੁੱਤਰੀ ਜੀਤੋ ਦਾ ਵਿਆਹ ਗੁਰੂ ਸਾਹਿਬ ਨਾਲ ਕਰਨ ਦਾ ਫੈਸਲਾ ਕੀਤਾ। ਗੁਰੂ ਸਾਹਿਬ ਦੇ ਮਾਮਾ ਕਿਰਪਾਲ ਚੰਦ ਮਾਤਾ ਗੁਜਰੀ ਜੀ ਨਾਲ ਸਲਾਹ ਕਰਕੇ ਪ੍ਰਵਾਨਗੀ ਦਿਤੀ। ਜੀਤੋ ਜੀ ਦੇ ਪਿਤਾ ਨੇ ਗੁਰੂ ਜੀ ਨੂੰ ਬਰਾਤ ਲੈ ਕੇ ਲਾਹੌਰ ਆਉਣ ਲਈ ਕਿਹਾ ਪਰ ਉਨ੍ਹਾਂ ਨੇ ਅਨੰਦਪੁਰ ਛੱਡਣ ਤੋਂ ਇਨਕਾਰ ਕਰ ਦਿਤਾ। ਜਦ ਉਸ ਨੇ ਕਿਹਾ ਕਿ ਮੇਰਾ ਸੰਕਲਪ ਹੈ ਕਿ ਬੱਚੀ ਦਾ ਅਨੰਦ ਕਾਰਜ ਲਾਹੌਰ ਹੀ ਹੋਵੇ ਤਾਂ ਗੁਰੂ ਜੀ ਨੇ ਮੁਸਕਰਾ ਕੇ ਕਿਹਾ ਕਿ ਆਨੰਦ ਕਾਰਜ ਲਾਹੌਰ ਹੀ ਹੋਵੇਗਾ"।

ਪੌਂਟਾ ਸਾਹਿਬ ਦੀ ਪਵਿੱਤਰ ਧਰਤੀ ਤੇ ਮਾਤਾ ਸੁੰਦਰੀ ਜੀ ਦੀ ਕੁੱਖ ਤੋਂ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਜਨਮ ਲਿਆ। ਮਾਤਾ ਜੀਤੋ ਜੀ ਉਨ੍ਹਾਂ ਦੀ ਦੇਖ ਭਾਲ ਕਰਦੇ ਰਹੇ ਤੇ ਲਾਡ ਲਡਾਉਂਦੇ ਸਨ। ਮਾਤਾ ਜੀ ਕੰਮ ਕਾਰ ਕਰਦੇ ਹਰ ਵੇਲੇ ਨਾਮ ਸਿਮਰਨ ਤੇ ਗੁਰਬਾਣੀ ਪੜ੍ਹਨ ਵਿਚ ਲੱਗੇ ਰਹਿੰਦੇ ਸਨ। ਵਾਹਿਗੁਰੂ ਜੀ ਦੀ ਮੇਹਰ ਹੋਈ ਕਿ ਸਮਾਂ ਪਾ ਕੇ ਉਨ੍ਹਾਂ ਦੀ ਕੁੱਖੋਂ ਤੋਂ ਵੀ ਤਿੰਨ ਸਾਹਿਬਜ਼ਾਦਿਆਂ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਨੇ ਜਨਮ ਲਿਆ।

ਸ੍ਰੀ ਮਾਨ ਸੰਤ ਵਰਿਆਮ ਸਿੰਘ ਜੀ ਨੇ ਇਹ ਬਚਨ 'ਪੁਸਤਕ ਸੁਰਤਿ ਸਬਦਿ ਮਾਰਗ' ਵਿਚ ਅੰਕਿਤ ਕੀਤੇ ਹਨ ਕਿ "ਮਾਤਾ ਜੀਤੋ ਜੀ ਬਚਪਨ ਤੋਂ ਹੀ ਬਹੁਤ ਸੋਝੀ ਵਾਲੇ ਸਨ ਕਿਉਂਕਿ ਸੰਸਾਰ ਦੇ ਅੰਦਰ ਧੁਰੋਂ ਹੀ ਪੂਰੇ ਆਏ ਸੀ। ਉਹ ਬਹੁਤ ਵੱਡੀ ਹਸਤੀ ਸਨ, ਉਨ੍ਹਾਂ ਦੀ ਸਾਨੂੰ ਵੱਡੀ ਦੇਣ ਹੈ। ਜਦੋਂ ਸਤਿਗੁਰੂ ਜੀ ਨੇ ਅੰਮ੍ਰਿਤ ਤਿਆਰ ਕੀਤਾ, ਚਿੜੀਆਂ ਇਕ ਇਕ ਕਤਰਾ ਲੈ ਗਈਆਂ ਤੇ ਆਪਸ ਵਿਚ ਲੜ ਲੜ ਕੇ ਉਥੇ ਹੀ ਸ਼ਹੀਦ ਹੋ ਗਈਆਂ। ਬਾਬਾ ਬੁੱਢਾ ਜੀ ਦੀ ਔਲਾਦ ਬਾਬਾ ਰਾਮ ਕੁਇਰ ਜੀ, ਬ੍ਰਹਮ ਗਿਆਨੀ ਅਵਸਥਾ ਵਾਲੇ ਜਾਣ ਗਏ ਕਿ ਐਨੀ ਸ਼ਕਤੀ ਤਾਂ ਸਾਂਭ ਨਹੀਂ ਹੋਣੀ, ਕੋਈ ਵਿਰਲਾ ਹੈ ਜਿਹੜਾ ਨਾਮ ਦੀ ਸ਼ਕਤੀ ਨੂੰ ਸਹਿਨ ਕਰ ਸਕਦੈ, ਇਹ ਤਾਂ ਅਜੱਰ ਨੂੰ ਜਰਨਾ ਹੈ। ਕਹਿੰਦੇ ਮਾਤਾ ਜੀ! ਗੁਰੂ ਜੀ ਨੇ ਕਰਾਰਾ ਤੇਜ ਭਰ ਦਿਤੈ ਕਿ ਐਨਾ ਤੇਜ ਕਿਸੇ ਤੋਂ ਨਹੀਂ ਜਰਿਆ ਜਾਣਾ। ਮਾਤਾ ਜੀਤੋ ਜੀ ਪਤਾਸਿਆਂ ਦੀ ਝੋਲੀ ਭਰ ਕੇ ਲੈ ਗਏ ਤੇ ਸਤਿਗੁਰੂ ਜੀ ਵੱਲ ਦੇਖਿਆ। ਮਹਾਰਾਜ ਜੀ ਦੇਖ ਕੇ ਕਹਿੰਦੇ "ਇਹ ਕੀ?" ਮਾਤਾ ਜੀ ਕਹਿੰਦੇ, ਸੱਚੇ ਪਾਤਸ਼ਾਹ ਜੀਓ! ਮਾਂ ਦਾ ਪਿਆਰ ਵੀ ਇਹਦੇ ਵਿਚ ਚਾਹੀਦੈ, ਪਿਆਰ ਲੈ ਕੇ ਆਈ ਹਾਂ। ਸਤਿਗੁਰੂ ਜੀ ਕਹਿਣ ਲੱਗੇ, ਤੁਸੀਂ ਬਹੁਤ ਚੰਗਾ ਕੀਤਾ ਕਿਉਂਕਿ ਬੀਰ ਰਸ ਦੇ ਨਾਲ ਸ਼ਾਂਤੀ ਵੀ ਚਾਹੀਦੀ ਹੈ। ਸ਼ਾਂਤੀ ਤੋਂ ਬਗੈਰ ਬੀਰ ਰਸ ਬਹੁਤ ਭਿਆਨਕ ਬਣ ਜਾਇਆ ਕਰਦਾ ਹੈ"।

*ਰਾਮਕੁਇਰ ਕਹਿ ਸੰਤਹੁ ਸੁਨੀਅਹਿ।*
*ਬਾਲ ਬੈਸ ਮੇਰੋ ਤਨ ਜਨੀਅਹਿ।*
*ਧਾਇ ਗਯੋ ਮੈਂ ਮਾਤਾ ਪਾਸ।*
*ਜਹਿਂ ਬੈਠੀ ਜੀਤੋ ਸੁਖਰਾਸ।*
*ਤਹਾਂ ਬੈਠਿ ਮੈਂ ਸਕਲ ਸੁਨਾਈ।*
*ਇਸ ਬਿਧਿ ਅੰਮ੍ਰਿਤ ਗੁਰੂ ਬਨਾਈ।*
*ਚਟਕ ਆਪ ਮਹਿਂ ਲਰ ਕਰਿ ਮਰੇ।*
*ਦੀਰਘ ਤੇਜ ਤਾਸ ਮਹਿਂ ਧਰੇ।*
*ਜੀਤੋ ਸ਼ੁਭ ਮਤਿ ਕੀਨਿ ਬਿਚਾਰਨਿ।*
*ਪੰਥ ਖਾਲਸਾ ਸੁਤ ਇਹ ਕਾਰਨ।*
*ਪਹੁੰਚਨਿ ਬਨੈ ਕੰਤ ਕੇ ਪਾਸੇ।*
*ਇਮ ਬਿਚਾਰ ਬਹੁ ਲੀਨਿ ਪਤਾਸੇ।*
*ਪਤਿ ਕੋ ਰੁਖ ਲਖਿ ਜਲ ਮਹਿਂ ਪਾਏ।*
*ਸ਼੍ਰੀ ਸਤਿਗੁਰ ਅਵਲੋਕਿ ਅਲਾਏ।*
*ਭਲੋ ਭਯੋ ਤੂੰ ਚਲਿ ਕਰਿ ਆਈ।*

*ਨੀਰ ਬਿਖੈ ਪਾਈ ਮਧੁਰਾਈ।* *(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਇਸ ਬਾਰੇ ਗਿਆਨੀ ਗਿਆਨ ਸਿੰਘ ਜੀ ਨੇ ਵੀ 'ਪੰਥ ਪ੍ਰਕਾਸ਼' ਵਿਚ ਇਸ ਤਰ੍ਹਾਂ ਨਾਲ ਕਥਨ ਕੀਤਾ ਹੈ।

*ਸੁਣ ਹਵਾਲ ਤਬ ਮਾਤਾ ਸਾਹਿਬ।*
*ਸ੍ਰੀ ਜੀਤੋ ਜੀ ਸਾਥ ਉਛਾਇਬ।*
*ਬਾਮਿ ਭਾਗ ਗੁਰ ਆਏ ਖਿਰਾਈ।*
*ਦਏ ਪਤਾਸੇ ਬਾਟੇ ਪਾਈ।*

ਮਾਤਾ ਜੀ ਹਰ ਰੋਜ਼ ਅੰਮ੍ਰਿਤ ਵੇਲੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਜਾਇਆ ਕਰਦੇ ਸਨ। ਇਕ ਦਿਨ ਜਦੋਂ ਆਪ ਜੀ ਦਰਸ਼ਨ ਕਰਨ ਗਏ ਤਾਂ ਜਾਣੀਜਾਣ ਸਤਿਗੁਰ ਜੀ ਨੇ ਇਨ੍ਹਾਂ ਦੇ ਚਿਤ ਦੀ ਉਮੰਗ ਨੂੰ ਜਾਣ ਕੇ ਬਚਨ ਕੀਤਾ ਕਿ ਤੁਸੀਂ ਜੋ ਵੀ ਉਚਿਤ ਸਮਝਦੇ ਹੋ ਕਹੋ, ਜੋ ਮੰਗੋਗੇ ਸੋਈ ਮਿਲੇਗਾ। ਮਾਤਾ ਜੀ ਕਹਿੰਦੇ ਸ'ਚੇ ਪਾਤਸ਼ਾਹ ਜੀ! ਮੇਰੇ ਮਨ ਵਿਚ ਹਰ ਵਕਤ ਇਹ ਜਾਨਣ ਦੀ ਇਛਾ ਬਣੀ ਰਹਿੰਦੀ ਹੈ ਕਿ ਨਾਮ ਕਿਵੇਂ ਜਪਿਆ ਜਾਂਦਾ ਹੈ? ਕਿਰਪਾ ਕਰਕੇ ਨਾਮ ਜਪਣ ਦੀ ਕੋਈ ਜੁਗਤ ਸਮਝਾਓ ਅਤੇ ਮਨ ਦੀ ਸਥਿਰਤਾ ਕਿਵੇਂ ਪ੍ਰਾਪਤ ਹੋਇਆ ਕਰਦੀ ਹੈ?

*ਪਹੁੰਚੀ ਸ੍ਰੀ ਕਲਗੀਧਰ ਪਾਸ।*
*ਜਿਸ ਕੇ ਰਿਦੇ ਸ਼੍ਰੇਯ ਕੀ ਆਸ।*
*ਬਾਰ ਬਾਰ ਪਦ ਬੰਦਨ ਕਰੀ।*
*ਭਨਤਿ ਬਿਨੈ ਕਰ ਜੋਰਿ ਹਇ ਖਰੀ।*
*ਕਹਿਬੇ ਉਚਿਤ ਹੋਇ ਕਛੁ ਕਹੋ।*
*ਜਥਾ ਕਾਮਨਾ ਤੈਸੇ ਲਹੋ।*
*ਨਿਤ ਹੀ ਚਿਤ ਕੀ ਚਾਹ ਬਖਾਨੀ।*
*ਮਨ ਥਿਰਤਾ ਲਹਿ ਜਿਮ ਨਿਜ ਥਾਨੀ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਸਤਿਗੁਰੂ ਜੀ ਕਹਿਣ ਲੱਗੇ ਤੁਸੀਂ ਬਹੁਤ ਚੰਗਾ ਕੀਤਾ ਜੋ ਨਾਮ ਬਾਰੇ ਪੁੱਛਿਆ ਹੈ। 'ਸਾਧ ਸੰਗਤ ਜੀ! ਇਹ ਸਭ ਕੁਝ, ਮਾਤਾ ਜੀ ਨੇ ਸਾਡੇ ਭਲੇ ਵਾਸਤੇ ਪੁੱਛਿਆ ਸੀ। ਉਹ ਤਾਂ ਪਹਿਲਾਂ ਹੀ ਧੁਰ ਦਰਗਾਹ ਤੋਂ ਪੂਰੇ ਸਨ ਜਿਨ੍ਹਾਂ ਦਾ ਸੰਯੋਗ ਦਸ਼ਮੇਸ਼ ਪਿਤਾ ਜੀ ਨਾਲ ਜੁੜਿਆ'। ਸਤਿਗੁਰੂ ਜੀ ਕਹਿਣ ਲ'ਗੇ ਸੰਸਾਰ ਅੰਦਰ ਤਿੰਨ ਤਰ੍ਹਾਂ ਦੇ ਲੋਕ ਹਨ।

ਪਾਮਰ: ਇਨ੍ਹਾਂ ਦੀ ਖਾਣ-ਪੀਣ ਤੋਂ ਅਗਾਂਹ ਪਸ਼ੂਆਂ ਵਾਲੀ ਬਿਰਤੀ ਹੁੰਦੀ ਹੈ ਕਿ ਖਾਓ, ਪੀਓ, ਐਸ਼ ਕਰੋ ਕਿਉਂਕਿ ਮੁੜ ਕੇ ਸੰਸਾਰ ਤੇ ਨਹੀਂ ਆਉਣਾ। ਇਨ੍ਹਾਂ ਦੀ ਸੋਚ ਇਥੇ ਹੀ ਮੁੱਕ ਜਾਂਦੀ ਹੈ।

ਭੋਗੀ: ਇਨ੍ਹਾਂ ਦੇ ਮਨ ਵਿਚ ਪਦਾਰਥਾਂ ਦੀ ਮੰਗ ਤੇ ਭੋਗਣ ਦੀ ਇਛਾ ਹੁੰਦੀ ਹੈ ਅਤੇ ਇਸ ਤੋਂ ਉਪਰ ਨਹੀਂ ਸੋਚਦੇ। ਜਦੋਂ ਮੰਗ ਪੂਰੀ ਹੋ ਜਾਵੇ ਫੇਰ ਗੁਰੂ ਕੋਲ ਤੇ ਮਹਾਂਪੁਰਸ਼ਾਂ ਪਾਸ ਨਹੀਂ ਆਇਆ ਕਰਦੇ ਪਰ ਪਾਮਰਾਂ ਤੋਂ ਚੰਗੇ ਹਨ।

ਜਗਿਆਸੂ: ਇਹ ਸੋਚਦੇ ਹਨ ਕਿ ਮੇਰਾ ਸੰਸਾਰ ਤੇ ਆਉਣ ਦਾ ਕੀ ਮਤਲਬ ਹੈ? ਪਹਿਲਾਂ ਵੀ ਤਾਂ ਮੇਰੇ ਬਜ਼ੁਰਗ ਸੰਸਾਰ ਤੇ ਆਏ ਅਤੇ ਚਲੇ ਗਏ। ਕੀ ਮੈਂ ਵੀ ਕੇਵਲ ਖਾ ਪੀ ਕੇ ਚਲਿਆ ਜਾਵਾਂ ਜਾਂ ਮੇਰਾ ਹੋਰ ਵੀ ਕੋਈ ਮਕਸਦ ਹੈ? ਉਹ ਇਸ ਤਰ੍ਹਾਂ ਨਾਲ ਸੋਚਦੇ ਹਨ ਜਿਵੇਂ ਕਿ ਪਵਿਤ੍ਰ ਫੁਰਮਾਨ ਹੈ।

*ਅਵਰ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥* *ਅੰਗ-੧੨*

ਸਭ ਤੋਂ ਪਹਿਲਾਂ ਵਾਹਿਗੁਰੂ ਬਾਰੇ ਜਾਨਣਾ ਜ਼ਰੂਰੀ ਹੈ, ਮੈਂ ਉਸ ਨੂੰ ਕਿਉਂ ਮਿਲਣਾ ਹੈ, ਮੇਰਾ ਉਸ ਦੇ ਨਾਲ ਕੀ ਸੰਬੰਧ ਹੈ?

*ਸਾਚਾ ਸਾਹਿਬੁ ਸਾਚੁ ਨਾਇ*
*ਭਾਖਿਆ ਭਾਉ ਅਪਾਰੁ॥* *ਅੰਗ-੨*

*ਜੇਤਾ ਕੀਤਾ ਤੇਤਾ ਨਾਉ॥*
*ਵਿਣੁ ਨਾਵੈ ਨਾਹੀ ਕੋ ਥਾਉ॥* *ਅੰਗ-੪*

*ਕਹੁ ਕਬੀਰ ਇਹੁ ਰਾਮ ਕੀ ਅੰਸੁ॥*
*ਜਸ ਕਾਗਦ ਪਰ ਮਿਟੈ ਨ ਮੰਸੁ॥* *ਅੰਗ-੮੭੧*

ਦੂਸਰਾ, ਨਾਮ ਦੀ ਮਹਿਮਾ ਤੇ ਵਿਸ਼ਵਾਸ਼ ਅਤੇ ਗੁਰੂ ਤੋਂ ਜੋ ਮੰਤਰ ਮਿਲਿਆ ਹੈ ਉਸ ਤੇ ਵੀ ਵਿਸ਼ਵਾਸ਼ ਹੋਵੇ।

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥* *ਅੰਗ-੮੧*

*ਅੰਮ੍ਰਿਤ ਨਾਮੁ ਨਿਰਮੋਲਕੁ ਹੀਰਾ*
*ਗੁਰਿ ਦੀਨੋ ਮੰਤਾਨੀ॥*
*ਡਿਗੈ ਨ ਡੋਲੈ ਦ੍ਰਿੜੁ ਕਰਿ ਰਹਿਓ*
*ਪੂਰਨਿ ਹੋਇ ਤ੍ਰਿਪਤਾਨੀ॥* *ਅੰਗ-੬੭੨*

ਤੀਸਰਾ, ਜਿਸ ਵਿਚ ਅਮੋਲਕ 'ਨਾਮ' ਦੀ ਵਸਤੂ ਨੇ ਪੈਣਾ ਹੈ ਉਹ ਭਾਂਡਾ ਸਾਫ ਹੋਵੇ, ਜਿਵੇਂ ਜੇ ਬਰਤਨ ਸਾਫ ਨਾ ਹੋਵੇ ਤਾਂ ਦੁੱਧ ਫਟ ਜਾਂਦਾ ਹੈ।

*ਭਾਂਡਾ ਧੋਇ ਬੈਸਿ ਧੂਪੁ ਦੇਵਹੁ*
*ਤਉ ਦੂਧੈ ਕਉ ਜਾਵਹੁ॥*
*ਦੂਧੁ ਕਰਮ ਫੁਨਿ ਸੁਰਤਿ ਸਮਾਇਣ*
*ਹੋਇ ਨਿਰਾਸ ਜਮਾਵਹੁ॥* *ਅੰਗ-੭੨੮*

ਇਸ ਤਰ੍ਹਾਂ ਨਾਲ ਸਤਿਗੁਰੂ ਜੀ ਨੇ ਮਾਤਾ ਜੀਤੋ ਨੂੰ 'ਕਸ਼ਟ ਯੋਗ' ਇਸ ਬਾਰੇ ਦੱਸ ਕੇ ਬਚਨ ਕੀਤਾ ਕਿ ਇਸ ਨੂੰ ਹਰ ਕੋਈ ਨਹੀਂ ਕਰ ਸਕਦਾ। ਇਸ ਬਾਰੇ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਲੰਕਾ ਦੇ ਰਾਜੇ ਸ਼ਿਭਨਾਭ ਨੂੰ ਸਮਝਾਇਆ ਸੀ। ਉਸ ਨੇ ਬੇਨਤੀ ਕੀਤੀ ਸੀ ਕਿ ਮੈਨੂੰ ਕਸ਼ਟ ਯੋਗ ਬਾਰੇ ਵੀ ਦੱਸ ਦਿਓ ਜੋ ਰਹਿਤਾਂ ਨਾਮ ਜਪਣ ਵਿਚ ਸਹਾਈ ਹਨ, ਉਹ ਵਰਤ ਲਵਾਂਗਾ। ਇਸੇ ਪ੍ਰਕਾਰ ਦਸ਼ਮੇਸ਼ ਪਿਤਾ ਜੀ ਨੇ ਵੀ ਮਾਤਾ ਜੀਤੋ ਜੀ ਨੂੰ ਵੀ ਕਸ਼ਟ ਯੋਗ ਬਾਰੇ ਸਾਰਾ ਕੁੱਝ ਦੱਸਿਆ।

***'ਚਲਦਾ............॥'***

# ਗੁਰੂ ਨਾਨਕ ਆਗਮਨ

## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ-42)*

ਤੀਜੇ ਦਿਨ ਅੱਧੀ ਰਾਤ ਵੇਲੇ ਉਹਦੇ ਬੁੱਲ੍ਹ ਖੁੱਲੇ ਤੇ ਠੰਢੇ ਸਾਹ ਤੀ ਆਵਾਜ਼ ਆਈ, ਇਸ ਦੇ ਮਗਰੋਂ ਆਵਾਜ਼ ਆਈ "ਧੰ ਨ ਨਾ....ਨ....ਕ" ਤੇ ਨੇਤ੍ਰ ਖੁੱਲੇ। ਨੇਤਰ ਕੀ ਖੁੱਲ੍ਹੇ ਮੇਰੇ ਲਈ ਖੁਸ਼ੀ ਬੰਦੀ-ਖਾਨਿਓਂ ਖੁੱਲ੍ਹ ਗਈ। ਮੈਂ ਖੁੱਲ੍ਹੇ ਨੈਣ ਵੇਖ ਕੇ ਬੜੀ ਖੁਸ਼ ਹੋਈ ਤੇ ਆਖਿਆ - ਹੇ ਚੰਗਿਆ! ਸਭ ਤੋਂ ਚੰਗਿਆ! ਮੈਂ ਅਪਰਾਧਣ ਹਾਂ! ਉਹਨਾਂ ਨੇਤਰਾਂ ਨੇ ਮੇਰੇ ਵਲ ਡਿੱਠਾ ਤੇ ਫੇਰ ਬੰਦ ਹੋ ਗਏ, ਪਰ ਜੀਭ ਨੇ ਪੁੱਛਿਆ, "ਮੈਂ ਕਿੱਥੇ ਹਾਂ?" ਤਦੋਂ ਮੈਂ ਉਸ ਦੇ ਕੰਨਾਂ ਦੇ ਕੋਲ ਮੂੰਹ ਕਰਕੇ ਸਾਰੀ ਵਿਥਿਆ ਸੁਣਾਈ ਤੇ ਆਪਣੀ ਗੱਲ ਬੀ ਆਖੀ, ਪਰ ਫੇਰ ਨਾ ਨੈਣ ਖੁੱਲ੍ਹੇ ਤੇ ਨਾ ਬੁੱਲ੍ਹ। ਕੋਈ ਚੌਥੇ ਦਿਨ ਸਵੇਰੇ ਸਾਰ ਫੇਰ ਆਵਾਜ਼ ਆਈ -

*ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥*
*ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ ॥*
*ਅੰਗ- ੪੭੪*

ਪਰ ਮੈਂ ਉਸ ਵੇਲੇ ਸਾਰੀ ਗੱਲ ਨਾ ਸਮਝੀ, ਹਾਂ ਇੰਨਾਂ ਸਮਝੀ ਕਿ ਜੋ ਕਹਿੰਦਾ ਹੈ, ਮੇਰੇ ਨਾਲ ਤੂੰ ਮੰਦਾ ਕੀਤਾ ਹੈ, ਇਹ ਨਹੀਂ ਸੀ ਕਰਨਾ, ਤੀਰ ਚਲਾਉਣ ਵੇਲੇ ਚੰਗੀ ਤਰ੍ਹਾਂ ਵੇਖ ਤਾਂ ਲੈਣਾ ਸੀ। ਮੈਂ ਉਡੀਕਦੀ ਸਾਂ ਕਿ ਹੁਣ ਆਖੇਗਾ ਕਿ ਤੈਨੂੰ ਮੈਂ ਕੈਦ ਕੀਤਾ, ਇਸ ਪਾਪ ਬਦਲੇ। ਪਰ ਫੇਰ ਨੈਣ ਖੁੱਲ੍ਹ ਗਏ ਤੇ ਮੇਰੇ ਵੱਲ ਤੱਕੇ, ਫੇਰ ਬੁੱਲ੍ਹ ਖੁੱਲ੍ਹੇ ਤੇ ਕਹਿਣ ਲੱਗੇ, "ਤੁਸਾਂ ਬਹੁਤ ਸੇਵਾ ਕੀਤੀ ਹੈ। ਤੀਰ ਤਾਂ ਮੈਨੂੰ ਮੇਰਿਆਂ, ਪਾਪਾਂ ਨੇ ਲਾਇਆ ਸੀ, ਪਰ ਤੁਸੀਂ ਬੜੇ ਚੰਗੇ ਹੋ ਜਿਨ੍ਹਾਂ ਸੇਵਾ ਕੀਤੀ ਹੈ, ਰਾਜ਼ੀ ਰਹੋ। ਇਹ ਕਹਿ ਕੇ ਉਹ ਸੌਂ ਗਿਆ। ਸੁੱਤਾ ਤੱਕ ਕੇ ਮੈਂ ਮਾਂ ਕੋਲ ਜਾ ਕੇ ਤੇ ਗੱਲਵਕੜੀ ਪਾ ਕੇ ਕਿਹਾ, ਦੇਖ ਲੈ ਮਾਂ! ਉਹ ਮਨੁੱਖ ਕੇਡਾ ਚੰਗਾ ਹੈ? ਆਖਦਾ ਹੈ - ਤੀਰ ਤੂੰ ਨਹੀਂ ਮਾਰਿਆ, ਤੀਰ ਮੇਰੇ ਪਾਪਾਂ ਨੇ ਮਾਰਿਆ ਹੈ ਤੇ ਤੂੰ ਚੰਗੀ ਹੈਂ ਜੋ ਸੇਵਾ ਕਰਦੀ ਪਈ ਹੈਂ...। ਦੇਖ ਮਾਂ! ਜੋ ਪਾਪੀ ਨੂੰ ਚੰਗਾ ਪਿਆ ਆਖਦਾ ਏ; ਅੰਮੀਏਂ! ਕੇਡਾ ਚੰਗਾ ਹੋਇਆ? ਮੈਂ ਤੈਨੂੰ ਆਖਿਆ ਸੀ ਨਾ ਕਿ ਉਹ ਬਾਪੂ ਜੀ ਤੋਂ ਵਧੀਕ ਚੰਗਾ ਲਗਦਾ ਹੈ, ਭਲਾ ਬਾਪੂ ਜੀ ਕਦੇ ਪਾਪੀ ਨੂੰ ਚੰਗਾ ਆਖਣ, ਉਹ ਤਾਂ ਪਾਪੀਆਂ ਨੂੰ ਫਾਹੇ ਲਾ ਦੇਂਦੇ ਹਨ ਤੇ ਇਹ ਆਖਦਾ ਹੈ, ਤੂੰ ਚੰਗੀ ਹੈਂ। ਮਾਂ ਹੱਸ ਪਈ ਤੇ ਕਹਿਣ ਲੱਗੀ, ਜਾਹ ਅੱਜ ਖੂੰਡੀ ਦੀ ਖੇਡ-ਖੇਡ ਆ। ਮੈਂ ਕਿਹਾ, ਮਾਂ! ਜੀਅ ਨਹੀਂ ਕਰਦਾ, ਪਾਸ ਬੈਠੇ ਰਹਿਣ ਤੋਂ ਬਿਨਾਂ ਹੋਰ ਗੱਲ ਤੇ ਨਹੀਂ ਜੀ ਲਗਦਾ! ਹੁਣ ਜੇ ਤੁਹਾਡੇ ਕੋਲ ਬੈਠੀ ਹਾਂ ਤਾਂ ਇਹੋ ਪਿਆ ਜੀ ਕਰਦਾ ਹੈ ਜੋ ਕਿਹੜਾ ਵੇਲਾ ਹੋਵੇ ਮੈਂ ਫੇਰ ਕੋਲ ਜਾ ਬੈਠਾਂ।

ਇਸ ਤਰ੍ਹਾਂ ਕਰਦਿਆਂ ਕੁਛ ਦਿਨ ਲੰਘੇ, ਚੰਗੇ ਜੀ ਦਾ ਜੀਅ ਵੱਲ ਹੁੰਦਾ ਪਿਆ ਦਿੱਸੇ। ਇਕ ਦਿਨ ਰਾਤ ਨੂੰ ਨੈਣ ਖੁੱਲ੍ਹੇ ਤੇ ਮੈਨੂੰ ਕੋਲ ਸੱਦਿਆ ਤੇ ਕਹਿਣ ਲੱਗੇ, ਦੇਖ ਤੂੰ ਇਕ ਪਰਦੇਸੀ ਦੀ ਸੇਵਾ ਕੀਤੀ ਹੈ ਤੇ ਰਾਜੇ ਦੀ ਧੀ ਹੋ ਕੇ ਕੀਤੀ ਹੈ, ਮੈਂ ਗਰੀਬ ਹਾਂ, ਮੇਰੇ ਕੋਲ ਕੀ ਹੈ ਜੋ ਤੈਨੂੰ ਦੇਵਾਂ? ਪਰ ਇਕ ਗੱਲ ਤੈਨੂੰ ਦਸਦਾ ਹਾਂ ਜੋ ਤੈਨੂੰ ਸੁਖ ਦੇਵੇਗੀ, ਉਹ ਗੱਲ ਸਮਝ ਲੈ ਧਿਆਨ ਦੇ ਕੇ, ਉਹ ਗੱਲ ਇਹ ਹੈ ਜੋ "-ਤੂੰ ਇਹ ਸਰੀਰ ਨਹੀਂ ਹੈਂ, ਤੂੰ ਆਤਮਾ ਹੈਂ।" ਮੈਂ ਪੁੱਛਿਆ, ਆਤਮਾ ਕੀ ਹੁੰਦੀ ਹੈ? ਤੂੰ ਸਰੀਰ ਤੋਂ ਉੱਚੀ ਹੈਂ, ਸਰੀਰ ਨਾ ਰਹੇ ਤੂੰ ਤਾਂ ਬੀ ਹੋਵੇਂਗੀ। ਤੂੰ ਜੇ ਨਿਰਾ ਸਰੀਰ ਹੋਵੇਂ ਤਾਂ ਹੱਸ ਖੇਡ ਖਾ ਪੀ ਛੱਡਿਆ ਕਰ, ਪਰ ਤੂੰ ਆਤਮਾ ਹੈਂ, ਆਪ ਨੂੰ ਪਛਾਣਿਆ ਕਰ, ਦੂਜਿਆਂ ਵਿਚ ਆਪਣੇ ਵਰਗੀ ਆਤਮਾ ਵੇਖਿਆ ਕਰ! ਦੌਲਤ ਤੇ ਸਰੀਰ ਪਰਦੇ ਹਨ ਜੋ ਆਪਣੇ ਆਪ ਨੂੰ ਆਤਮਾ ਦਿੱਸਣ ਨਹੀਂ ਦੇਂਦੇ, ਇਨ੍ਹਾਂ ਪਰਦਿਆਂ ਨੂੰ ਪਾੜ ਕੇ ਆਤਮਾ ਵੇਖਿਆ ਕਰ! ਤੂੰ ਬਹੁਤ ਉੱਚੀ ਹੈਂ, ਪਰ ਆਪਣੇ ਲਈ ਜਿਕੂੰ ਸੁਖ ਲੈਂਦੀ ਹੈਂ, ਤਿੱਕੂ ਸੁਖ ਦਿਆ ਕੀ ਕਰ।

ਮੈਂ ਘਬਰਾ ਗਈ ਮੇਰੇ ਅੱਗੇ ਹਨ੍ਹੇਰਾ ਆ ਗਿਆ, ਮੈਂ ਹੈਰਾਨ ਹੋ ਹੱਕੀ ਬੱਕੀ ਰਹਿ ਗਈ। ਮੈਂ ਆਖਿਆ, ਮੈਂ ਨਹੀਂ ਜਾਣਦੀ ਤੁਸੀਂ ਕੀ ਕਿਹਾ ਹੈ? ਮੈਂ ਆਤਮਾ ਹਾਂ? ਮੈਂ ਸਰੀਰ ਦੇ ਮੋਇਆਂ ਨਹੀਂ ਮਰਨਾ? ਮੈਂ ਸੁਖ ਦੇਣਾ ਹੈ? ਹਾਇ! ਇਹ ਸੱਚ ਹੈ? ਜੇ ਸੱਚ ਹੈ ਤਾਂ ਹੋਰ ਨਾ ਕਹੁ, ਮੇਰਾ ਜੀ ਬੈਠਦਾ ਹੈ। ਮੈਂ ਇਹ ਸਰੀਰ ਹੀ ਹੋਵਾਂ ਤੇ ਤੇਰੇ ਸਰੀਰ ਦੀ ਸੇਵਾ ਕਰਾਂ, ਸੇਵਾ ਵਿਚ ਮਰ ਜਾਵਾਂ ਤੇ ਫੇਰ ਨਾ ਹੋਵਾਂ। ਬੱਸ ਜੀ ਹੋਰ ਮੈਂ ਕੁਛ ਨਾ ਹੋਵਾਂ। ਉਹ ਬੋਲੇ, ਭੋਲੀਏ! ਤੂੰ ਆਤਮਾ ਹੈਂ, ਤੂੰ ਜ਼ਮੀਨ ਤੇ ਤੁਰਨ ਵਾਲੀ ਨਹੀਂ। ਤੂੰ ਪੰਛੀਆਂ ਵਾਂਗੂੰ ਕਿਸੇ ਹੋਰ ਆਕਾਸ਼ ਦੀ ਉੱਡਣ ਵਾਲੀ ਹੈਂ! ਤੂੰ ਮਿੱਟੀ, ਮਾਸ, ਹੱਡੀ, ਲਹੂ ਨਹੀਂ, ਤੂੰ ਚਾਨਣੇ ਵਾਂਗੂੰ ਜਯੋਤ ਸਰੂਪ ਹੈਂ, ਨਿਰੀ ਰੋਣ ਪਿੱਟਣ, ਹੱਸਣ ਖੇਡਣ ਵਾਲੀ ਨਹੀਂ, ਪਰ ਸਦਾ ਸੁਖੀ ਸਦਾ ਆਨੰਦ ਹੈਂ।

ਮੈਂ ਡਰ ਕੇ ਅੱਖਾਂ ਮੀਟ ਲਈਆਂ ਤੇ ਆਖਿਆ,

ਹੇ ਸਭ ਤੋਂ ਚੰਗੇ ਮਨੁੱਖ! ਮੈਨੂੰ ਕੁਛ ਹੁੰਦਾ ਜਾਂਦਾ ਹੈ। ਮੈਨੂੰ ਉਹ ਕੁਛ ਹੁੰਦਾ ਹੈ ਜੋ ਬਾਪੂ ਜੀ ਕਾਇਰਾਂ ਨੂੰ ਆਖਦੇ ਹਨ ਹੁੰਦਾ ਹੈ। ਹੋਰ ਨਾ ਦੱਸ, ਮੈਂ ਤੇਰੀਆਂ ਗੱਲਾਂ ਦੇ ਮਗਰ-ਮਗਰ ਜਦ ਜਾਂਦੀ ਹਾਂ ਤਦ ਮੈਂ ਐਨੀ ਸੁੰਗੜਦੀ ਤੇ ਫੈਲਰਦੀ ਹਾਂ ਕਿ ਗੁਆਚ ਜਾਂਦੀ ਹਾਂ। ਨਾ ਕਹੁ ਮੈਂ ਆਤਮਾ ਹਾਂ। ਫੇਰ ਉਹ ਕਹਿਣ ਲੱਗੇ, ਹੇ ਚੰਗੀਏ, ਜੋ ਸੇਵਾ ਕਰ ਸਕਦੀ ਹੈਂ, ਸੁਣ ਤੂੰ ਆਤਮਾ ਹੈਂ! ਤੇਰੇ ਵਿਚ ਮੋਹ ਨਹੀਂ ਹੈ, ਤੇਰੇ ਵਿਚ ਲੱਬ ਨਹੀਂ ਹੈ, ਤੂੰ ਮੰਗਣ ਵਾਲੀ ਨਹੀਂ, ਤੂੰ ਤਾਂ ਦਾਤੀ ਹੈਂ, ਤੂੰ ਸਭ ਨੂੰ ਇਕ ਸਾਰ ਪਿਆਰ ਕਰਨ ਵਾਲੀ ਹੈਂ। ਹਾਂ, ਤੂੰ ਅਚਾਹ ਹੈਂ, ਤੂੰ ਉੱਚੀ ਹੈਂ, ਆਪ ਨੂੰ ਪਛਾਣ। ਹੁਣ ਮੈਨੂੰ ਉਹ ਲੱਗਾ, ਜਿਸ ਨੂੰ ਡਰ ਕਰਕੇ ਸੁਣਦੀ ਹੁੰਦੀ ਸਾਂ। ਹਾਂ, ਮੈਂ ਸੱਚੀ ਮੁੱਚੀ ਡਰ ਗਈ। ਮੈਂ ਸਹਿਮ ਕੇ ਬਹਿ ਗਈ। ਮੈਂ ਚਾਹਾਂ ਜੋ ਕੰਮ ਬੰਦ ਕਰਾਂ, ਜੋ ਹੋਰ ਸੁਣ ਕੇ ਡੌਰ ਭੌਰ ਨਾ ਹੋਵਾਂ। ਪਰ ਸਭ ਤੋਂ ਚੰਗੇ ਮਨੁੱਖ ਦੀ ਚੰਗੀ ਆਵਾਜ਼ ਅੱਗੇ ਕੰਨ ਕੀਕੂੰ ਬੰਦ ਕਰ ਰਹਾਂ? ਮੈਂ ਫੇਰ ਹੀਆ ਕਰਕੇ ਆਖਿਆ, ਬੱਸ ਕਰ, ਹੇ ਉੱਚੇ ਆਦਮੀ! ਹੋਰ ਨਾ ਕਹੁ, ਮੇਰਾ ਹਾਲ ਬੁਰਾ ਹੋ ਗਿਆ ਹੈ। ਇਹ ਆਤਮਾ ਮੈਂ ਨਾ ਹੋਵਾਂ। ਮੈਨੂੰ ਉਸ ਡਰ ਤੋਂ ਬਚਾ ਕੇ ਏਸ ਖਿਆਲ ਵਿਚ ਗਿਆਂ ਮੈਨੂੰ ਲੱਗਦਾ ਹੈ। ਪਰ ਉਸ ਨੇ ਫੇਰ ਕਿਹਾ, ਤੂੰ ਆਤਮਾ ਹੈਂ, ਹਾਂ, ਜਿਵੇਂ ਤੂੰ ਤੀਰ ਨਹੀਂ, ਤੂੰ ਤੀਰ ਕਮਾਨ ਨਹੀਂ, ਪਰ ਤੂੰ ਤੀਰ ਚਲਾਉਣ ਵਾਲੀ ਹੈਂ। ਤੂੰ ਰੋਟੀ ਨਹੀਂ, ਤੂੰ ਖਾਣ ਵਾਲੀ ਹੈਂ। ਤੂੰ ਦੇਹ ਨਹੀਂ, ਦੇਹੀ ਦੀ ਟੋਰਨ ਵਾਲੀ ਹੈਂ। ਤੂੰ ਮਨ ਨਹੀਂ ਪਰ ਮਨ ਨੂੰ ਹਾਂਕਣ ਵਾਲੀ ਹੈਂ। ਤੂੰ ਆਪੇ ਕਹਿੰਦੀ ਹੈਂ ਕਿ ਨਹੀਂ ਮੇਰਾ ਮਨ ਅੱਜ ਖੁਸ਼ ਹੈ, ਅਜ ਦਿਲਗੀਰ ਹੈਂ। ਸੋ ਤੂੰ ਮਨ ਨਹੀਂ, ਪਰ ਮਨ ਦੀ ਮਾਲਕ ਹੈਂ, ਹਾਂ ਤੂੰ ਚਰਖਾ ਨਹੀਂ, ਪਰ ਚਰਖੇ ਨੂੰ ਕੱਤਣ ਵਾਲੀ ਹੈਂ। ਹੇ ਸੁੰਦਰੀ! ਤੂੰ ਸੁੰਦਰ ਨਹੀਂ ਪਰ ਸੁੰਦਰਤਾ ਤੈਥੋਂ ਨਿਕਲਦੀ ਹੈ। ਤੂੰ ਧੁੱਪ ਨਹੀਂ ਪਰ ਸੂਰਜ ਹੈਂ। ਤੂੰ ਚਾਂਦਨੀ ਨਹੀਂ ਪਰ ਚੰਦ ਹੈਂ। ਹੇ ਚੰਗੀਏ! ਤਿਵੇਂ ਤੂੰ ਦੇਹ ਨਹੀਂ ਪਰ ਆਤਮਾ ਹੈਂ।

ਇਹ ਮੈਂ ਟਕ ਬੰਨ੍ਹ ਕੇ, ਮਨ ਜੋੜ ਕੇ ਬੇਵਸੇ ਹੋ ਕੇ ਸੁਣਿਆਂ, ਪਰ ਸੁਣਦਿਆਂ-ਸੁਣਦਿਆਂ ਐਤਕੀ ਮੈਨੂੰ ਚੱਕਰ ਆ ਗਿਆ, ਅੱਖਾਂ ਬੰਦ ਹੋ ਗਈਆਂ, ਜ਼ਮੀਨ ਅਸਮਾਨ ਮਾਨੋਂ ਉਲਟ ਗਏ। ਮੈਂ ਬੇਹੋਸ਼ ਹੋ ਕੇ ਉਸ ਦੇ ਪੈਰਾਂ ਤੇ ਡਿੱਗ ਪਈ। ਮੈਨੂੰ ਪਤਾ ਨਹੀਂ ਰਿਹਾ ਕਿ ਮੈਂ ਹਾਂ ਕਿ ਨਹੀਂ। ਚਿਰ ਪਿਛੋਂ ਜਾ ਮੈਂ ਉੱਠੀ ਤਾਂ ਮੈਂ ਡਰ ਨਾਲ ਕੰਬ ਰਹੀ ਸਾਂ। ਕੀ ਮੇਰੇ ਸਿਰ ਤੇ ਐਤਨਾਂ ਪਰਬਤ ਪੈਣਾ ਹੈ ਕਿ ਮੈਂ ਆਤਮਾ ਹੋਣਾ ਹੈ ਜਿਵੇਂ ਇਹ ਆਖਦਾ ਹੈ? ਇਹ ਤਾਂ ਬੜਾ ਔਖਾ ਹੈ, ਪਰ ਇਹ ਜੋ ਸਭ ਤੋਂ ਚੰਗਾ ਮਨੁੱਖ ਹੈ, ਇਹ ਜੋ ਆਖਦਾ ਹੈ ਇਹ ਚੰਗਾ ਹੀ ਹੋਣਾ ਹੈ। ਮੈਂ ਤਾਂ ਡਰ ਭੌਰੀ ਹੁੰਦੀ ਹਾਂ, ਡਰਦੀ ਹਾਂ ਕਿ ਜੇਕਰ ਇਹ ਕੁਛ ਮੈਂ ਹਾਂ ਤਾਂ ਮੈਂ ਤਾਂ ਬਹੁਤ ਨਿਤਾਣੀ ਹਾਂ, ਕੌਣ ਏਸ ਭਾਰ ਨੂੰ ਝੱਲੇਗਾ ਕਿ ਮੈਂ ਆਤਮਾ ਹਾਂ? ਏਸ ਉੱਚੇ ਪਰਬਤ ਦੀ ਸਿਖਰ ਵਲ ਤੱਕਿਆਂ ਮੇਰੀ ਨਜ਼ਰ ਪਾਟਦੀ ਹੈ। ਮੈਂ ਜਦ ਇਹ ਸੁਣਦੀ ਹਾਂ ਤਾਂ ਅੰਦਰੋਂ ਫੈਲਰਦੀ ਹਾਂ, ਫੇਰ ਮੈਂ ਘਬਰਾ ਜਾਂਦੀ ਹਾਂ।

ਮੈਂ ਹੁਣ ਤੱਕ ਹੱਸਦੀ ਖੇਡਦੀ, ਲਾਡਾਂ ਵਿਚ ਪਲੀ ਖੁਸ਼ੀ-ਖੁਸ਼ੀ ਰਹਿੰਦੀ ਹੁੰਦੀ ਸਾਂ। ਕੀ ਇਹ ਮੇਰੇ ਚਾਉ ਮਲ੍ਹਾਰ ਤੇ ਖੁਸ਼ੀਆਂ ਓਪਰੀਆਂ ਹਨ? ਹਾਇ! ਮੇਰਾ ਕਲੇਜਾ ਫੇਰ ਟੁੱਟ ਗਿਆ। ਬਨਾ ਦੇ ਹਰਨ, ਠੰਢੀਆਂ ਛਾਵਾਂ, ਵਗਦੇ ਪਾਣੀ, ਸਖੀਆਂ ਦੇ ਝੁੰਡ, ਮੁਸ਼ਕਣ ਘੋੜੀ ਉਤੇ ਬੈਠ ਮੈਂ ਹੱਥ ਵਿਚ ਤੀਰ ਕਮਾਨ, ਤਾਂਘਾਂ ਤਾਂਘਦੀ ਮਾਂ ਤੇ ਰਾਹ ਉਡੀਕਦਾ ਬਾਪੂ, ਮੱਥੇ ਟੇਕਦੀ ਪਰਜਾ ਕੀ ਏ ਸਾਰਾ ਸੰਸਾਰ ਮੇਰੇ ਸਰੀਰ ਲਈ ਹੈ? ਓਪਰਾ ਹੈ? ਕਿਉਂ ਜੋ ਏਹ ਆਖਦਾ ਹੈ ਕਿ ਤੂੰ ਸਰੀਰ ਨਹੀਂ ਹੈਂ ਤੇ ਜੇ ਮੈਂ ਸਰੀਰ ਨਹੀਂ ਹਾਂ ਤਾਂ ਏਹ ਸਰੀਰ ਨੂੰ ਚੰਗੇ ਲੱਗਣ ਵਾਲੇ ਸਾਰੇ ਅਡੰਬਰ ਬੀ ਮੇਰੇ ਨਾ ਹੋਏ। ਹਾਇ! ਹਾਇ! ਤਾਂ ਮੈਂ ਇੱਕਲੀ ਹਾਂ। ਜੇ ਸਰੀਰ ਮੇਰਾ ਨਹੀਂ ਤਾਂ ਮਾਂ ਤੇ ਬਾਪੂ ਜੀ ਬੀ ਮੇਰੇ ਨਹੀਂ, ਤੇ ਉਹ ਮੇਰੇ ਨਹੀਂ ਤਾਂ ਸਾਰੇ ਸੁਖ ਤੇ ਖੁਸ਼ੀਆਂ, ਜੋ ਉਹ ਦੇਂਦੇ ਹਨ, ਸਾਕ ਤੇ ਸਖੀਆਂ ਮੇਰੇ ਨਾ ਹੋਏ। ਹਾਇ! ਜੇ ਮੈਂ ਆਤਮਾ ਹਾਂ ਤਾਂ ਮੈਂ ਇਕੱਲੀ ਹਾਂ। ਇਸ ਵੇਲੇ ਮੇਰੀਆਂ ਅੱਖਾਂ ਅੱਗੇ ਇਕੱਲ ਰੂਪ ਬੰਨ੍ਹ ਕੇ ਆ ਗਈ। ਤਦੋਂ ਮੈਂ ਖੁਸ਼ੀਆਂ ਦੇ ਪੰਘੂੜੇ ਝੂਟਣ ਅੱਲ੍ਹੜ ਤੇ ਮੂਲੋਂ ਅਜਾਣ ਕੀ ਜਾਣਦੀ ਸਾਂ ਕਿ ਕੁਛ ਹੋਰ ਗੱਲ ਵੀ ਹੈ? ਚੰਗੇ ਦੀ ਗੱਲ ਸੋਚਦਿਆਂ ਮੇਰੇ ਉਦਾਲੇ ਇਕੱਲ ਆ ਗਈ। ਇਸ ਇਕੱਲ ਨੇ ਮੇਰੇ ਉਤੇ ਉਹ ਡਰ ਪਾਯਾ ਕਿ ਮੈਨੂੰ ਕੁਛ ਨਾ ਦਿੱਸੇ, ਕਲੇਜਾ, ਕੰਨ, ਲੂੰ ਕੰਡ ਹੋ ਗਏ, ਰੋਵਾਂ ਤੇ ਭੁੱਬਾਂ ਮਾਰਾਂ ਤੇ ਆਖਾਂ ਹਾਇ! ਮੈਂ ਕਿਵੇਂ ਆਤਮਾ ਨਾ ਹੋਵਾਂ। ਜਿਉਂ-ਜਿਉਂ ਮੈਂ ਸਹਿਮ ਖਾਵਾਂ ਤੇ ਡਰਾਂ ਤਿਉਂ-ਤਿਉਂ ਉਹ ਇਕੱਲ ਵਧਦੀ ਜਾਵੇ ਤੇ ਮੈਂ ਟੁੱਟਦੀ ਜਾਵਾਂ, ਕਿੰਨੇ ਚਿਰ ਮਗਰੋਂ ਮੇਰੀਆਂ ਅੱਖਾਂ ਖੁੱਲ੍ਹੀਆਂ। ਹੁਣ ਮੈਂ ਉੱਠਣਾਂ ਚਾਹਾਂ ਪਰ ਹੁਣ ਕੌਣ ਉੱਠੇ? ਜਿਨ੍ਹਾਂ ਮੇਰੀਆਂ ਲੱਤਾਂ ਨੇ ਸਾਰਾ-ਸਾਰਾ ਦਿਨ ਬਨ ਕੱਛੇ ਸਨ, ਉੱਠਣਾ ਭੁੱਲ ਗਈਆਂ। ਜਿਨ੍ਹਾਂ ਮੇਰੀਆਂ ਬਾਹਾਂ ਨੇ ਸ਼ੇਰ ਮਾਰੇ ਸਨ, ਜ਼ਮੀਨ ਤੇ ਟੇਕ ਧਾਰ ਕੇ ਆਸਰਾ ਦੇਣਾ ਵਿਸਾਰ ਬੈਠੀਆਂ।

ਫੇਰ ਮੈਨੂੰ ਖਿਆਲ ਆਇਆ ਕਿ ਮੈਂ ਬੇਦੋਸ਼ ਤੇ ਸਭ ਤੋਂ ਚੰਗੇ ਮਨੁੱਖ ਨੂੰ ਮਾਰਿਆ ਹੈ, ਮੈਂ ਪਾਪ ਕੀਤਾ ਹੈ। ਮੇਰੇ ਪਾਪ ਦਾ ਡੰਨ ਮੈਨੂੰ ਇਸ ਨੇ ਇਹ ਦਿਤਾ ਹੈ

ਜੋ ਮੈਨੂੰ ਇਕੱਲਿਆਂ ਕਰ ਦਿਤਾ ਸੂ। ਹਾਇ! ਹੁਣ ਮੈਂ ਸਦਾ ਦੁੱਖ ਭਰਾਂਗੀ, ਮੈਂ ਆਪ ਨੂੰ ਇਸ ਇਕੱਲ ਵਿਚ ਸਦਾ ਵੇਖਾਂਗੀ, ਕੋਈ ਮੇਰਾ ਨਹੀਂ, ਮੈਂ ਕੱਲੀ ਹਾਂ? ਹਾਇ ਹੁਣ ਤੋਂ ਮੈਂ ਨਿੱਤ ਰੋਇਆ ਕਰਾਂਗੀ ਤੇ ਇਕੱਲੀ ਦਿਨ-ਕਟੀ ਕਰਾਂਗੀ? ਮੇਰੇ ਦਿਨ ਕੀਕੂੰ ਲੰਘਿਆ ਕਰਨਗੇ? ਮੇਰੀ ਰਾਤ ਕੀਕੂੰ ਬੀਤਿਆ ਕਰੇਗੀ। ਜਦ ਸਾਰੇ ਹੀ ਮੇਰੇ ਨਹੀਂ ਤਦ ਓਪਰਿਆਂ ਦੇ ਸੁਖ ਮੈਂ ਕੀਕੂੰ ਲਵਾਂਗੀ? ਨਾਲੇ ਉਹ ਆਖਦਾ ਹੈ, ਤੂੰ ਸੁਖ ਦਿਆ ਕਰ, ਲਿਆ ਨਾ ਕਰ, ਕਿੱਡੀ ਅਨਹੋਣੀ ਗੱਲ ਆਖੀ ਸੂ? ਜਦ ਸਰੀਰ ਵੀ ਮੇਰਾ ਨਹੀਂ ਤਾਂ ਮੈਂ ਕਿਸੇ ਨੂੰ ਦਿਆ ਕੀ ਕਰਾਂ? ਹੁੰਦਾ ਤਾ ਕੋਈ ਵੰਡਾਵੇ, ਜਦ ਮੇਰੇ ਕੋਲ ਹੋਇਆ ਹੀ ਕੁਛ ਨਾ ਤਾਂ ਮੈਂ ਵੰਡ ਵੰਡਾ ਕੇ ਦਿਆਂਗੀ ਕੀਹ? ਹੁਣ ਫੇਰ ਮੇਰੀਆਂ ਅੱਖਾਂ ਅੱਗੇ ਇਕ ਹਨ੍ਹੇਰਾ ਉਠਿਆ ਅਰ ਸਭ ਕੁਛ ਲੋਪ ਹੋ ਗਿਆ। ਮੈਂ ਇਕੱਲੀ ਹਨ੍ਹੇਰੇ ਵਿਚ ਰਹਿ ਗਈ, ਇਸ ਵੇਲੇ ਮੈਂ ਐਤਨਾ ਡਰੀ ਕਿ ਮੇਰੀਆਂ ਚੀਕਾਂ ਨਾਲ ਸਾਰਾ ਘਰ ਗੂੰਜ ਉਠਿਆ। ਮਾਂ ਭੱਜੀ ਆਈ ਤੇ ਮੈਨੂੰ ਝੋਲ ਵਿਚ ਪਾ ਲਿਆ। ਮੇਰਾ ਮੱਥਾ ਚੁੰਮੇ, ਅੱਖਾਂ ਪੂੰਜੇ, ਘੁੱਟੇ, ਪਿਆਰ ਦੇਵੇ ਤੇ ਬਲਾਵਾਂ ਲਵੇ, ਪਰ ਮੈਨੂੰ ਸੁਰਤ ਨਾ ਆਵੇ, ਮੇਰੇ ਕਲੇਜੇ ਧੜਕਦੇ ਦੀ ਵਾਜ ਮਾਂ ਦੇ ਕੰਨਾਂ ਵਿਚ ਪਹੁੰਚੇ। ਮਾਂ ਨੇ ਮੇਰਾ ਮੂੰਹ ਧੋਤਾ, ਮੇਰੇ ਅੰਦਰ ਪਾਣੀ ਦਾ ਘੁੱਟ ਪਾਇਆ ਤੇ ਪੁੱਛੇ ਕੀ ਹੋਇਆ ਹੈ? ਜਾ ਮੈਂ ਅੱਖਾਂ ਖੋਹਲੀਆਂ ਤਾਂ ਆਖਿਆ, ਅੰਮੀਏ! ਮੈਨੂੰ ਛੱਡ ਦੇਹ, ਤੂੰ ਮੇਰੀ ਨਹੀਂ ਹੈਂ, ਨਾਲੇ ਮੈਂ ਤੇਰੇ ਦਿਤੇ ਸੁੱਖਾਂ ਨੂੰ ਲੈਣਾ ਨਹੀਂ ਹੈ। ਅੰਮੀ ਬਲਾਵਾਂ ਲੈ ਕੇ ਕਹਿਣ ਲੱਗੀ, ਧੀਏ ਕਿਉਂ? ਤਾਂ ਮੈਂ ਆਖਿਆ, ਅੰਮਾ! ਮੈਂ ਸਰੀਰ ਨਹੀਂ, ਮੈਂ, ਮੈਂ ਆ...ਤ...ਮਾਂ ਹਾਂ ਤੇ ਇਸ ਕਰਕੇ ਇਕੱਲੀ ਹਾਂ ਤੇ ਇਕੱਲਿਆਂ ਮੈਨੂੰ ਡਰ ਲਗਦਾ ਹੈ, ਉਹ ਡਰ ਮੈਨੂੰ ਖਾ ਰਿਹਾ ਹੈ ਤੇ ਖਾ ਜਾਵੇਗਾ, ਜਾਹ ਮਾਂ ਤੂੰ ਸਉਂ। ਮੈਨੂੰ ਚੰਗੇ ਮਨੁੱਖ ਨੇ ਮੇਰੇ ਅਪਰਾਧ ਦਾ ਡੰਨ ਦਿਤਾ ਹੈ, ਹੁਣ ਮੈਨੂੰ ਇਕੱਲ ਪਈ ਖਾਂਦੀ ਹੈ, ਤੂੰ ਜਾਹ, ਮੈਂ ਉਸ ਨੂੰ ਆਖਦੀ ਹਾਂ ਕਿ ਤੀਰ ਲੈ ਕੇ ਮੈਨੂੰ ਖੋਭ ਦੇਵੇ, ਮੈਂ ਇਸ ਤਰ੍ਹਾਂ ਮਰਨ ਨੂੰ ਤਿਆਰ ਹਾਂ, ਪਰ ਇਹ ਆਤਮਾ ਬਣ ਕੇ ਇਕੱਲ ਦੇ ਹੱਥੋਂ ਐਸ ਤਰ੍ਹਾਂ ਮਰਨਾ ਬੜੀ ਪੀੜ ਦੇਂਦਾ ਹੈ ਜੋ ਪੀੜ ਕਿ ਝੱਲੀ ਨਹੀਂ ਜਾਂਦੀ।

ਇਹ ਸੁਣ ਕੇ ਮਾਂ ਨੂੰ ਰੋਹ ਚੜ੍ਹ ਗਿਆ, ਕਹਿਣ ਲੱਗੀ, ਹੁਣੇ ਇਸ ਕਮਲੇ ਨੂੰ ਕਬਰਸਤਾਨ ਭੇਜ ਕੇ ਜੀਉਂਦਾ ਦਬਵਾ ਦਿੰਦੀ ਹਾਂ ਜੋ ਮੇਰੀ ਸੁੱਖੇ ਲੱਧੀ ਧੀ ਨੂੰ ਡਰਾਉਂਦਾ ਹੈ ਅਰ ਨਿਰਭੈ ਸ਼ੇਰ ਬਚੜੀ ਦਾ ਕਲੇਜਾ ਕੱਢ ਰਿਹਾ ਹੈ। ਇਹ ਡੈਣ ਬਾਵੇ ਦੇ ਹੁਣੇ ਡੱਕਰੇ ਕਰਾਉਂਦੀ ਹਾਂ। ਇਹ ਸੁਣ ਕੇ ਮੇਰੀ ਜਾਨ ਨਿਕਲੀ, ਮੈਂ ਦੋਸ਼ੀ ਟਹਿਲਣ ਵਾਂਗ ਮਾਂ ਦੇ ਪੈਰ ਫੜ ਲਏ ਤੇ ਆਖਿਆ, ਅੰਮੀ ਹੋਰ ਪਾਪ ਨਾ ਕਰੀਂ। ਮੈਂ ਪਾਪ ਕੀਤਾ ਹੈ, ਬਦਲਾ ਦੇਣਾ ਹੈ। ਇਹੋ ਗੱਲ ਪੰਡਤ ਜੀ ਆਖਦੇ ਹੁੰਦੇ ਸਨ ਕਿ ਨਾ? ਫੇਰ ਤੁਸੀਂ ਕਿਉਂ ਉਸ ਨਿਰਦੋਸ਼ੇ ਨੂੰ ਹੋਰ ਦੁਖ ਦੇਂਦੇ ਹੋ, ਜਿਸ ਨੂੰ ਮੈਂ ਅੱਗੇ ਦੁਖ ਦਿਤਾ ਹੈ ਤੇ ਹੁਣ ਪਾਪ ਦਾ ਫਲ ਮੈਨੂੰ ਲੱਗਾ ਹੈ ਕਿ ਮੈਂ ਇਕੱਲੀ ਹੋ ਗਈ ਹਾਂ। ਮੈਂ ਤਾਂ ਫਲ ਭੋਗਾਂਗੀ, ਪਰ ਤੂੰ ਜਾਹ ਆਰਾਮ ਕਰ, ਜਾਹ ਅੰਮੀ! ਤੂੰ ਜਾਹ। ਮਾਂ ਜਾਵੇ ਨਾ, ਦੰਦੀਆਂ ਕਰੀਚੇ, ਤੇ ਮੈਂ ਟੋਰਾਂ, ਛੇਕੜ ਮੈਂ ਕਿਹਾ, ਜੇ ਤੁਸਾਂ ਏਸ ਚੰਗੇ ਮਨੁੱਖ ਨੂੰ ਕੁਛ ਆਖਿਆ ਤਾਂ ਮੈਂ ਆਪੇ ਆਪਣੇ ਕਲੇਜੇ ਵਿਚ ਤੀਰ ਖੋਭ ਲਵਾਂਗੀ, ਤਾਂ ਮਾਂ ਟਲੀ, ਪਰ ਪੀਤੀ ਹੋਈ ਹੀ ਗਈ। ਹੁਣ ਮੈਂ ਉਸ ਇਕੱਲ ਦੇ ਸਹਿਮ ਵਿਚ ਬੈਠੀ ਸਾਂ, 'ਤੂੰ ਆਤਮਾ ਹੈਂ' ਏਹ ਆਵਾਜ਼ ਮੇਰੇ ਕੰਨਾਂ ਵਿਚ ਗੂੰਜ ਰਹੀ ਸੀ ਕਿ ਅਚਾਨਕ ਚੇਤਾ ਆਇਆ ਕਿ ਚੰਗੇ ਮਨੁੱਖ ਨੇ ਤਾਂ ਗੱਲਾਂ ਬੀ ਕੀਤੀਆਂ ਸਨ ਕਿ ਤੂੰ ਉੱਚੀ ਹੈਂ। ਮੈਂ ਉੱਚੀ ਹਾਂ, ਪਰਬਤ ਦੀ ਚੋਟੀ ਉੱਚੀ ਹੁੰਦੀ ਹੈ, ਸੋ ਬੀ ਇਕੱਲੀ ਤੇ ਉਜਾੜ ਹੁੰਦੀ ਹੈ। ਬੱਦਲ ਉੱਚੇ ਹੁੰਦੇ ਹਨ, ਪਰ ਸੁੰਨਸਾਨ ਹੈਨ, ਚੰਦ ਉੱਚਾ ਹੈ, ਪਰ ਉਹ ਬੀ ਇਕੱਲਾ ਹੈ, ਸੂਰਜ ਉੱਚਾ ਹੈ ਸੋ ਬੀ ਇਕੱਲਾ ਹੈ। ਜੋ ਮੈਂ ਉੱਚੀ ਹੋਈ ਤਾਂ ਬੀ ਇਕੱਲੀ ਹੀ ਹੋਈ ਨਾ। ਹਾਇ! ਮੈਂ, ਕੀਹ ਕਰਾਂ? ਇਕੱਲ ਖਾਂਦੀ ਹੈ।

ਤੂੰ ਆਤਮਾ ਹੈਂ ਤੇਰੇ ਵਿਚ ਮੋਹਿ ਨਹੀਂ, ਤਦੇ ਮੈਂ ਅੱਜ ਮਾਂ ਨੂੰ ਗੁੱਸੇ ਕਰ ਲਿਆ ਹੈ? ਚੰਗੇ ਨੇ ਕਿਹਾ ਸੀ, ਤੂੰ ਬੇਲੋੜ ਹੈਂ, ਬੇਲੋੜ ਹੋ, ਅਚਾਹ ਹੋ, ਪਰ ਮੈਨੂੰ ਰੋਟੀ ਦੀ ਤਾਂ ਲੋੜ ਹੈ, ਇਸ ਤੋਂ ਬੇਲੋੜ ਕੀਕੂੰ ਹੋਵਾਂ? ਤੇ ਜੇ ਮੇਰਾ ਕੋਈ ਨਹੀਂ, ਫੇਰ ਮੈਂ ਰੋਟੀ ਕਿੱਥੋਂ ਖਾਵਾਂਗੀ। ਕੋਈ ਬਹੁੜੋ ਵੇ ਮੈਨੂੰ, ਹਾਇ! ਮੈਂ ਕਿਵੇਂ ਆਤਮਾ ਨਾ ਹੋਵਾਂ? ਮੈਂ ਸੁਖ ਦਿਆ ਕਰਾਂਗੀ, ਲਵਾਂਗੀ ਨਹੀਂ, ਰੋਟੀ ਆਪ ਪਕਾਵਾਂਗੀ, ਪਾਣੀ ਆਪ ਭਰਾਂਗੀ, ਮੰਜਾ ਆਪ ਡਾਹਵਾਂਗੀ, ਕੱਪੜੇ ਆਪ ਧੋਵਾਂਗੀ ਪਰ ਇਹ ਬੀ ਕਿਕੂੰ ਕਰਾਂਗੀ? ਮੈਂ ਜਦ ਦੇਹ ਨਹੀਂ, ਤਾਂ ਦੇਹ ਦੇ ਕੰਮ ਕੀਕੂੰ ਕਰਾਂਗੀ? ਆਤਮਾ ਹਾਂ, ਸਭ ਤੋਂ ਅੱਡ ਹਾਂ, ਸਰੀਰ ਤੋਂ ਅੱਡ ਹੋਈ। ਹੁਣ ਮੈਂ ਇਸੇ ਧੁਨਿ ਵਿਚ ਇਕੱਲੀ ਰਹਾਂਗੀ ਤੇ ਇਕੱਲ ਮੈਨੂੰ ਖਾਯਾ ਕਰੇਗੀ ਤੇ ਮੈਂ ਸੁੱਕ ਕੇ ਮਰ ਜਾਵਾਂਗੀ।

ਮੈਂ ਇਨ੍ਹਾਂ ਵਹਿਮਾਂ ਵਿਚ ਰੁੜ੍ਹ ਰਹੀ ਸਾਂ ਕਿ ਚੰਗੇ ਮਨੁੱਖ ਦੇ ਫੇਰ ਨੈਣ ਖੁਲ੍ਹੇ ਤੇ ਤੱਕ ਕੇ ਮੁਸਕਰਾਏ। ਬੁੱਲ੍ਹ ਮੁਸਕਰਾਏ ਤੇ ਨੈਣ ਮੈਂ ਵਲ ਭਰ ਕੇ ਤੱਕੇ ਤਾਂ ਮੈਨੂੰ ਜਾਨ ਪੈ ਗਈ, ਉਸ ਵੇਲੇ ਇਕੱਲ ਮੇਰੀ ਨੱਸ ਗਈ ਤੇ ਮੈਨੂੰ ਖੁਸ਼ੀ ਆ ਗਈ। ਮੈਂ ਕੋਲ ਜਾ ਕੇ ਹੱਥ ਜੋੜੇ ਤਾਂ ਫੇਰ ਉਸ ਨੇ ਕਿਹਾ, ਤੂੰ ਆਤਮਾ ਹੈਂ, ਪਰ

ਇਕੱਲ ਤੈਨੂੰ ਨਹੀਂ ਖਾ ਸਕਦੀ। ਮੈਂ ਕਿਹਾ, ਹੇ ਚੰਗੇ ਮਨੁੱਖ! ਕਹੁ ਮੈਂ ਆਤਮਾ ਨਹੀਂ, ਇਹ ਸਜ਼ਾ ਮੇਰੇ ਝੱਲਣ ਦੀ ਨਹੀਂ, ਮੈਨੂੰ ਕੈਦ ਕਰ ਅਰ ਕਹੁ ਤੂੰ ਮੇਰੀ ਗੁਲਾਮ ਹੈਂ, ਹਰਦਮ ਮੇਰੇ ਨਾਲ ਰਹੁ ਤੇ ਸੇਵਾ ਕਰ। ਮੈਂ ਕਰਾਂਗੀ, ਜਾਂ ਤੀਰ ਲੈ ਤੇ ਖੋਭ ਦੇ ਮੇਰੇ ਕਲੇਜੇ, ਮੈਂ ਖੁਭਾਵਾਂਗੀ ਤੇ ਖੁਸ਼ੀ ਨਾਲ ਮਰਾਂਗੀ, ਪਰ ਮੈਨੂੰ ਆਤਮਾ ਨਾ ਕਹੁ। ਉਸ ਫੇਰ ਨੈਣ ਮੀਟੇ, ਚਿਰ ਪਿਛੋਂ ਖੋਹਲੇ ਤੇ ਕਿਹਾ, ਤੂੰ ਇਕੱਲੀ ਨਹੀਂ ਹੈ, ਤੇਰੇ ਨਾਲ ਨਿਰੰਕਾਰ ਹੈ। ਮੈਂ ਰੋ-ਰੋ ਕੇ ਕਿਹਾ, ਮੇਰੇ ਨਾਲ ਤੂ ਰਹੁ, ਮੈਨੂੰ ਹੋਰ ਕਿਸੇ ਦੀ ਲੋੜ ਨਹੀਂ, ਸਭ ਤੋਂ ਚੰਗਾ ਤੂੰ ਹੈਂ, ਤੈਥੋਂ ਚੰਗਾ ਹੋਰ ਕੋਈ ਨਹੀਂ। ਮੈਨੂੰ 'ਮੈਂ ਆਤਮਾ ਹਾਂ।, ਤੇ ਮੇਰੇ ਨਾਲ ਕੋਈ ਨਿਰੰਕਾਰ ਹੈ, ਦੀ ਲੋੜ ਨਹੀਂ। ਉਸ ਨੇ ਕਿਹਾ, ਮੈਂ ਆਤਮਾ ਹਾਂ, ਪਰ ਪਰਮਾਤਮਾ ਮੇਰੇ ਨਾਲ ਹੈ। ਤੂੰ ਆਤਮਾ ਹੈਂ ਪਰਮਾਤਮਾ ਤੇਰੇ ਨਾਲ ਹੈ। ਮੈਂ ਹੁਣ ਹੋਰ ਸਹਿਮੀ।

ਉਸ ਨੇ ਫੇਰ ਆਖਿਆ, ਪਰਮਾਤਮਾ ਹਰਦਮ ਤੇਰੇ ਨਾਲ ਹੈ, ਤੂੰ ਉਸ ਵਲ ਨਹੀਂ ਤੱਕਦੀ, ਉਹ ਤੈਨੂੰ ਦੇਖਦਾ ਹੈ। ਤੂੰ ਸੌਂ ਜਾਂਦੀ ਹੈਂ, ਉਹ ਜਾਗਦਾ ਹੈ, ਤੂੰ ਜੋ ਕਰਦੀ ਹੈਂ, ਉਹ ਦੇਖਦਾ ਹੈ, ਜੋ ਸੋਚਦੀ ਹੈਂ, ਉਹ ਜਾਣਦਾ ਹੈ। ਪਰ ਤੂੰ ਉਸ ਨੂੰ ਨਹੀਂ ਦੇਖਦੀ, ਨਾ ਜਾਣਦੀ ਹੈ। ਆਹ! ਹੁਣ ਮੇਰੇ ਤੇ ਹੋਰ ਡਰ ਛਾਇਆ। ਮੈਂ ਦਿਲ ਨੂੰ ਕਹਾਂ, ਮੇਰੇ ਨਾਲ ਕੋਈ ਲੁਕ ਕੇ ਰਹਿੰਦਾ ਹੈ ਜੋ ਮੇਰੇ ਸਾਰੇ ਕੰਮਾਂ ਨੂੰ ਵੇਂਹਦਾ ਹੈ, ਦਿਸਦਾ ਨਹੀਂ ਪਰ ਦੇਖਦਾ ਹੈ। ਸੋ ਫੇਰ ਨਾਲ ਤਾਂ ਹੋਇਆ, ਪਰ ਨਾ ਹੋਏ ਜਿਹਾ ਹੋਇਆ। ਹਾਇ! ਮੈਂ ਕਿਵੇਂ ਆਤਮਾ ਨਾ ਹੋਵਾਂ? ਜੇ ਉਹ ਵੇਂਹਦਾ, ਜਾਣਦਾ ਤੇ ਸੁਣਦਾ ਹੈ, ਤਾਂ ਮੈਂ ਹਰ ਕੰਮ ਕਰਨ ਲੱਗਿਆਂ ਅੜਕਿਆ ਕਰਾਂਗੀ, ਬੋਲਣ ਲੱਗੇ ਸੋਚਿਆਂ ਕਰਾਂਗੀ ਤੇ ਸੋਚਣ ਲੱਗਿਆਂ ਕੀ ਕਰਿਆ ਕਰਾਂਗੀ? ਡੁੱਬ ਜਾਇਆ ਕਰਾਂਗੀ?

ਫੇਰ ਮੈਂ ਉਸ ਨੂੰ ਕਿਹਾ, ਹੇ ਚੰਗੇ ਮਨੁੱਖ! ਮੈਂ ਪਾਪ ਕੀਤਾ ਹੈ, ਮੈਨੂੰ ਡੰਨ ਦੇਹ, ਪਰ ਐਡਾ ਕਰੜਾ ਨਾ ਦੇਹ। ਪਰ ਉਸ ਦੀਆਂ ਅੱਖਾਂ ਬੰਦ ਸਨ ਜੋ ਫੇਰ ਸਾਰਾ ਦਿਨ ਨਾ ਖੁੱਲ੍ਹੀਆਂ ਤੇ ਮੈਂ ਡੋਲਦੀ ਡਰਦੀ, ਸੋਚਦੀ, ਡੁੱਬਦੀ ਤਰਦੀ ਪਰ ਉਸ ਦੇ ਕੋਲ ਹੀ ਬੈਠੀ ਰਹੀ। ਪਿਤਾ ਜੀ ਆਏ ਮੈਂ ਭੱਜ ਕੇ ਉਹਨਾਂ ਦੇ ਗਲ ਨਾਲ ਜਾ ਲੱਗੀ, ਉਹ ਬੀ ਕੁਛ ਉਦਾਸ ਜਿਹੇ ਆਏ। ਮੇਰਾ ਚਿਹਰਾ ਵੇਖ ਕੇ ਹੋਰ ਉਦਾਸ ਹੋ ਗਏ, ਮੈਨੂੰ ਗਲ ਲਾਉਣ ਲੱਗੇ ਤਾਂ ਮੈਂ ਰਤਾ ਕੁ ਝਕੀ, ਪਰ ਉਨ੍ਹਾਂ ਨੇ ਜ਼ੋਰੀ ਛਾਤੀ ਨਾਲ ਮੇਰਾ ਸਿਰ ਲਾ ਕੇ ਘੁੱਟਿਆ ਤੇ ਸਿਰ ਤੇ ਹੱਥ ਫੇਰ ਕੇ ਮੈਨੂੰ ਪਿਆਰ ਦਿਤਾ। ਜਿਸ ਵੇਲੇ ਕਿ ਉਨ੍ਹਾਂ ਦਾ ਹੱਥ ਮੇਰੇ ਸਿਰ ਤੇ ਪਿਆਰ ਨਾਲ ਛੁਹਿਆ ਮੇਰੇ ਡੁਸਕਾਰੇ ਨਿਕਲ ਗਏ ਤੇ ਤੱਤੇ-ਤੱਤੇ ਹੰਝੂ ਉਨ੍ਹਾਂ ਦੀ ਛਾਤੀ ਤੇ ਵਗ ਤੁਰੇ। ਇਹ ਵੇਖ ਕੇ ਉਹ ਰਾਠ, ਰਾਠਾਂ ਵਿਚ ਬੀ ਨਾਮਣਾ ਪਾ ਚੁਕਾ ਰਾਠ ਪਿਤਾ, ਠੰਢਾ ਸਾਹ ਲੈ ਕੇ ਬੋਲਿਆ, ਧੀਏ! ਹੋਸ਼ ਕਰ, ਤੇਰਾ ਦੁਖ ਹੁਣੇ ਦੂਰ ਕਰਾਂ, ਪਰ ਤੇਰਾ ਪਿਆਰ ਹੀ ਕੁਛ ਨਹੀਂ ਕਰਨ ਦੇਂਦਾ। ਮੈਂ ਕੁਛ ਨਾ ਬੋਲੀ, ਮੈਨੂੰ ਇਕ ਠੰਢ ਪੈ ਰਹੀ ਸੀ, ਪਿਤਾ ਦੇ ਪਿਆਰ ਵਿਚ ਇਕ ਸੁਖ ਮਿਲ ਰਿਹਾ ਸੀ, ਮੈਂ ਖੁਸ਼ ਹੋ ਰਹੀ ਸਾਂ, ਚੇਤਾ ਆਉਂਦਾ ਸੀ ਕਿ ਸੁਖ ਦੇਣਾ ਹੈ, ਲੈਣਾ ਨਹੀਂ, ਪਰ ਮੈਂ ਐਸੀ ਜੀ-ਭਿਆਣੀ ਹੋ ਚੁਕੀ ਸਾਂ ਕਿ ਹੁਣ ਮੈਥੋਂ ਪਿਤਾ ਦੇ ਲਾਡ ਤੇ ਦਿਲਾਸੇ ਦਾ ਸੁਖ ਛਡਿਆ ਨਹੀਂ ਸੀ ਜਾਂਦਾ। ਮੈਨੂੰ ਹੁਣ ਧਿਰਾਸ ਹੋ ਗਿਆ ਕਿ ਮੈਨੂੰ ਖਾਣ ਵਾਲੀ ਇਕੱਲ ਤੋਂ ਰਾਖੀ ਕਰਨ ਵਾਲੇ ਬਾਪੂ ਜੀ ਆ ਗਏ ਹਨ। ਬਾਪੂ ਜੀ ਨੇ ਫੇਰ ਮੈਨੂੰ ਸਮਝਾਇਆ। ਜਦ ਮੈਂ ਉਨ੍ਹਾਂ ਨੂੰ ਆਪਣਾ ਦੁਖ ਦੱਸਿਆ, ਉਹ ਹੱਸ ਪਏ, ਆਖਣ ਲੱਗੇ - ਕਾਕੀ! ਤੇਰਾ ਭੋਲਾਪਨ ਤੇਰਾ ਵੈਰੀ ਹੋ ਰਿਹਾ ਹੈ। ਮੈਂ ਤੈਨੂੰ ਬੜੀ ਸਾਦਗੀ, ਸਿੱਧੇ ਤੇ ਭੋਲੇਪਨ ਵਿਚ ਪਾਲਿਆ ਹੈ, ਤੈਨੂੰ ਦੁਨੀਆਂ ਤੇ ਦੀਨ ਦੀ ਸਾਰ ਨਹੀਂ। ਬੱਚੀਏ! ਹੋਸ਼ ਕਰ ਤੇ ਸਮਝ ਜੋ ਕੁਛ ਤੈਨੂੰ ਉਸ ਨੇ ਆਖਿਆ ਹੈ ਉਸ ਤੋਂ ਮਾਲੂਮ ਹੁੰਦਾ ਹੈ ਕਿ ਉਹ ਸਾਧੂ ਹੈ, ਅਰ ਉਸ ਨੇ ਤੇਰੇ ਤੋਂ ਬਦਲਾ ਨਹੀਂ ਲਿਆ। ਜੋ ਗੱਲ ਉਹ ਚੰਗੀ ਜਾਣਦਾ ਸੀ, ਉਸ ਨੇ ਤੈਨੂੰ ਆਖੀ ਹੈ। ਤੂੰ ਬੜੀ ਭੋਲੀ ਹੈਂ, ਜੇ ਓਦੋਂ ਇਕ ਵੇਰ ਪੰਡਤ ਨੇ ਪਾਪ ਪੁੰਨ ਦੀ ਗੱਲ ਆਖੀ ਸੀ ਤਾਂ ਤੂੰ ਜੀ ਨੂੰ ਲਾ ਲਈ ਤੇ ਉੱਠ ਕੇ ਨਸ ਗਈ ਤਾਂਕਿ ਕੋਈ ਹੋਰ ਗੱਲ ਨਾ ਆਖ ਦੇਵੇ, ਜਿਸ ਨਾਲ ਮੇਰਾ ਜੀ ਨਿੱਕਾ ਨਾ ਹੋਵੇ। ਤੇ ਜੇ ਇਸ ਨੇ ਕਹਿ ਦਿਤਾ ਹੈ ਕਿ ਤੂੰ ਆਤਮਾ ਹੈਂ ਤਾਂ ਡਰ ਦੇ ਨਾਲ ਹੀ ਸਾਰੀ ਨਪੀੜੀ ਜਾ ਰਹੀ ਹੈਂ। ਕਾਕੀ! ਇਹ ਗੱਲਾਂ ਹਨ ਜੋ ਵਿਹਲੇ ਰਹਿਣ ਵਾਲੇ ਲੋਕ ਸਾਨੂੰ ਸੁਣਾ ਕੇ ਆਪਣੀ ਉਦਰ ਪੂਰਨਾ ਕਰਦੇ ਹਨ, ਇਨ੍ਹਾਂ ਗੱਲਾਂ ਵਿਚ ਕੁਛ ਨਹੀਂ ਹੁੰਦਾ। ਤੂੰ ਸਿੱਧੀ ਤੇ ਸਾਫ ਹੈਂ, ਅੰਦਰੋਂ ਬਾਹਰੋਂ ਇਕ ਹੈਂ, ਜੋ ਸੁਣਦੀ ਹੈਂ ਉਸ ਦੇ ਮਗਰ ਖਿਆਲ ਵਿਚ ਟੁਰ ਪੈਂਦੀ ਹੈਂ ਤੇ ਸ਼ੁਦੈਣ ਹੋ-ਹੋ ਜਾਂਦੀ ਹੈਂ। ਤਕੜੀ ਹੋ, ਬਹਾਦਰਾਂ ਦੀ ਸੰਤਾਨ ਬਹਾਦਰ ਹੁੰਦੀ ਹੈ। ਕੱਲ ਮੇਰੇ ਨਾਲ ਚੱਲ, ਇਕ ਸ਼ੇਰ ਨੇ ਬੇਲੇ ਵਿਚ ਇਕ ਸਿਪਾਹੀ ਮਾਰਿਆ ਹੈ। ਓਸ ਨੂੰ ਭਾਲਣਾ ਤੇ ਮਾਰਨਾ ਹੈ। ਸ਼ਿਕਾਰ ਵਿਚ ਚੱਲ ਕੇ ਤੇਰਾ ਜੀ ਖਿੜ ਜਾਵੇਗਾ।

ਮੈਂ ਕੁਛ ਬੋਲ ਤਾਂ ਨਾ ਸਕੀ, ਪਰ ਮੈਨੂੰ ਧਰਵਾਸ ਬਹੁਤ ਆ ਰਿਹਾ ਸੀ। ਪਿਤਾ ਜੀ ਕੁਛ ਚਿਰ ਪਿਆਰ ਦੇ ਕੇ ਚਲੇ ਗਏ। ਫੇਰ ਸੰਧਿਆ ਪੈ ਗਈ। ਮੈਂ ਇਸੇ ਹਾਲ ਵਿਚ ਹੀ ਲੇਟ ਗਈ। ਲੇਟੀ ਤਾਂ ਨੀਂਦ ਪੈ ਗਈ।

*'ਚਲਦਾ..........।'*

# ਜਪੁਜੀ ਸਾਹਿਬ ਦੀ ਮੂਲ ਵਿਚਾਰਧਾਰਾ

*ਡਾ. ਜਗਜੀਤ ਸਿੰਘ*
*ਐਡੀਟਰ-ਇਨ-ਚੀਫ, ਆਤਮ ਮਾਰਗ*

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ-54)*

ਧਰਤੀ ਦੀ ਸਥਾਪਨਾ ਅਤੇ ਜੀਆ ਦੀ ਹੋਂਦ ਰੱਬੀ ਹੁਕਮ ਵਿਚ ਹੋਈ ਅਤੇ ਉਹ ਸਭ ਰੱਬੀ ਹੁਕਮ ਵਿਚ ਕਿਰਿਆਸ਼ੀਲ ਹਨ। ਇਹ ਵਿਚਾਰ ਜਪੁਜੀ ਦੇ ਆਰੰਭ ਵਿਚ ਆ ਚੁੱਕਾ ਹੈ -

*ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥*
*ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥*
*ਅੰਗ - ੧*

ਨਿਰਣਾ ਇਹ ਹੈ -

*ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥*
*ਅੰਗ - ੧*

ਧਰਮ ਖੰਡ ਵਿਚ ਗੁਰੂ ਮਹਾਰਾਜ ਦਸ ਰਹੇ ਹਨ-

*ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥*
*ਤਿਨ ਕੇ ਨਾਮ ਅਨੇਕ ਅਨੰਤ ॥* *ਅੰਗ- ੭*

ਅਰਥਾਤ ਕੁਦਰਤ ਦੇ ਇਸ ਪਸਾਰੇ ਵਿਚ ਕਈ ਪ੍ਰਕਾਰ ਦੇ ਅਤੇ ਕੋਈ ਰੰਗਾਂ ਰੂਪਾਂ ਅਤੇ ਨਾਵਾਂ ਵਾਲੇ ਜੀਵ ਹਨ। ਇਸ ਦਾ ਵਿਸਥਾਰ ਪਉੜੀ 16, 17, 18, 19 ਵਿਚ ਹੋ ਚੁੱਕਾ ਹੈ।

*੧. ਜੀਅ ਜਾਤਿ ਰੰਗਾ ਕੇ ਨਾਵ ॥*
*ਸਭਨਾ ਲਿਖਿਆ ਵੁੜੀ ਕਲਾਮ ॥* *(ਪਉੜੀ ੧੬)*
*੨. ਅਸੰਖ ਜਪ ਅਸੰਖ ਭਾਉ*
*ਅਸੰਖ ਪੂਜਾ ਅਸੰਖ ਤਪ ਤਾਉ ॥.....॥* *(ਪਉੜੀ ੧੭)*
*੩. ਅਸੰਖ ਮੂਰਖ ਅੰਧ ਘੋਰ॥*
*ਅਸੰਖ ਚੋਰ ਹਰਾਮਖੋਰ॥* *(ਪਉੜੀ ੧੮)*
*੪. ਅਸੰਖ ਨਾਵ ਅਸੰਖ ਥਾਵ...............॥* *(ਪਉੜੀ ੧੯)*

ਮਨੁੱਖ ਜਾਤੀ ਦੀਆਂ ਅਨੇਕ ਵਨਗੀਆਂ ਦਸ ਕੇ ਨਿਰਣਾ ਇਹ ਦਿਤਾ ਹੈ -

*ਕੁਦਰਤਿ ਕਵਣ ਕਹਾ ਵੀਚਾਰੁ ॥*
*ਵਾਰਿਆ ਨ ਜਾਵਾ ਏਕ ਵਾਰ ॥*
*ਜੋ ਤੁਧੁ ਭਾਵੈ ਸਾਈ ਭਲੀ ਕਾਰ ॥*
*ਤੂ ਸਦਾ ਸਲਾਮਤਿ ਨਿਰੰਕਾਰ ॥* *(੧੬-੧੯)*

ਅਰਥਾਤ ਬੇਅੰਤ ਕੁਦਰਤ ਦਾ ਕਥਨ ਕਰ ਸਕਣਾ ਬਹੁਤ ਕਠਨ ਹੈ। ਇਹ ਰੱਬੀ ਖੇਡ ਹੈ, ਸਾਰਾ ਬ੍ਰਹਿਮੰਡ ਸਣੇ ਮਨੁੱਖਤਾ ਦੇ ਰੱਬੀ ਹੁਕਮ ਵਿਚ ਕਿਰਿਆਸ਼ੀਲ ਹੈ, ਜੋ ਹੁਕਮ ਵਿਚ ਕਿਰਿਆਸ਼ੀਲ ਹੈ ਉਹ ਸੁਖੀ ਹੈ, ਜੋ ਹੁਕਮ ਤੋਂ ਆਕੀ ਹੈ, ਦੁਖੀ ਹੈ, ਦੂਜਿਆਂ ਲਈ ਦੁਖ ਦਾ ਕਾਰਨ ਹੈ। ਧਰਮ ਖੰਡ ਦਾ ਅਗਲਾ ਸਿਧਾਂਤ ਇਹ ਹੈ -

*ਕਰਮੀ ਕਰਮੀ ਹੋਇ ਵੀਚਾਰੁ ॥*
*ਸਚਾ ਆਪਿ ਸਚਾ ਦਰਬਾਰੁ ॥* *ਅੰਗ- ੭*

ਅਰਥਾਤ ਬੇਅੰਤ ਕੁਦਰਤ ਦਾ ਕਥਨ ਕਰ ਸਕਣਾ ਬਹੁਤ ਕਠਨ ਹੈ। ਇਹ ਰੱਬੀ ਖੇਡ ਹੈ, ਸਾਰਾ ਬ੍ਰਹਿਮੰਡ ਸਣੇ ਮਨੁੱਖ ਦੇ ਰੱਬੀ ਹੁਕਮ ਵਿਚ ਕਿਰਿਆਸ਼ੀਲ ਹੈ, ਜੋ ਹੁਕਮ ਵਿਚ ਕਿਰਿਆਸ਼ੀਲ ਹੈ ਸੁਖੀ ਹੈ, ਜੋ ਹੁਕਮ ਤੋਂ ਆਕੀ ਹੈ, ਦੁਖੀ ਹੈ, ਦੂਜਿਆਂ ਲਈ ਦੁਖ ਦਾ ਕਾਰਨ ਹੈ। ਧਰਮ ਖੰਡ ਲਈ ਦੁਖ ਦਾ ਕਾਰਨ ਹੈ -

*ਕਰਮੀ ਕਰਮੀ ਹੋਇ ਵੀਚਾਰੁ॥*
*ਸਚਾ ਆਪਿ ਸਚਾ ਦਰਬਾਰ॥*

ਅਰਥਾਤ ਇਸ ਧਰਤੀ ਉਤੇ ਵਿਚਰਦੇ ਮਨੁੱਖ ਦੀ ਹੋਣੀ ਉਸ ਦੇ ਕੀਤੇ ਕਰਮਾਂ ਅਨੁਸਾਰ ਲਿਖੀ ਅਤੇ ਨਜਿੱਠੀ ਜਾਂਦੀ ਹੈ, ਜੋ ਮਨੁੱਖ ਕਰਦਾ ਹੈ, ਉਸ ਦਾ ਹੀ ਫਲ ਭੋਗਦਾ ਹੈ, ਹਰ ਕਰਮ ਦਾ ਪ੍ਰਤੀਕਰਮ ਸੁਤੇ ਸਿਧ ਹੋ ਰਿਹਾ ਹੈ। ਮਨ ਕਰਕੇ, ਬਚਨਾਂ ਕਰਕੇ, ਜਾਂ ਸਰੀਰਕ ਕਿਰਿਆ ਰਾਹੀਂ ਹਰੇਕ ਮਨੁੱਖ ਹਰ ਸਮੇਂ ਕਿਰਿਆਸ਼ੀਲ ਹੈ। ਕਰਮਾ ਦੇ ਸੰਸਕਾਰ ਬਣਦੇ ਹਨ, ਸੰਸਕਾਰਾਂ ਤੋਂ ਸੁਭਾ ਬਣਦਾ ਹੈ, ਜਿਸ ਦੇ ਪ੍ਰਭਾਵ ਹੇਠ ਮਨੁੱਖ ਚੰਗੇ ਮਾੜੇ ਕਰਮਾਂ ਵਿਚ ਰੁਝਿਆ ਹੋਇਆ ਹੈ। ਇਹ ਵੀ ਰੱਬੀ ਖੇਡ ਦਾ ਹੀ ਅੰਗ ਹੈ, ਰੱਬੀ ਕਾਨੂੰਨ ਦਾ ਹਿੱਸਾ ਹੈ। ਹਰੇਕ ਮਨੁੱਖ ਦੇ ਅੰਦਰ ਹਉਮੈ ਦਾ ਅੰਸ਼ ਵੀ ਰੱਬੀ ਹੁਕਮ ਅਨੁਸਾਰ ਹੈ। ਹਉਮੈ ਦਾ ਅੰਸ਼ ਮਨੁੱਖ ਅੰਦਰ ਦ੍ਵੈਤ ਭਾਵ ਪੈਦਾ ਕਰਦਾ ਹੈ, ਸੁਤੰਤਰ ਹੋਂਦ ਦਾ ਵਿਚਾਰ ਪੈਦਾ ਹੁੰਦਾ ਹੈ, ਮੈਂ ਮੇਰੀ, ਹੰਗਤਾ, ਮਮਤਾ ਪੈਦਾ ਹੁੰਦੇ ਹਨ ਤੇ ਮਨੁੱਖ, ਹਉਮੈ ਦੇ ਸਿਰਜੇ ਸੰਸਾਰ ਵਿਚ ਵਿਲੀਨ ਹੋ ਜਾਂਦਾ ਹੈ। ਜਿਵੇਂ-ਜਿਵੇਂ ਹਉਮੈ ਵਧਦੀ ਹੈ, ਮਨੁੱਖ ਰੱਬੀ ਹੁਕਮ ਤੋਂ ਦੂਰ ਹੁੰਦਾ ਜਾਂਦਾ ਹੈ। ਧਰਮ ਖੰਡ ਦੇ ਇਸ ਕਾਨੂੰਨ ਦਾ ਜ਼ਿਕਰ ਪਹਿਲਾਂ ਪਉੜੀ 20 ਵਿਚ ਇਸ ਪ੍ਰਕਾਰ ਹੋਇਆ ਹੈ -

*ਪੁੰਨੀ ਪਾਪੀ ਆਖਣੁ ਨਾਹਿ ॥*
*ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥*
*ਆਪੇ ਬੀਜਿ ਆਪੇ ਹੀ ਖਾਹੁ ॥*
*ਨਾਨਕ ਹੁਕਮੀ ਆਵਹੁ ਜਾਹੁ ॥* *(ਪਉੜੀ ੨੦)*

ਸੰਸਾਰ ਦੀ ਬਹੁ ਗਿਣਤੀ ਧਰਮ ਖੰਡ ਦੇ ਇਸ ਦੈਵੀ ਕਾਨੂੰਨ ਵਿਚ ਹੀ ਕਿਰਿਆਸ਼ੀਲ ਹੈ ਅਤੇ ਦੁਖ ਸੁਖ ਭੋਗਦੀ ਜੰਮਦੀ ਮਰਦੀ ਰਹਿੰਦੀ ਹੈ। ਏਥੇ ਇਕ ਹੋਰ ਵਿਚਾਰ ਇਹ ਆਇਆ ਹੈ - ਸਚਾ ਆਪਿ ਸਚਾ ਦਰਬਾਰੁ॥ ਇਸ ਦੇ ਸਾਧਾਰਨ ਅਰਥ ਇਹ ਕੀਤੇ ਜਾਂਦੇ ਹਨ - ਉਹ ਮਾਲਕ ਆਪ ਸੱਚਾ ਹੈ, ਉਸ ਦਾ ਦਰਬਾਰ ਵੀ ਸੱਚਾ ਹੈ। ਇਹ ਦਰਬਾਰ ਕਿਥੇ ਹੈ? ਕੀਤੇ ਕਰਮਾਂ

ਦਾ ਨਿਰਣਾ ਨਾਲੋ ਨਾਲ ਅੰਦਰ ਅੰਤਹਕਰਣ ਵਿਚ ਹੋ ਰਿਹਾ ਹੈ, ਇਹ ਮੰਨ ਲੈਣ ਸੌਖਾ ਹੈ, ਸਮਝ ਵਿਚ ਆ ਜਾਂਦਾ ਹੈ, ਅਨੁਭਵ ਵਿਚ ਵੀ ਆਉਂਦਾ ਹੈ ਪਰ ਸੱਚਾ ਦਰਬਾਰ ਬ੍ਰਹਿਮੰਡ ਦੇ ਕਿਸੇ ਵਿਸ਼ੇਸ਼ ਮੰਡਲ ਵਿਚ ਸਥਿਤ ਹੈ, ਜਿਥੇ ਰੱਬ ਦਾ ਦਰਬਾਰ ਸਜਦਾ ਹੈ ਅਤੇ ਜਿਸ ਦਾ ਅਗਲੀ ਪੰਕਤੀ ਵਿਚ ਜ਼ਿਕਰ ਹੈ -

*ਤਿਥੈ ਸੋਹਨਿ ਪੰਚ ਪਰਵਾਣੁ ॥*
*ਨਦਰੀ ਕਰਮਿ ਪਵੈ ਨੀਸਾਣੁ ॥*
*ਕਚ ਪਕਾਈ ਓਥੈ ਪਾਇ ॥*
*ਨਾਨਕ ਗਇਆ ਜਾਪੈ ਜਾਇ ॥* *ਅੰਗ- ੭*

ਅਰਥਾਤ, ਪਰਮਾਤਮਾ ਦੇ ਸੱਚੇ ਦਰਬਾਰ ਵਿਚ ਪਰਵਾਣ ਹੋਏ, ਪੁੱਗੇ ਹੋਏ ਸ੍ਰੇਸ਼ਠ ਜੀਵ, ਪੰਚ, ਸੋਭਾ ਪਾਉਂਦੇ ਹਨ। ਉਸ ਦਰਬਾਰ ਵਿਚ, ਪ੍ਰਮਾਤਮਾ ਦੀ ਬਖਸ਼ਿਸ਼ ਦੇ ਪਾਤਰ ਬਣੇ ਪੰਚ ਜਨ, ਪ੍ਰਵਾਨਗੀ ਦਾ ਨਿਸ਼ਾਨ ਹਾਸਲ ਕਰਦੇ ਹਨ। ਮਨੁੱਖਾਂ ਦੀ ਭਗਤੀ, ਕੀਤੇ ਕਰਮਾਂ ਦੀ ਕਚਿਆਈ ਅਤੇ ਪਕਿਆਈ ਦਾ ਗਿਆਨ ਅਤੇ ਨਿਰਣਾ ਇਸ ਸੱਚੇ ਦਰਬਾਰ ਵਿਚ ਹੁੰਦਾ ਹੈ। ਇਸ ਦਾ ਭੇਦ ਵੀ ਇਥੇ ਪੁਜਿਆ ਹੀ ਖੁਲ੍ਹਦਾ ਹੈ। ਸੱਚੇ ਦਰਬਾਰ ਦਾ ਜ਼ਿਕਰ ਬੜੇ ਸਪੱਸ਼ਟ ਅਤੇ ਜ਼ੋਰਦਾਰ ਸ਼ਬਦਾਂ ਵਿਚ ਕੀਤਾ ਹੈ ਜਿਸ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਕੇਵਲ ਬੁੱਧੀ ਦੀਆਂ ਹੱਦਾਂ ਵਿਚ ਵਿਚਰਨ ਵਾਲੇ, ਅਨੁਭਵ ਹੀਣੇ ਕਥਿਤ ਵਿਦਵਾਨ, ਲੰਬਾਈ-ਚੌੜਾਈ, ਪੁਲਾੜ ਅਤੇ ਕਾਲ ਦੀਆਂ ਹੱਦਾਂ ਵਿਚ ਵਿਚਰਨ ਵਾਲੇ ਇਨ੍ਹਾਂ ਸੀਮਾਵਾਂ ਤੋਂ ਮੁਕਤ ਪ੍ਰਮਾਤਮ ਹਸਤੀ ਦੀ ਵਚਿੱਤਰ ਖੇਡ ਦਾ ਥਹੁ ਪਤਾ ਨਹੀਂ ਲੈ ਸਕਦੇ। ਇਸ ਤੋਂ ਮੁਨਕਰ ਹੋ ਜਾਣਾ ਕਿੰਨਾ ਸੌਖਾ ਹੈ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਵਰਗੇ ਅਨੁਭਵੀ ਮਹਾਂਪੁਰਸ਼ਾਂ ਦੀ ਸੱਚੇ ਦਰਬਾਰ ਦੀ ਵਿਆਖਿਆ ਸੱਚ ਦੇ ਵਧੇਰੇ ਨੇੜੇ ਹੈ। ਇਹ ਉਲੇਖ ਰਾਣਾ ਸੂਰਤ ਸਿੰਘ ਵਿਚ ਪ੍ਰਾਪਤ ਹੈ। ਜਿਹੜੇ ਪੰਚ ਇਸ ਦਰਬਾਰ ਵਿਚ ਪ੍ਰਵਾਨ ਚੜ੍ਹਦੇ ਹਨ, ਉਨ੍ਹਾਂ ਦੀ ਸਖਸ਼ੀਅਤ ਦੀ ਘਾੜਤ, ਜਪੁਜੀ ਦੀਆਂ ਪਹਿਲੀਆਂ 33 ਪਉੜੀਆਂ ਵਿਚ ਘੜੀ ਹੈ। ਐਸੇ ਨਾਮ-ਅਭਿਆਸੀ, ਸੁਣਿਆ, ਮੰਨਿਆਂ, ਮਨਿ ਕੀਤਾ ਭਾਉ (21) ਦੀ ਅਵਸਥਾ ਲੰਘ ਕੇ ਪੰਚ ਦੀ ਪਦਵੀ ਪ੍ਰਾਪਤ ਕਰਦੇ ਹਨ ਤੇ ਪ੍ਰਵਾਨ ਚੜ੍ਹਦੇ ਹਨ। ਗੁਰਬਾਣੀ ਵਿਚ ਧਰਮ ਦੀ ਵਿਆਖਿਆ ਕਰਦਿਆਂ ਇਸ ਸਰੀਰ ਨੂੰ ਹੀ ਧਰਮ ਕਮਾਉਣ ਦਾ ਅਸਥਾਨ ਦਸਿਆ ਹੈ। ਇਸ ਸਰੀਰ ਵਿਚ ਅਨਮੋਲ ਰਤਨ ਲੁਕ ਰਹੇ ਹਨ ਜੋ ਗੁਰੂ ਦੀ ਅਗਵਾਈ ਹੇਠ ਨਾਮ-ਜਪੁ-ਸਿਮਰਨ ਦੀ ਕਮਾਈ ਰਾਹੀਂ ਪ੍ਰਾਪਤ ਹੋ ਸਕਦੇ ਹਨ। ਫੁਰਮਾਨ ਹੈ -

*ਇਹੁ ਸਰੀਰੁ ਸਭੁ ਧਰਮੁ ਹੈ*
*ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥*
*ਗੁਹਜ ਰਤਨ ਵਿਚਿ ਲੁਕਿ ਰਹੇ*
*ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥* *ਅੰਗ- ੩੦੯*

ਇਹ ਸਰੀਰ ਧਰਮ ਕਮਾਉਣ ਲਈ, ਨਾਮ-ਜਪੁ-ਸਿਮਰਨ ਰਾਹੀਂ ਧਰਮ ਦੀਆਂ, ਪਉੜੀਆਂ ਚੜ੍ਹਨ ਲਈ ਪ੍ਰਾਪਤ ਹੋਇਆ ਹੈ। ਸਾਡਾ ਆਲਾ-ਦੁਆਲਾ ਪਉਣ, ਪਾਣੀ, ਅਗਨੀ, ਚੰਦ, ਸੂਰਜ, ਧਰਤੀ, ਖੰਡ ਬ੍ਰਹਿਮੰਡ ਸਭ ਰੱਬੀ- ਭੈ, ਅਰਥਾਤ ਧਰਮ ਵਿਚ ਕਿਰਿਆਸ਼ੀਲ ਹਨ, ਮਨੁੱਖ ਦਾ ਵੀ ਰੱਬੀ-ਹੁਕਮ ਵਿਚ ਕਿਰਿਆਸ਼ੀਲ ਹੋਣਾ ਉਸ ਦਾ ਧਰਮ ਹੈ। ਧਰਮ ਖੰਡ ਵਿਚ ਐਸੀ ਸੋਝੀ ਪਰਦਾਨ ਕੀਤੀ ਹੈ। ਧਰਮ ਖੰਡ ਵਿਚ ਪ੍ਰਵਾਨ ਚੜ੍ਹੇ ਪੰਚ ਦਾ ਅਗਲਾ ਪੜਾ ਗਿਆਨ ਖੰਡ ਹੈ। ਇਸ ਦਾ ਕਥਨ ਇਸ ਪ੍ਰਕਾਰ ਹੈ -

*ਧਰਮ ਖੰਡ ਕਾ ਏਹੋ ਧਰਮੁ ॥*
*ਗਿਆਨ ਖੰਡ ਕਾ ਆਖਹੁ ਕਰਮੁ ॥*
*ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥*
*ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥*
*ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥*
*ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥*
*ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥*
*ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥*
*ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥*
*ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥*
*(ਪਉੜੀ ੩੫)*

ਇਹ ਪ੍ਰਭੂ ਦੀ ਅਨੰਤਤਾ ਅਤੇ ਬੇਅੰਤਤਾ ਦਾ ਖੰਡ ਹੈ। ਪਹਿਲਾ ਖੰਡ ਧਰਮ ਖੰਡ ਇਸ ਧਰਤੀ ਦੇ ਜੀਵਾਂ ਅਤੇ ਇਸ ਧਰਤੀ ਦੇ ਚਲਨ ਦਾ ਬਖਾਨ ਕਰਦਾ ਹੈ। ਧਰਮ ਖੰਡ ਇਸ ਧਰਤੀ ਦੇ ਪਵਨ, ਪਾਣੀ, ਅਗਨੀ ਦਾ ਜ਼ਿਕਰ ਕਰਦਾ ਹੈ, ਗਿਆਨ ਖੰਡ ਵਿਚ ਅਨੇਕਾਂ ਖੰਡ ਹਨ ਅਤੇ 'ਕੇਤੇ ਪਵਣ ਪਾਣੀ ਵੈਸੰਤਰ' ਦਾ ਜ਼ਿਕਰ ਹੈ। ਸਾਡੀ ਧਰਤੀ ਇਕ ਕਰਮ ਭੂਮੀ ਹੈ, ਗਿਆਨ ਖੰਡ ਦੇ ਅਨੁਭਵ ਵਿਚ 'ਕੇਤੀਆਂ ਕਰਮ ਭੂਮੀ, ਮੇਰ ਕੇਤੇ, ਕੇਤੇ ਧੂ ਉਪਦੇਸ' ਦਾ ਵਿਸਥਾਰ ਹੈ। ਗਿਆਨ ਖੰਡ ਵਿਚ ਪੰਚ ਦਾ ਅਨੁਭਵ ਰੱਬੀ ਵਿਸ਼ਾਲਤਾ ਅਤੇ ਅਨੰਤਤਾ ਨੂੰ ਮਾਣਦਾ ਹੈ। ਇਸ ਅਨੁਭਵ ਵਿਚ ਅਨੇਕਾਂ ਸੂਰਜਾਂ ਤਾਰਿਆਂ ਦੇ ਮੰਡਲ (ਕੇਤੇ ਇੰਦ ਚੰਦ, ਸੂਰ ਕੇਤੇ, ਕੇਤੇ ਮੰਡਲ ਦੇਸ), ਅਨੇਕਾਂ ਸਿਧ, ਬੁੱਧੀਮਾਨ, ਜੋਗੀ, ਰਿਸ਼ੀ, ਮੁਨੀ, ਕਈ ਪ੍ਰਕਾਰ ਦੇ ਅਨਮੋਲ ਰਤਨ ਅਤੇ ਵਿਸ਼ਾਲ ਸਮੁੰਦਰ, ਪ੍ਰਵਾਨ ਚੜ੍ਹੇ ਪੰਚ ਦੇ ਅਨੁਭਵ ਵਿਚ ਆਉਂਦੇ ਹਨ। ਉਹ ਰੱਬੀ ਕਾਇਨਾਤ ਦੀ ਵਿਸ਼ਾਲਤਾ ਵਿਚੋਂ ਪ੍ਰਭੂ ਦੇ ਹੀ ਦਰਸ਼ਨ ਦੀਦਾਰ ਕਰਦਾ ਹੈ, ਬਲਿਹਾਰ ਜਾਂਦਾ ਹੈ। ਉਸ ਨੂੰ 'ਬਲਿਹਾਰੀ ਕੁਦਰਤ ਵਸਿਆ' ਦਾ ਸਾਕਾਰਤਮਕ ਅਨੁਭਵ ਹੁੰਦਾ ਹੈ। ਇਸ ਧਰਤੀ ਤੇ ਉਪਜ ਦੀਆਂ ਚਾਰ ਖਾਣੀਆਂ, ਅੰਡਜ, ਜੇਰਜ, ਸੇਤਜ, ਉਤਭੁਜ ਮੰਨੀਆਂ ਜਾਂਦੀਆਂ ਹਨ, ਪਰ ਗਿਆਨ ਖੰਡ ਵਿਚ ਅਨੇਕਾਂ ਖਾਣੀਆਂ, ਅਨੇਕਾਂ ਬਾਣੀਆਂ ਦਾ ਅਨੁਭਵ ਹੁੰਦਾ ਹੈ -

*ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥*
*ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥*
*ਪਉੜੀ ੩੫*

ਗਿਆਨ ਖੰਡ ਗਿਆਨ ਦੇ ਪ੍ਰਕਾਸ਼ ਦਾ ਖੰਡ ਹੈ ਜਿਥੇ ਪ੍ਰਭੂ ਦੀ ਵਿਸ਼ਾਲ ਕੁਦਰਤ ਅਤੇ ਅਨੰਤ ਪਸਾਰੇ ਦੇ ਪ੍ਰਤੱਖ ਦਰਸ਼ਨ ਦੀਦਾਰ ਦੀ ਬਖਸ਼ਿਸ਼ ਹੁੰਦੀ ਹੈ। ਸਾਇੰਸਦਾਨਾਂ ਦੀਆਂ ਦੂਰਬੀਨਾਂ ਵੀ ਕੁਝ-ਕੁਝ ਐਸੀ ਝਲਕ ਪ੍ਰਾਪਤ ਕਰਨ ਵਿਚ ਸਹਾਇਕ ਸਿਧ ਹੋਈਆਂ ਹਨ ਪਰ ਸੈਂਕੜੇ ਅਤੇ ਹਜ਼ਾਰਾਂ ਸਾਲਾਂ ਦੀ ਖੋਜ ਇਸ ਵਿਸ਼ਾਲਤਾ ਦਾ ਅੰਸ਼ ਮਾਤਰ ਹੀ ਜਾਣਨ ਵਿਚ ਸਫਲ ਹੋਈ ਹੈ। ਜਦ ਕਿ ਅੰਦਰ ਦੀ ਯਾਤਰਾ ਦੇ ਉਪਾਸ਼ਕ ਪੰਚ ਪਦਵੀ ਨੂੰ ਪ੍ਰਾਪਤ ਭਗਤ ਨੂੰ ਇਸ ਵਿਸ਼ਾਲਤਾ ਦੇ ਸੱਚੇ ਦਰਸ਼ਨ ਦੀਦਾਰ ਅਤੇ ਹੋਰ ਅਨੰਦਮਈ ਤਮਾਸ਼ੇ ਤੇ ਕੌਤਕਾਂ ਅਤੇ ਵਿਸਮਾਦਮਈ ਅਨਹਦ ਧੁਨੀਆਂ ਦਾ ਅਨੁਭਵ ਪ੍ਰਤੱਖ ਅਤੇ ਸੁਤੇ ਸਿਧ ਹੋ ਜਾਂਦਾ ਹੈ। ਗਿਆਨ ਖੰਡ ਦਾ ਲਕਸ਼ ਗੁਰੂ ਜੀ ਨੇ ਇਹ ਦਸਿਆ ਹੈ -

*ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥*
*ਤਿਥੈ ਨਾਦ ਬਿਨੋਦ ਕੋਡ ਅਨੰਦੁ ॥*

ਗਿਆਨ ਖੰਡ ਵਿਚ ਅਨੁਭਵੀ ਗਿਆਨ, ਪਰਮਾਤਮ ਰਚਨਾ ਦੀ ਵਿਸ਼ਾਲਤਾ, ਕਿਰਿਆਸ਼ੀਲ ਅਸਚਰਜ ਕੌਤਕਾਂ, ਬ੍ਰਹਿਮੰਡ ਵਿਚ ਹੋ ਰਹੀਆਂ, ਆਨੰਦਮਈ ਧੁਨੀਆਂ ਦਾ ਗਿਆਨ ਪ੍ਰਾਪਤ ਹੁੰਦਾ ਹੈ। ਇਹ ਅੰਦਰ ਦਾ ਪ੍ਰਕਾਸ਼ ਹੈ ਜੋ ਪ੍ਰਮਾਤਮਾ ਦੀ ਨਿਕਟਤਾ ਤੋਂ ਪ੍ਰਾਪਤ ਹੁੰਦਾ ਹੈ। ਪ੍ਰਭੂ ਨਿਕਟਤਾ ਕਾਰਨ ਪ੍ਰਭੂ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ, ਆਪਣੇ ਬ੍ਰਹਿਮੰਡ ਦਾ ਪ੍ਰਕਾਸ਼ ਪੰਚ ਦੇ ਪਿੰਡ ਵਿਚ ਹੀ ਬਖਸ਼ ਦਿੰਦਾ ਹੈ ਜਿਸ ਦਾ ਜ਼ਿਕਰ ਭਗਤ ਪੀਪਾ ਜੀ ਨੇ ਕੀਤਾ ਹੈ -

*ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥*
*ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥*
*ਅੰਗ - ੬੯੫*

ਧਰਮ ਖੰਡ ਦੀ ਘਾਲਣਾ ਸਦਕਾ ਸਾਧਕ ਗਿਆਨ ਖੰਡ ਵਿਚ ਪ੍ਰਵੇਸ਼ ਕਰਦਾ ਹੈ, 'ਪੰਚ ਪਦ' ਦਾ ਧਾਰਨੀ ਸਾਧਕ ਜਦੋਂ ਪ੍ਰਮਾਤਮਾ ਦੇ ਵਿਸ਼ਾਲ ਬ੍ਰਹਿਮੰਡ ਦੇ ਅਦਭੁਤ ਨਜ਼ਾਰੇ ਅੰਦਰ ਅਤੇ ਬਾਹਰ ਮਾਣਦਾ ਹੈ ਤਾਂ ਸਚੁ ਖੰਡ ਦੇ ਦਰਸ਼ਨ ਦੀਦਾਰ ਕਰਨ ਲਈ ਉਸ ਦੀ ਜਗਿਆਸਾ ਬਹੁਤ ਬਲਵਾਨ ਹੋ ਜਾਂਦੀ ਹੈ, ਉਹ ਪੂਰੇ ਬਲ ਨਾਲ ਘਾਲਣਾ ਘਾਲਣ ਲਈ ਤੱਤਪਰ ਹੋ ਜਾਂਦਾ ਹੈ।

ਸਰਮ ਖੰਡ ਐਸੀ ਨਾਮ ਘਾਲਣਾ, ਨਾਮ ਸਾਧਨਾ ਅਤੇ ਕਮਾਈ ਦਾ ਖੰਡ ਹੈ ਜਿਸ ਵਿਚ ਪੰਚ ਪੂਰੀ ਲਗਨ, ਪੂਰੀ ਤਨਦੇਹੀ ਨਾਲ ਅੱਗੇ ਵਧਣ ਲਈ, ਤੱਤਪਰ ਹੋ ਕੇ ਮਿਹਨਤ ਕਰਦਾ ਹੈ। ਉਸ ਉਪਰ ਆਪਣੇ ਲਕਸ਼ ਦੀ ਪ੍ਰਾਪਤੀ ਦੀ ਧੁਨ ਸਵਾਰ ਹੋ ਜਾਂਦੀ ਹੈ। ਇਹ ਸਭ ਕੁਝ ਹਉਂ ਆਸਰਿਤ ਨਹੀਂ, ਗੁਰੂ-ਆਸਰਿਤ ਹੁੰਦਾ ਹੈ। ਹੁਣ ਉਸ ਨੂੰ ਦੁਨੀਆਂ ਦੀ ਕੋਈ ਖਿੱਚ ਆਪਣੇ ਲਕਸ਼ ਤੋਂ ਹੋੜ ਨਹੀਂ ਸਕਦੀ। ਵਿਸ਼ਵਾਸ਼ ਦੀ ਦ੍ਰਿੜਤਾ ਨਾਲ ਉਹ ਪ੍ਰਭੂ-ਮਿਲਾਪ ਲਈ ਘਾਲਣਾ ਘਾਲਦਾ ਅੱਗੇ ਵਧਦਾ ਹੈ। ਇਸ ਘਾਲਣਾ ਵਿਚੋਂ ਉਸ ਨੂੰ ਵਿਸਮਾਦ-ਜਨਕ ਅਨੰਦ ਆਉਂਦਾ ਹੈ। ਇਸ ਖੰਡ ਦਾ ਮੁੱਖ ਲਕਸ਼ ਸੁੰਦਰਤਾ ਹੈ। ਨਾਮ ਦੀ ਘਾਲਣਾ ਵਿਚ ਜਗਿਆਸੂ ਦਾ ਅਤੀ ਸੁੰਦਰ ਸਰੂਪ ਘੜਿਆ ਜਾਂਦਾ ਹੈ। ਇਥੇ ਪੂਜਿਆਂ ਦੀ ਸੁਰਤਿ, ਮਤ, ਮਨ ਅਤੇ ਬੁੱਧੀ ਨੂੰ ਸੱਚੀ ਟਕਸਾਲ ਵਿਚ ਨਿਰਮਲ, ਸ਼ੁੱਧ, ਸੁੰਦਰ, ਸਰੂਪ ਪ੍ਰਾਪਤ ਹੁੰਦਾ ਹੈ। ਮਨ ਵਿਚ ਅਡੋਲਤਾ, ਸਹਿਜ ਅਤੇ ਅਨੰਦ ਆ ਵਸਦਾ ਹੈ। ਇਸ ਖੰਡ ਵਿਚ ਦੇਵਤਿਆਂ ਅਤੇ ਸਿੱਧਾਂ ਵਾਲੀ ਬਬੇਕ-ਬੁੱਧੀ ਅਤੇ ਉੱਚੀ ਸੁਰਤਿ ਦੀ ਬਖਸ਼ਿਸ਼ ਹੁੰਦੀ ਹੈ। ਇਸ ਦਾ ਬਿਆਨ ਕਰਨਾ ਬੜਾ ਕਠਨ ਹੈ। ਸਰਮ ਖੰਡ ਦਾ ਵਿਸ਼ੇਸ਼ ਲਕਸ਼ ਇਹ ਹੈ -

*ਸਰਮ ਖੰਡ ਕੀ ਬਾਣੀ ਰੂਪੁ ॥*
*ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥*
*ਤਾ ਕੀਆ ਗਲਾ ਕਥੀਆ ਨਾ ਜਾਹਿ ॥*
*ਜੇ ਕੋ ਕਹੈ ਪਿਛੈ ਪਛੁਤਾਇ ॥*
*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥*
*ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥ ੩੬ ॥*

*ਚਲਦਾ......॥'*

---

*(ਪੰਨਾ 45 ਦੀ ਬਾਕੀ)*

ਗਏ ਅਤੇ ਜਾ ਕੇ ਰਾਣੀ ਦੀ ਗੋਦ ਵਿਚ ਬੈਠ ਕਿਹਾ, ਭਾਈ ਸੰਤਾਂ, ਫਕੀਰਾਂ ਦੀ ਪਰਖ ਠੀਕ ਨਹੀਂ ਹੁੰਦੀ। ਇਹ ਸੁਣ ਕੇ ਰਾਜਾ ਜੈ ਸਿੰਘ ਅਤੇ ਉਨ੍ਹਾਂ ਦੀ ਪਤਨੀ ਗੁਰੂ ਚਰਨਾਂ 'ਤੇ ਢਹਿ ਪਏ ਤੇ ਖਿਮਾ ਜਾਚਨਾ ਕੀਤੀ।

ਗੁਰੂ ਪਾਤਸ਼ਾਹ ਅਜੇ ਦਿੱਲੀ ਵਿਚ ਹੀ ਸਨ ਕਿ ਦਿੱਲੀ ਵਿਚ ਚੇਚਕ ਦੀ ਬਿਮਾਰੀ ਫੈਲ ਗਈ। ਲੋਕਾਂ ਵਿਚ ਹਫੜਾ ਤਫੜੀ ਮਚ ਗਈ। ਗੁਰੂ ਪਾਤਸ਼ਾਹ ਨੇ ਆਪਣੇ ਸ਼ਫ਼ਾਖਾਨੇ ਨੂੰ ਦਿੱਲੀ ਤਬਦੀਲ ਕਰ ਦਿਤਾ ਅਤੇ ਲੋਕਾਂ ਦਾ ਦੁੱਖ ਵੰਡਾਣ ਲਈ ਆਪ ਵੀ ਸੇਵਾ ਵਿਚ ਲਗ ਗਏ। ਇਸ ਗੱਲ ਤੋਂ ਔਰੰਗਜ਼ੇਬ ਬੇਹੱਦ ਪ੍ਰਭਾਵਿਤ ਹੋਇਆ ਅਤੇ ਮਿਲਣ ਦੀ ਇੱਛਾ ਨਾਲ ਬਹੁਤ ਸਾਰੇ ਤੋਹਫ਼ੇ ਗੁਰੂ ਪਾਤਸ਼ਾਹ ਵਾਸਤੇ ਭੇਜੇ, ਪਰ ਗੁਰੂ ਜੀ ਨੇ ਕਿਹਾ ਕਿ ਨਾ ਉਹ ਉਸ ਦੇ ਤੋਹਫ਼ੇ ਪ੍ਰਵਾਨ ਕਰਦੇ ਹਨ ਅਤੇ ਨਾ ਹੀ ਉਸ ਨੂੰ ਦਰਸ਼ਨ ਦੇਣਗੇ। ਭਾਈ ਕੇਸਰ ਸਿੰਘ ਛਿੱਬਰ ਲਿਖਦਾ ਹੈ ਕਿ 'ਅੱਧੀ ਘੜੀ ਬੂਹੇ' 'ਤੇ ਔਰੰਗਜ਼ੇਬ ਖੜ੍ਹਾ ਰਿਹਾ ਅਤੇ ਬਾਰ-ਬਾਰ ਬੇਨਤੀ ਕਰਨ ਤੇ ਉਸ ਦੁਆਰਾ ਲਿਆਂਦੀ ਭੇਟਾ ਵਿਚੋਂ ਗੁਰੂ ਪਾਤਸ਼ਾਹ ਨੇ ਅਖੀਰ ਇਕ ਮਾਲਾ ਰੱਖ ਲਈ ਅਤੇ ਉਹ ਵਾਪਸ ਚਲਾ ਗਿਆ।

ਦਿੱਲੀ ਵਿਚ ਉਹ ਬਿਮਾਰੀ ਗ੍ਰਸਤ ਲੋਕਾਂ ਦੀਆਂ ਦੁੱਖ ਤਕਲੀਫ਼ਾਂ ਨੂੰ ਵੰਡਾਉਂਦੇ ਹੋਏ 1664 ਈਸਵੀ ਨੂੰ 'ਬਾਬਾ' ਬਕਾਲੇ ਦਾ ਬਚਨ ਕਹਿ ਆਪ ਰੱਬੀ ਹੁਕਮ ਅਨੁਸਾਰ ਜੋਤੀ ਜੋਤਿ ਸਮਾ ਗਏ।

## ਪਿਆਰੇ ਪਾਠਕ ਜਨੋ ਅਤੇ ਸਾਧ ਸੰਗਤ ਜੀ!

ਆਪ ਜੀ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਟਰੱਸਟ ਵੱਲੋਂ ਸਤਿਕਾਰਯੋਗ ਮਹਾਂਪੁਰਸ਼ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੇ ਕੀਰਤਨ ਪ੍ਰਵਚਨ ਸਰਵਣ ਕਰਨ ਲਈ ਹੇਠ ਲਿਖੇ ਚੈਨਲ ਨੂੰ ਆਪਣੇ ਟੀ.ਵੀ. ਤੇ ਸਬਸਕਰਾਇਬ ਕਰਨ ਦੀ ਕ੍ਰਿਪਾਲਤਾ ਕਰੋ ਜੀ।



ਸੱਚਖੰਡ ਵਾਸੀ ਸ੍ਰੀ ਮਾਨ
ਸੰਤ ਬਾਬਾ ਵਰਿਆਮ ਸਿੰਘ ਜੀ
ਮਹਾਰਾਜ ਰਤਵਾੜਾ ਸਾਹਿਬ

FASTWAY

### ਫਾਸਟਵੇਅ ਕੇਬਲ ਟੀ.ਵੀ. ਨੈਟਵਰਕ

**ਚੈਨਲ ਨੰਬਰ - 202 ਪੰਜਾਬ ਪਲੱਸ ਰਾਹੀਂ**

**ਸਮਾਂ ਹਰ ਰੋਜ਼ - ਸਵੇਰੇ**
**4.45 ਤੋਂ 6.45 ਤੱਕ (2 ਘੰਟੇ)**

ਇਹ ਕੀਰਤਨ ਪ੍ਰਵਚਨ ਸਾਰਾ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ ਤੇ ਜਿਥੇ ਵੀ ਫਾਸਟਵੇਅ ਕੇਬਲ ਚਲ ਰਹੀ ਹੈ, ਤੁਸੀਂ ਉਸ ਉਤੇ ਦੇਖ ਸਕਦੇ ਹੋ।

## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**
**ਪੂਰਨਮਾਸ਼ੀ - 3 ਜੁਲਾਈ, ਦਿਨ ਸੋਮਵਾਰ - ਰਤਵਾੜਾ ਸਾਹਿਬ, (ਸਮਾਂ - ਸ਼ਾਮੀ 7.00 ਤੋਂ 9.00 ਵਜੇ ਤੱਕ)**
**ਪੂਰਨਮਾਸ਼ੀ ਸੰਤ ਬੇਲਾ (ਨੇੜੇ ਸ੍ਰੀ ਅਨੰਦਪੁਰ ਸਾਹਿਬ)**
**(ਸਮਾਂ - ਸ਼ਾਮੀ 7.00 ਤੋਂ 10.00 ਵਜੇ ਤੱਕ)**
**ਸਾਵਣਿ - ਸੰਗਰਾਂਦ-16 ਜੁਲਾਈ, ਦਿਨ ਐਤਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**

## ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

**ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ**

**VGRMCT/Atam Marg Magazine**
**A/C No. 12861100000008, RTGS/IFSC Code - PSIB0021286, Branch Code - C1286**

**Within India**

| Subscription Period | By Registry Post/Cheque |
|---|---|
| 1 Year | Rs. 300/320 |
| 3 Year | Rs. 750/770 |
| 5 Year | Rs. 1200/1220 |
| Life (20Year) | Rs 3000/3020 |

**ਦਸਵੰਧ ਭੇਜਣ ਲਈ -**

**Vishav Gurmat Roohani Mission Charitable Trust**
**A/C No. 12861100000005, RTGS/IFSC Code - PSIB0021286, Branch Code - C1286**

ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901 ਨੂੰ ਭੇਜਿਆ ਜਾਵੇ ਜੀ। ਜੇਕਰ Online ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ sms ਕੀਤਾ ਜਾਵੇ।

# PURSUANT OF GOVT. OF INDIA FCRA GUIDELINES REGARDING DONATIONS FROM ABROAD

It is for your kind information that Bank Account No. 0779000100179603 earlier opened in Punjab National Bank, Mullanpur Garibdas, Distt. S.A.S Nagar (Mohali)-140901 for receiving donation from foreign countries has been changed with immediate effect. Now, FCRA Saving Bank Account for this purpose has been opened in State Bank of India as per instructions of Govt. of India. Particulars of the New Account are given below for online transfer of donation amount:

**Name of Account – Vishav Gurmat Roohani Mission Charitable Trust**
**Account No. – 40227222757, Bank - State Bank of India**
**Branch - New Delhi Main Branch, 11 Sansad Marg, New Delhi-110001**
**Swift Code - SBININBB104, IFSC Code - SBIN0000691, Branch Code – 00691,**
**Purpose Code - P1303 (Donations to religious and Charitable Institutions in India)**

You are requested that forthwith all donations amounts should be sent to the Trust only through one of the following banks specified by Govt. of India:

## LIST OF CORRESPONDENT BANKS

### Australia

1. Commonwealth Bank Of Australia CTBAAU2S
2. Australia And NewZealand Banking Group Ltd ANZBAU3M
3. National Australia Bank Ltd NATAAU33
4. Westpack Banking Corporation WPACAU2F

### Canada

1. SBI Canada Bank SBINCATX
2. Canadian Imperial Bank Of Commerce CIBCCATT
3. Bank Of Montreal BOFMCAM2
4. Royal Bank Of Canada ROYCCAT2
5. The Toronto Dominion Bank TDOMCATT
6. The Bank Of Nova Scotia (SCOTIA BANK) NOSCCATT

### Germany

1. Commerze bank AGCOBADEFF
2. DZ Bank AG Deutsche Zentral-Genos GENODEFF
3. Uni Credit Bank AGHYVEDEMM
4. Bayerische Landes bank BYLADEMM
5. Landes bank Baden Wurttemberg SOLADEST
6. Norddeutsche Landes bank Girozen trale NOLADE2H
7. Deutsche Bank AGDEUTDEFF
8. HSBCT rinkaus & Burkhadt AGTUBDDEDD

### Italy

1. Credit AgricoleI talia SpACRPPIT2P
2. Intesa Sanpaolo Sp ABCITITMM
3. Unicredit SPAUNCRITMM
4. Banca Popolaredi Sondrio Societa Cooperativa perAzioni POSOIT22
5. BPERB anca Sp ABPMOIT22

### United Kingdom

1. Standard Chartered Bank SCBLGB2L
2. Couttsand Company COUTGB22
3. National Westminster Bank Plc (NatWestBank) NWBKGB2L
4. Royal Bank of Scotland Plc RBOSGB2L
5. Barclays Bank PlcBARCGB22
6. HSBC Bank Plc MIDLGB22
7. Lloyds Bank PlcLOYDGB2L
8. State Bank of India (UK)Ltd.SBOIGB2L

### United States

1. Fifth Third Bank FTBCUS3C
2. HSBC Bank USA National Association MRMDUS33
3. Deutsche Bank Trust Company Americas BKTRUS33
4. Wells Fargo Bank National Association WFBIUS6S
5. Silicon Valley Bank SVBKUS6S
6. State Bank of India (California) SBCAUS6L
7. The Bank of New York Mellon IRVTUS3N
8. PNC Bank National Association PNCCUS33
9. BOKF National Association BAOKUS44
10. MUFG Union Bank National Association BOFCUS33
11. Bank of America National Association BOFAUS3N
12. Key bank National Association KEYBUS33
13. US Bank National Association USBKUS44
14. Citi bank NACITIUS33
15. JP Morgan Chase Bank National Association CHASUS33
16. The Northern Trust Company CNORUS44

In case you want to send donations by cheque, please send it to the Trust along with Donor's ID Proof & Address Proof at the address : Gurdwara Isher Parkash, Ratwara Sahib, (Near New Chandigarh), P.O Mullanpur Garibdas, Distt. S.A.S Nagar (Mohali)-140901, Punjab (India)

**For any query, please contact Mobile No. 98889-10777. Email id : gurmukh4124@gmail.com**

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਟਰੱਸਟ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 120/– | 70/– |
| 2. | ਕਿਵ ਕੂੜੈ ਤੁਟੈ ਪਾਲਿ | 120/– | 35/– |
| 3. | ਬਾਤ ਅਗੰਮ ਕੀ | 400/– | 400/– |
| 4. | ਕਿਵ ਸਚਿਆਰਾ ਹੋਈਐ – | 400/– | |
| 5. | ਹੋਵੈ ਅਨੰਦੁ ਘਣਾ | | 30/– |
| 6. | ਚਉਥੈ ਪਹਰਿ ਸਬਾਹ ਕੈ | 55/– | 60/– |
| 7. | ਸੁਰਤਿਆਂ ਉਪਜੈ ਚਾਉ | 40/– | 60/– |
| 8. | ਬਾਬਾਣੀਆਂ ਕਹਾਣੀਆਂ | 50/– | 50/– |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/– | 10/– |
| 10. | ਅੰਮ੍ਰਿਤ ਫੁਹਾਰ | 10/– | 10/– |
| 11. | ਅਗੰਮ ਅਗੋਚਰ ਦਾ ਮਾਰਗ | 60/– | 70/– |
| 12. | ਪੁਰਾਤਨ ਟੀਕਾ – ਜਪੁਜੀ ਸਾਹਿਬ | 30/– | |
| 13. | ਅਮਰ ਜੋਤਾਂ | 20/– | 15/– |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/– | |
| 15. | ਅਮਰ ਗਾਥਾ | 200/– | 100/– |
| 16. | ਧਰਮ ਯੁਧ ਕੇ ਚਾਇ | 50/– | |
| 17. | ਪਵਿੱਤਰ ਪੈਂਡਾ | 25/– | |
| 18. | ਭਗਤ ਪ੍ਰਹਿਲਾਦ | 10/– | 10/– |
| 19. | ਵੈਸਾਖੀ | 40/– | 10/– |
| 20. | ਸਾਜਨ ਚਲੇ ਪਿਆਰਿਆ | | 10/– |
| 21. | ਅਬਿਨਾਸੀ ਜੋਤ ਭਾਗ – 1 | | 90/– |
| 22. | ਅਬਿਨਾਸੀ ਜੋਤ ਭਾਗ – 2 | 90/– | |
| 23. | ਪੰਚ ਪਰਵਾਣ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 24. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/– | |
| 25. | ਗੁਰੂ ਅਮਰਦਾਸ ਪਰਸੀਐ | 100/– | |
| 26. | ਅਨੰਦਮਈ ਜੀਵਨ ਜਾਚ | | |
| 27. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/– | |
| 28. | ਅਨੁਭਵੀ ਪ੍ਰਵਚਨ | 300/– | |
| 29. | ਅੰਦਰਲੀ ਖੋਜ | 300/– | |
| 30. | ਸਿਮਰਤ ਕਹਾਂ ਨਹੀਂ | 300/– | |
| 31. | ਰੂਹਾਨੀ ਪ੍ਰਵਚਨ | 35/– | |
| 32. | 'ਸੇਵਾ ਸਿਮਰਨ ਜੁਗਤੀਆਂ | 250/– | |
| 33. | 'ਮਾਨੁਖ ਤਨ ਦਾ ਪ੍ਰਯੋਜਨ' | 300/– | |
| 34. | ਜੀਵਨ ਜੁਗਤਿ | 440/– | |
| 35. | ਮਾਰਗ ਚੋਣ | 60/– | |
| 36. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/– | |
| 37. | ਆਤਮ ਗਿਆਨ ਭਾਗ – 1 | 120/– | |
| 38. | ਜਨਮ ਪਦਾਰਥੁ ਸਫਲੁ ਹੋਇ | 120/– | |
| 39. | ਜਨ ਪਰਉਪਕਾਰੀ ਆਏ (ਭਾਗ –1) | 65/– | |
| 40. | ਜਨ ਪਰਉਪਕਾਰੀ ਆਏ (ਭਾਗ –2) | 65/– | |
| 41. | ਗੁਰ ਅੰਗਦ ਅਮਰ ਨਿਧਾਨ | 10/– | |
| 42. | ਕਲਜੁਗਿ ਜਹਾਜ ਅਰਜੁਨ ਗੁਰ | 100/– | |

| | ਪੁਸਤਕ ਦਾ ਨਾਮ | ਪੰਜਾਬੀ |
|---|---|---|
| 43. | ਧਰਮ ਹੇਤਿ ਸਾਕਾ | 20/– |
| 44. | ਮੰਝ ਗੁਰੂ ਕਾ ਬੋਹਿਥਾ | 30/– |
| 45. | ਜਾ ਕੈ ਮਨਿ ਗੁਰ ਕੀ ਪਰਤੀਤ | 30/– |
| 46. | ਗੁਰੂ ਗ੍ਰੰਥ ਜੀ ਮਾਨਿਉ | 10/– |
